however, the ship reached Singapore. Unfortunately for Mangu Ram, here he was recognized by some traitor Indians who had earlier worked for the Ghadar Party. They informed the Police. By now, for running away from Batavia, death warrants had been issued by the British Government to be executed wherever any one of them was found. Accordingly, the Singapore Police began preparing for his execution. Then a miracle happened. Just half an hour before his execution, a gentleman named Barde, whom Mangu Ram had never seen or met, came, caught him by the arm, took him out of the Thana, and putting him on the same ship in which Mangu Ram had come, he asked the Caption of the ship to sail for Manila. By the time the Police swung into action, the ship had crossed the Singapore Port Limits. Having failed to intercept the ship, the police caught hold of some drunkard; executed him to cover up their lapse, and announced that Mangu Ram had been executed. This news was later published in the Indian Newspapers.

For the next 7-8 years, Mangu Ram hid in the Philippines, and during this period he had no contact with his family as no letters could be written for fear of being intercepted. Taking him, therefore, as dead, his wife married Mangu Ram's elder brother, who was a widower. The validity of the death warrant issued by the British Government lapsed in 1924. Then Mangu Ram thought of returning to India. Accordingly, he came back to Punjab in 1925. Soon thereafter, Mangoo Ram became involved in another kind of freedom struggle, the liberation of the untouchables, the people among whom he was born, and the people who were meekly suffering the atrocities of the Hindus. Babu Mangu Ram's association with the Ghadar Party had broadened his outlook, and sharpened his skills as an organizer. Soon he found a band of like-minded young men involved in the social work, and began organizing them in order to liberate the downtrodden from the clutches of the Hindu social slavery.

Encouraged by the response to his ideas, Babu Mangu Ram convened a Conference at his village Mugowal in district Hoshiarpur on 11-12 June, 1926. Addressing the largely attended Conference, Babu Mangu Ram proclaimed that the Untouchables constituted a separate Qaum, a religious community like the Muslims, Sikhs and Hindus, and those they were the original inhabitants of this country. Hence, the movement was named as Ad Dharm; and its leaders devised distinctive costume, bright red turbans and shashes; coined a new sacred mantra or symbol, "Sohang" and exhorted the people to call themselves as Ad Dharmis.

The primary object of the Ad Dharm was to give the untouchables an alternative religion. Its another object was to reform the society from within. As social movement, the Ad Dharm exhorted the people to abstain from immoral practices; to lead a life of purity and piety; to discard the use of alcohol, drugs, give education to boys and girls, and to treat all men and women equal in the society. On the whole, the movement was aimed at giving the untouchables a sense of pride and dignity as members of the Ad Dharm.

The headquarters of Ad Dharm Mandal were established in Jalandhar city from where the movement was organized in a systematic manner, and the devoted missionaries spread the message far and wide in the Punjab, and even beyond. Since the Mandal had accepted Sahib Shri Guru Ravidass Ji as its spiritual leader, the movement became primarily popular amongst the Chamars, and they readily adopted the nomenclature of Ad Dharmi.

At the time, Babu Mangu Ram was organizing the untouchables of the Punjab under the banner of Ad Dharm; Dr. Ambedkar was fighting a similar battle in another part of the country. Though they were thousands of miles apart, yet their ideas and methods of struggle were almost identical. Both believed that the present day Scheduled Castes are not Hindus, and that their salvation lies only in being independent of the Hindu religion. Both believed in self-help and advocated peaceful means to achieve their goal. Both laid the greatest emphasis on 'education'. Babasaheb considered "education" the key to all progress, and Mangu Ram says that only "education can lead us to Sachkhand (the realm of truth)." Again, Babasaheb exhorted the people to follow the Three Commandments of 'Education, Agitation and Organization' to gain power. According to Mangu Ram, the poor have three kinds of power: "Qaumiat (collective solidarity), Mazhab (spirituality) and Majlis (organization)".

Within a year of its founding, the Ad Dharm movement created quite a stir in the Punjab by constant rallies and conferences, it forced the Government of the day to take notice of the problems of the untouchables. One of the reasons of the poverty and exploitation of the untouchables was the pernicious system of beggar, the system under which they were forced to live at the beck and call of others and were obliged to do a great deal of work without any remuneration whatsoever. The Ad Dharm Mandal agitated against the system of beggar, and demanded its abolition. The Mandal also agitatedfor repealing the Punjab Land Alienation Act which prohibited the untouchables from buying even a small piece of land. The Ad Dharm movement reached its peak at the time of 1931 Census. As a result of their sustained propaganda, more than half a million untouchables declared themselves as Ad Dharmis. This showed the organizational skill of its leaders. "The massive support", as says Mark Jueregensmeyer,"created political capital, and Mangu Ram used that capital in political ways. Ad Dharmi candidates stood for public offices and an alliance was created with the Unionist Party. In both instances, scheduled caste leaders supported by the Ad Dharm organization achieved public positions".

Courtesy: Dr. Ambedkar and Punjab by D. C. Ahir

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938

ਹਫਤਾਵਾਰੀ

ਦੇਸ਼ ਦੁਆਬਾ

VOL - 9 ISSUE - 24

September 23, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

ਬਾਬਾ ਗੁਰੂ ਨਾਨਕ ਸਾਹਿਬ ਜੀ ਦਾ 481ਵਾਂ ਜੋਤੀ ਜੋਤ ਗੁਰਪੁਰਬ 22 ਸਤੰਬਰ 2020 ਨੂੰ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਚ ਸ਼ਰਧਾ ਨਾਲ ਮਨਾਇਆ ਗਿਆ।

(ਬਾਬਰ ਜਲੰਧਰੀ ਦੀ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12 'ਤੇ)

ਪੰਜਾਬ-ਹਰਿਆਣਾ ਸਮੇਤ ਭਾਰਤ ਦੇ ਕਈ ਰਾਜਾਂ ਵਿਚ ਖੇਤੀਬਾੜੀ ਬਿਲਾਂ ਦਾ ਜੋਰਦਾਰ ਵਿਰੋਧ ਜਾਰੀ

ਨਵੀਂ ਦਿੱਲੀ (ਬਿਊਰੋ)– ਖੇਤੀ ਬਿੱਲਾਂ ਖ਼ਿਲਾਫ਼ ਕਿਸਾਨ ਯੂਨੀਅਨਾਂ ਵਲੋਂ 25 ਸਤੰਬਰ ਨੂੰ ਦਿੱਤੇ ਪੰਜਾਬ ਬੰਦ ਦੇ ਸੱਦੇ ਦਾ ਕਈ ਸਾਰੀਆਂ ਵਿਰੋਧੀ ਪਾਰਟੀਆਂ ਅਤੇ ਗਰੁੱਪਾਂ ਵਲੋਂ ਸਮਰਥਨ ਕੀਤਾ ਗਿਆ ਹੈ। ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਲੰਬੀ ਚੁੱਪ ਤੋਂ ਬਾਅਦ ਮੁੜ ਸਰਗਰਮ ਹੋ ਗਏ ਹਨ। ਖੇਤੀਬਾੜੀ ਬਿੱਲਾਂ ਖ਼ਿਲਾਫ਼ ਟਵਿੱਟਰ 'ਤੇ ਕਿਸਾਨਾਂ ਦਾ ਸਾਥ ਦੇਣ ਦਾ ਐਲਾਨ ਕਰਨ ਤੋਂ ਬਾਅਦ ਅੱਜ ਸਿੱਧੂ ਨੇ ਅੰਮਿ- ਤਸਰ 'ਚ ਪੋਸਟਰ ਦਿਖਾ ਕੇ ਬਿੱਲਾਂ ਦਾ ਵਿਰੋਧ ਕੀਤਾ। ਸਿੱਧੂ ਤੇ ਉਨ੍ਹਾਂ ਦੇ ਸਮਰਥਕਾਂ ਨੇ ਅੰਮ੍ਰਿਤਸਰ ਦੇ ਹਾਲ ਗੇਟ ਵਿਖੇ ਧਰਨਾ ਲਗਾਇਆ। ਉਹ ਰੋਸ ਮਾਰਚ ਕਰਦਿਆਂ ਭੰਡਾਰੀ ਪੁਲ ਤੋਂ ਹਾਲ ਗੇਟ ਪਹੁੰਚੇ। ਸਿੱਧੂ ਨੇ ਕਿਹਾ, 'ਕਿਸਾਨ ਸਾਡੀ ਪੱਗ ਹਨ ਤੇ ਇਨ੍ਹਾਂ ਨਾਲ ਹੀ ਸਾਡਾ ਵਜੂਦ ਹੈ। ਕੇਂਦਰ ਸਰਕਾਰ ਨੇ ਸਾਡੀ ਪੱਗ ਨੂੰ ਹੱਥ ਪਾਇਆ ਹੈ ਜਿਸ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਜਿਸ ਦਾ ਜਵਾਬ ਦੇਣਾ ਪਵੇਗਾ।' ਖੇਤੀਬਾੜੀ ਬਿੱਲਾਂ ਨੂੰ ਲੈ ਕੇ ਸੰਸਦ 'ਚ ਹੋਏ ਹੰਗਾਮੇ ਤੋਂ ਬਾਅਦ ਵਿਰੋਧੀ ਪੱਖ ਅੱਜ ਰਾਸ਼ਟਰਪਤੀ ਰਾਮਨਾਥ ਕੋਵਿੰਦ ਨਾਲ ਮਿਲਿਆ। ਵਿਰੋਧੀ ਪਾਰਟੀ ਨੇ ਰਾਜ ਸਭਾ ਸੈਸ਼ਨ ਦਾ ਬਾਇਕਾਟ ਕੀਤਾ ਸੀ। ਵਰਣਨਯੋਗ ਕਿ ਜਿਨ੍ਹਾਂ ਵਿਰੋਧੀ ਪਾਰਟੀਆਂ ਨੇ ਰਾਜ ਸਭਾ ਸੈਸ਼ਨ ਦਾ ਬਾਈਕਾਟ ਕੀਤਾ ਸੀ। ਉਨ੍ਹਾਂ ਨੇ ਸਦਨ 'ਚ ਗੁਲਾਮ ਨਬੀ ਆਜ਼ਾਦ ਦੇ ਸਮਾਗਮ 'ਚ ਇਕ ਬੈਠਕ ਕੀਤੀ ਹੈ। ਪਾਸ ਹੋਏ ਖੇਤੀਬਾੜੀ ਬਿੱਲ ਨੂੰ ਲੈ ਕੇ ਅੱਗੇ ਦੀ ਰਣਨੀਤੀ 'ਤੇ ਚਰਚਾ ਕੀਤੀ ਗਈ ਤੇ ਇਹ ਤੈਅ ਕੀਤਾ ਗਿਆ ਕਿ ਇਸ ਮੁੱਦੇ 'ਤੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ ਜਾਵੇਗੀ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਇਸ ਮੁਲਾਕਾਤ ਰਾਹੀਂ ਵਿਰੋਧੀ ਪਾਰਟੀ ਰਾਸ਼ਟਰਪਤੀ ਕੋਵਿੰਦ ਤੋਂ ਮੰਗ ਕਰ ਸਕਦੇ ਹਨ ਕਿ ਉਹ ਇਸ ਬਿੱਲ ਨੂੰ ਮਨਜ਼ੂਰੀ ਨਾ ਦੇਣ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਗੁਲਾਮ ਨਬੀ ਆਜਾਦ ਨੇ ਦੱਸਿਆ ਕਿ ਉਨ੍ਹਾਂ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਕਿਸਾਨੀ ਬਿੱਲ ਨੂੰ ਲੈ ਕੇ ਚਿੱਠੀ ਵੀ ਲਿਖੀ ਹੈ। ਉਨ੍ਹਾਂ ਲਿਖਿਆ ਕਿ ਜੋ ਬਿੱਲ ਪਾਸ ਕੀਤਾ ਗਿਆ ਹੈ ਉਨ੍ਹਾਂ 'ਚ ਪ੍ਰਕਿਰਿਆਵਾਂ ਦਾ ਆਯੋਜਨ ਨਹੀਂ ਕੀਤਾ ਗਿਆ ਹੈ। ਇਸਲਈ ਉਹ ਇਸਲਈ ਮਨਜ਼ੂਰੀ ਨਾ ਦੇਣ।

ਇਸ ਤੋਂ ਪਹਿਲਾਂ ਇਹ ਫ਼ੈਸਲਾ ਲਿਆ ਗਿਆ ਸੀ ਕਿ ਕੋਰੋਨਾ ਵਾਇਰਸ ਮਹਾਮਾਰੀ ਕਾਰਨ, ਵਿਰੋਧੀ ਪਾਰਟੀਆਂ ਸਿਰਫ਼ ਪੰਜ ਨੁਮਾਇੰਦਗੀ- ਕਾਂਗਰਸ, ਠੰਛ, 'ਫ, ਨੂੰ ਤੇ ਧੰਖ- ਸੰਸਦ 'ਚ ਆਪਣੀ ਗਿਣਤੀ ਦੇ ਆਧਾਰ 'ਤੇ ਬੈਠਕ 'ਚ ਹਿੱਸਾ ਲੈਣਗੇ। ਰਾਜ ਸਭਾ 'ਚ ਕੁੱਲ 25 ਬਿੱਲ ਪੇਸ਼ ਕੀਤੇ ਗਏ। ਇਸ 'ਚ ਖੇਤੀਬਾੜੀ ਨਾਲ ਸਬੰਧਿਤ ਤਿੰਨ ਤੇ ਕਿਰਤ ਸੁਧਾਰ ਨਾਲ ਜੁੜੇ ਤਿੰਨ ਬਿੱਲ ਸ਼ਾਮਲ ਹਨ।



ਮਹਾਨ ਸ਼ਹੀਦੇ ਆਜਮ ਭਗਤ ਸਿੰਘ ਜੀ ਦੇ ਜਨਮ ਦਿਨ (28 ਸਤੰਬਰ) 'ਤੇ ਉਹਨਾਂ ਦੀ ਮਹਾਨ ਕੁਰਬਾਨੀ ਨੂੰ ਯਾਦ ਕਰਦਿਅ ਅਦਾਰਾ 'ਦੇਸ਼ ਦੁਆਬਾ' ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ। (ਹੋਰ ਜਾਣਕਾਰੀ ਲਈ ਕੁਲਦੀਪ ਸਿੰਘ ਨੰਗਲ ਦਾ ਲੇਖ ਦੇਖੋ ਸਫਾ 24)

2 ਲੱਖ ਲੋਕਾਂ ਦਾ ਕੋਰੋਨਾ ਨਾਲ ਮਰ ਜਾਣਾ ਸ਼ਰਮ ਵਾਲੀ ਗੱਲ-ਡੋਨਾਲਡ ਟਰੰਪ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–ਕੋਰੋਨਾ ਵਾਇਰਸ ਨਾਲ 2 ਲੱਖ ਤੋਂ ਵਧ ਅਮਰੀਕੀਆਂ ਦੇ ਮਰ ਜਾਣ ਉਪਰ ਪਹਿਲੀ ਵਾਰ ਟਿਪਣੀ ਕਰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਏਨੀਆਂ ਮੌਤਾਂ ਹੋਣੀਆਂ ਸ਼ਰਮਨਾਕ ਹੈ। ਉਨਾਂ ਏਨੀ ਤਾਦਾਦ ਵਿਚ ਕੋਰੋਨਾ ਨਾਲ ਹੋਈਆਂ ਮੌਤਾਂ 'ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਇਹ ਸ਼ਰਮ ਵਾਲੀ ਗੱਲ ਹੈ। ਪੈਨਸਿਲਵਾਨੀਆ ਲਈ ਰੈਲੀ ਨੂੰ ਸੰਬੋਧਨ ਕਰਨ ਲਈ ਜਾਣ ਤੋਂ ਪਹਿਲਾਂ ਉਨਾਂ ਨੇ ਵਾਈਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਬਹੁਤ ਭਿਆਨਕ ਵਰਤਾਰਾ ਹੈ। ਮੁੜ ਕੇ ਅਜਿਹਾ ਕਦੀ ਨਹੀਂ ਵਾਪਰਨਾ ਚਾਹੀਦਾ। ਬਾਅਦ ਵਿਚ ਪੈਨਸਿਲਵਾਨੀਆ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਉਸ ਦੇ ਪ੍ਰਸ਼ਾਸਨ ਨੇ ਕੋਰੋਨਾ ਮਹਾਮਾਰੀ ਨਾਲ ਨਜਿੱਠਣ ਲਈ ਬਹੁਤ ਵਧੀਆ ਕੰਮ ਕੀਤਾ ਹੈ। ਰਾਸ਼ਟਰਪਤੀ ਨੇ ਚੀਨ ਉਪਰ ਦੋਸ਼ ਲਾਇਆ ਕਿ ਉਸ ਨੇ ਕੋਰੋਨਾ ਨੂੰ ਮਹਾਮਾਰੀ ਬਣਨ ਦਿੱਤਾ। ਉਹ ਇਸ ਨੂੰ ਉਥੇ ਹੀ ਰੋਕ ਸਕਦਾ ਸੀ। ਉਨਾਂ ਨੇ ਵਾਅਦਾ ਕੀਤਾ ਕਿ ਅਮਰੀਕੀਆਂ ਲਈ ਵੱਡੀ ਪੱਧਰ ਉਪਰ ਕੋਰੋਨਾ ਵੈਕਸੀਨ ਛੇਤੀ ਉਪਲਬੱਧ ਹੋ ਜਾਵੇਗੀ। ਰਾਸ਼ਟਰਪਤੀ ਨੇ ਰਾਜ ਦੇ ਅਧਿਕਾਰੀਆਂ ਵੱਲੋਂ ਸਮਾਜਿਕ ਦੂਰੀ ਬਣਾ ਕੇ ਰੱਖਣ ਤੇ ਮਾਸਕ ਜਰੂਰੀ ਪਾਉਣ ਦੀ ਅਲੋਚਨਾ ਕਰਦਿਆਂ ਕਿਹਾ ਕਿ ''ਤੁਸੀਂ ਇਕ ਦੂਸਰੇ ਨੂੰ ਮਿਲ ਨਹੀਂ ਸਕਦੇ, ਇਕ ਦੂਸਰੇ ਵੱਲ ਵੇਖ ਨਹੀਂ ਸਕਦੇ। ਆਪਣੀ ਪਤਨੀ ਨੂੰ ਸੌਣ ਲੱਗਿਆਂ ਚੁੰਮਣ ਤੱਕ ਨਹੀਂ ਦੇ ਸਕਦੇ। ਤੁਸੀਂ ਕੁੱਝ ਨਹੀਂ ਕਰ ਸਕਦੇ।''

Indian Grill

Indiangrillsanleandro.com

Pal343@ yahoo.com

510-878-2704, 510-332-1074 Mobile

Open 7 days a week

Lunch Buffet : 11:00 AM - 2:30 PM

Fine Dining: 4.30 PM - 9"30 PM

We do Outdoor & Indoor Catering for all your Events

1600 Washington Ave. San Leandro.CA 94577

GINNY WALIA
Law Offices. Inc
Ginny H. K. Walia

Experienced Jury Trial Lawyer
Featured as a legal analyst on Fox News, MSNBC and Kron 4

FAMILY LAW, CRIMINAL DEFENSE AND CIVIL LITIGATION

Tel: (408) 724-9200
Fax: (408) 724-9202
Toll Free: 1 (800) 379-9330

ginny@walialawfirm.com
www.walialawfirm.com

BAGGA JEWELERS

916-912-8842, 916-329-8772

SINCE 1996

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga

6930 65TH STREET # 115 SACRAMENTO CA 95823

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

RAMESH SUMAN
Broker Realtor
RCS-D ™

www.majestichomes.us ramesh@rameshsuman.com

P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

ਸੋਹੰ

SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

DHAN DHAN SRI GURU RAVIDASS JI

Bole' So Nirbhay! Guru Ravidass Maharaj Ki Jai!

Guru- Piari Sadh Sangat Ji,

Sri Guru Ravidass Temple Pittsburg- Committee has decided to open the Gurudwara Sahib on Sundays, from 10:00 AM to 1:00 PM, starting September 6, 2020. Kitchen and Langar hall will remain closed until the conditions improve. Sangat is requested to follow Contra Costa County's COVID-19 health and safety guidelines. Everyone must wear a face mask and wash hands before entering Darbar Hall and maintain 6 feet distance from others to avoid the spread of CORONA Virus. If you are not feeling well, please pray at home but do not come to Gurughar as a precaution.

Committee is taking applications for new SEWADARS (board members) applications were sent to members last month. However, the election date has been postponed due to CORONA Virus. Sangat will be notified once the election date is re-scheduled.

Gurughar members are requested to renew their membership by paying their annual renewal fee. Your donations are greatly appreciated.

For any special needs, please contact the managing committee. We pray to Waheguru ji for the safety and good health of the entire Sangat.

"NANAK NAM CHARDI KALA TERE BHANE SARBAT DA BHALA"

Chairman	President	Sangat De Sewadar	General Secretary	Treasurer
Jagtar Bhatia	Shinder Paul Narabut		Dharam Pal Chonkria	Vinod Kumar

ਨਿੱਕ ਸਹੋਤਾ ਵੱਲੋਂ ਸਿਲਮਾ ਸਕੂਲ ਬੋਰਡ ਦੀ ਚੋਣ ਲਈ ਵੋਟਰਾਂ ਨੂੰ ਅਪੀਲ

ਫਰਿਜ਼ਨੋ (ਕੈਲੀਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ– ਅਮਰੀਕਾ ਵਿੱਚ ਤਿੰਨ ਨਵੰਬਰ ਨੂੰ ਵੋਟਾਂ ਪੈਣ ਜਾ ਰਹੀਆ ਹਨ।ਇਹਨਾਂ ਚੋਣਾਂ ਦੌਰਾਨ ਵੱਖੋ ਵੱਖ ਅਸਾਮੀਆਂ ਲਈ ਪੰਜਾਬੀ ਉਮੀਦਵਾਰ ਵੀ ਆਪੋ ਆਪਣੀ ਕਿਸਮਤ ਅਜ਼ਮਾ ਰਹੇ ਹਨ। ਇਸੇ ਕੜੀਤਹਿਤ ਫਰਿਜ਼ਨੋ ਦੇ ਲਾਗਲੇ ਸ਼ਹਿਰ ਸਿਲਮਾ ਤੋਂ ਇੰਜੀਨੀਅਰ ਨਰਿੰਦਰ ਸਿੰਘ ਸਹੋਤਾ (ਨਿੱਕ ਸਹੋਤਾ) ਵੀ ਸਿਲਮਾ ਸਕੂਲ ਬੋਰਡਏਰੀਆ 2 ਲਈ ਟਰੱਸਟੀ ਦੀ ਚੋਣ ਲੜ ਰਹੇ ਹਨ। ਕੋਵਿੱਡ 19 ਦੇ ਚੱਲਦਿਆਂ ਪਿਛਲੇ ਦਿਨੀ ਸਿਲਮਾ ਵਿਖੇ ਆਪਣੇ ਦਫਤਰ ਵਿੱਚਉਹਨਾਂ ਗਿਣਤੀ ਦੇ ਆਪਣੇ ਸਪੋਰਟਰਾਂ ਨਾਲ ਮੀਟਿੰਗ ਕੀਤੀ ਅਤੇ ਮੀਡੀਏ ਜ਼ਰੀਏ ਪੰਜਾਬੀ ਭਾਈਚਾਰੇ ਨੂੰ ਵੋਟਾਂ ਵਿੱਚ ਉਹਨਾਂ ਦੀਮੱਦਦ ਕਰਨ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਸਕੂਲ ਬੋਰਡ ਵਿੱਚ ਬਹੁਤ ਕੁਝ ਐਸਾ ਹੈ,ਜਿਸਨੂੰ ਠੀਕ ਕਰਨ ਦੀ ਜ਼ਰੂਰਤ ਹੈ।ਉਹਨਾਂ ਕਿਹਾ ਕਿ ਸਭ ਤੋ ਪਹਿਲਾ ਮੇਰੀ ਕੋਸ਼ਿਸ਼ ਹੋਵੇਗੀ ਕਿ ਸਕੂਲ ਬੋਰਡ ਲਈ ਬਰਾਬਰ ਫੰਡ ਮਿਲਣ, ਬੇਰੁਜ਼ਗਾਰ ਅਧਿਆਪਕਾਂ ਨੂੰਕੰਮ ਤੇ ਰੱਖਿਆ ਜਾਵੇ, ਬੱਚਿਆ ਨੂੰ ਕੋਵਿੱਡ ਕਰਕੇ ਇੰਟਰਨੈਂਟ ਦੀ ਮੁਸ਼ਕਲ ਨਾ ਆਵੇ, ਅਤੇ ਨਾਲੇ ਉਹਨਾਂ ਕਿਹਾ ਕਿ ਮੈ ਪਹਿਲ ਦੇਅਧਾਰ ਤੇ ਸਿਲਮਾ ਸਕੂਲ ਬੋਰਡ ਦੇ ਸਕੂਲਾਂ ਵਿੱਚ ਪੰਜਾਬੀ ਕਲਾਸ ਸ਼ੁਰੂ ਕਰਵਾਉਣ ਲਈ ਸਿਰਤੋੜ ਯਤਨ ਕਰਾਂਗਾ 'ਤਾਂ ਕਿ ਸਾਡੀਨਵੀਂ ਪੀੜੀ ਨੂੰ ਪੰਜਾਬੀਅਤ ਨਾਲ ਜੋੜਿਆ ਜਾ ਸਕੇ। ਉਹਨਾਂ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੈ ਪਿਛਲੇ ਤੀਹ ਸਾਲ ਤੋਂਫਰਿਜ਼ਨੋ ਏਰੀਏ ਵਿੱਚ ਰਹਿ ਰਿਹਾ ਹਾਂ ਅਤੇ ਵੱਖੋ ਵੱਖ ਕਲੱਬਾਂ ਅਤੇ ਸੰਸਥਾਵਾਂ ਜ਼ਰੀਏ ਕਮਿਊਨਟੀ ਦੀ ਸੇਵਾ ਕਰ ਰਿਹਾ ਹਾਂ। ਉਹਨਾਂਕਿਹਾ ਕਿ ਮੈ ਰੋਟਰੀ ਕਲੱਬ ਦਾ ਸਾਬਕਾ ਪ੍ਰਧਾਨ ਵੀ ਰਿਹਾ ਹਾਂ ਅਤੇ ਓਦੋਂ ਤੋਂ ਹੀ ਅਸੀਂ ਸਿਲਮਾ ਸਕੂਲ ਬੋਰਡ ਦੇ ਬੱਚਿਆ ਦੀਮੱਦਦ ਕਰਦੇ ਆ ਰਹੇ ਹਾਂ। ਉਹਨਾ ਦੱਸਿਆ ਕਿ ਉਹ ਤਕਰੀਬਨ ਤੇਰਾਂ ਸਾਲ ਦੀ ਉਮਰ ਵਿੱਚ ਅਮਰੀਕਾ ਆਇਆ ਸੀ, ਇੱਥੇਆਣਕੇ ਫਰਿਜ਼ਨੋ ਏਰੀਏ ਤੋਂ ਸਕੂਲਿੰਗ ਕੀਤੀ 'ਤੇ ਉਸ ਸਮੇਂ ਮੇਰੇ ਜੂੜਾ ਰੱਖਿਆ ਹੁੰਦਾ ਸੀ 'ਤੇ ਸਕੂਲ ਵਿੱਚ ਬਹੁਤ ਵਾਰੀ ਬੂਲਿੰਗਦਾ ਸ਼ਿਕਾਰ ਵੀ ਹੋਣਾ ਪਿਆ। ਉਹਨਾਂ ਕਿਹਾ ਕਿ ਹੋਰ ਕਿਸੇ ਸਟੂ–ਡਿੰਟ ਨੂੰ ਮੇਰੇ ਵਰਗੇ ਹਲਾਤਾਂ ਵਿੱਚੋਂ ਨਾ ਲੰਘਣਾ ਪਵੇ ਇਸ ਕਰਕੇ ਮੈਸਕੂਲ ਬੋਰਡ ਦੇ ਟਰੱਸਟੀ ਦੀ ਚੋਣ ਲੜ ਰਿਹਾ ਹਾਂ ਅਤੇ ਮੈਨੂੰ ਉਮੀਦ ਹੈ ਕਿ ਕਮਿਊਨਟੀ ਮੈਨੂੰ ਆਪਣੀ ਅਵਾਜ਼ ਦੇ ਤੌਰ ਤੇ ਜ਼ਰੂਰਚੁਣਕੇ ਭੇਜੇਗੀ ਅਤੇ ਅਗਰ ਕਿਸੇ ਨੂੰ ਕੋਈ ਸ਼ੰਕਾ ਹੋਵੇ ਉਹ ਮੇਰੀ ਪ੍ਰੋਫਾਇਲ ੜੌਠਓ4ਉ੍ਠਓ.ਚੋਮ ਤੇ ਜਾਕੇ ਨਵਿੱਰਤ ਕਰਸਕਦਾ ਹੈ।

ਰਿਵਰਸਾਈਡ ਨਿਵਾਸੀ ਸਿੱਧੂ ਪਰਿਵਾਰ ਨੂੰ ਸਦਮਾ

ਰਿਵਰਸਾਈਡ (ਕੈਲੀਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ – ਲਾਸ–ਏਜਲਸ ਦੇ ਨੇੜਲੇ ਸ਼ਹਿਰ

ਰਿਵਰਸਾਈਡਨਿਵਾਸੀ ਬਲਜੀਤ ਸਿੰਘ ਸਿੱਧੂਅਤੇ ਬਲਰਾਜ ਕੌਰ ਸਿੱਧੂ (ਬਾਲੀ) ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਪਹੁੰਚਿਆ ਜਦੋਂ ਉਹਨਾਂ ਦੀ 17 ਸਾਲ ਦੀ ਪਿਆਰੀ ਬੱਚੀ ਅਮਨੀਤ ਕੌਰਸਿੱਧੂ ਬੇਵਕਤ ਇਸ ਫ਼ਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਈ। ਸਵ. ਅਮਨੀਤ ਬਾਸਕਟਬਾਲ ਦੀ ਚੰਗੀ ਖਿਡਾਰਨ ਸੀ ਅਤੇ ਉਸਦਾ ਸੁਪਨਾ ਸੀਕਿ ਉਹ ਅਮਰੀਕਾ ਦੀ ਕਿਸੇ ਨੈਸ਼ਨਲ ਟੀਮ ਲਈ ਖੇਡੇ ਅਤੇ ਅਮਰੀਕਨ ਫੌਜ ਵਿੱਚ ਭਰਤੀ ਹੋਵੇ। ਲਾਕਡਾਊਨ ਦੇ ਚੱਲਦਿਆਂ ਗੇਮਾਂ ਬੰਦ ਸਨ, ਸਕੂਲ ਬੰਦਸਨ। ਇਸੇ ਦੌਰਾਨ ਉਸਦੇ ਕੋਚ ਦੀ ਮੌਤ ਹੋ ਗਈ, ਥੋੜੀ ਦੇਰ ਬਾਅਦ ਕੋਚ ਦੀ ਪਤਨੀ ਵੀ ਅਕਾਲ ਚਲਾਣਾ ਕਰ ਗਈ। ਇੱਕ ਮਾਮੂਲੀ ਸਕੂਲ ਦੇ ਟੈਸਟ ਵਿੱਚੋਂਫ਼ੇਲ੍ਹ ਹੋ ਗਈ। ਮਾੜੀ ਕਿਸਮਤ ਬੱਸ ਡਪਰੈਂਸ਼ਨ ਨੇ ਘੇਰ ਲਈ, ਅਤੇ ਕੁਝ ਦਿਨ ਥੋੜੀ ਚੁੱਪ ਚਾਪ ਰਹਿਣ ਉਪਰੰਤ ਮੌਤ ਨੂੰ ਗਲ੍ਹੇ ਲਗਾ ਗਈ। ਡਪਰੈਂਸ਼ਨ ਬੜੀਭੈੜੀ ਬਿਮਾਰੀ ਹੈ। ਅਗਰ ਬੱਚੇ ਸੁੰਨ–ਮੁੰਨ, ਚੁੱਪ ਚਾਪ ਰਹਿਣ ਤਾਂ ਉਹਨਾਂ ਨਾਲ ਗੱਲ ਕਰੋ। ਡਪਰੈਂਸ਼ਨ ਬਹੁਤ ਸਾਰੀਆਂ ਕੀਮਤੀ ਜਾਨਾਂ ਖਾ ਰਿਹਾ ਹੈ। ਬੱਚਿਆਂਨੂੰ ਇਸ ਤੋਂ ਜਾਗੁਰਕ ਕਰੋ। ਵਾਹਿਗੁਰੂ ਸਭਨੂੰ ਸਮੱਤ ਬਖ਼ਸ਼ੇ ਤੇ ਅਮਨੀਤ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ।

ਮੈਨਟੀਕਾ ਨਿਵਾਸੀ ਜਗਰੂਪ ਸਿੰਘ ਦੇਹਲ ਦਾ ਕਰੋਨਾਂ ਦੀ ਲਪੇਟ ਵਿੱਚ ਆਉਣ ਕਾਰਨ ਦਿਹਾਂਤ

ਮੈਨਟੀਕਾ (ਕੈਲੀਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ– ਮੈਨਟੀਕਾ ਨਿਵਾਸੀ ਦੇਹਲ ਪਰਿਵਾਰ ਨੂੰ ਪਿਛਲੇ ਦਿਨੀਂ ਉਸ ਵਕਤ ਗਹਿਰਾ ਸਦਮਾਲੱਗਾ ਜਦੋਂ ਪਰਿਵਾਰ ਦਾ ਮੋਢੀ ਜਗਰੂਪ ਸਿੰਘ ਦੇਹਲ 49 ਸਾਲ ਦੀ ਉਮਰੇ ਕੋਵਿੱਡ 19 ਨਾਲ ਜੂਝਦਿਆਂ ਪਿਛਲੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀਕਰਦਿਆਂ ਗੁਰੂ ਮਹਾਰਾਜ ਦੇ ਚਰਨਾ ਵਿੱਚ ਜਾ ਬਿਰਾਜ਼ਿਆ। ਜਗਰੂਪ ਸਿੰਘ ਦੇਹਲ ਦਾ ਜਨਮ ਫ਼ਰਵਰੀ 1971 ਵਿੱਚ ਪੰਜਾਬ ਦੇ ਪਿੰਡ ਪਾਸਲਾ ਜਿਲਾ ਜਲੰਧਰ ਵਿੱਚ ਸਵਰਗਵਾਸੀ ਸਰਦਾਰ ਸੋਹਣ ਸਿੰਘ ਅਤੇ ਮਾਤਾ ਗੁਰਮੀਤ ਕੌਰ ਦੇ ਘਰ ਹੋਇਆ ਜਗਰੂਪ ਸਿੰਘ ਦੋ ਭੈਣਾਂ ਸਰਬਜੀਤਕੌਰ ਤੇ ਕਮਲਜੀਤ ਕੌਰ ਦਾ ਇੱਕਲੌਤਾ ਭਾਈ ਸੀ । ਜਗਰੂਪ ਸਿੰਘ ਦੇਹਲ ਲੱਗਭੱਗ 21 ਸਾਲ ਦੀ ਉੱਮਰ ਵਿੱਚ ਆਪਣੇ ਅਤੇ ਪਰਿਵਾਰ ਦੇ ਉੱਜਲੇ ਭਵਿੱਖਦੀ ਆਸ ਨਾਲ 1992 ਵਿੱਚ ਅਮਰੀਕਾ ਆਇਆ ਸੀ, ਅਤੇ ਇੱਥੇ ਕੈਲੀਫੋਰਨੀਆ ਦੇ ਬੇਏਰੀਏ ਵਿੱਚ ਟੈਕਸੀ ਚਲਾਉਣੀ ਸ਼ੁਰੂ ਕੀਤੀ। ਅਤੇ ਢਾਡੀ ਜੰਗੀਰ ਸਿੰਘ ਮਸਤ ਨਾਲ ਸੰਗਤ ਕਰਨ ਦਾ ਮੌਕਾ ਮਿਲਿਆ 'ਤੇ ਅੰਮ੍ਰਿਤਧਾਰੀ ਹੋ ਗਿਆ। ਇਸੇ ਦੌਰਾਨ ਉਸਦਾ ਦਾ ਮੇਲ ਸ. ਸੁਖਮਿੰਦਰ ਸਿੰਘ ਮਾਂਗਟ ਹੋਰਾਂ ਨਾਲਹੋਇਆ ਅਤੇ 1995 ਵਿੱਚ ਕਮਰਸ਼ੀਅਲ ਲਾਈਸੰਸ ਲੈਕੇ ਟਰੱਕ ਚਲਾਉਣਾ ਸ਼ੁਰੂ ਕੀਤਾ ਤੇ ਲਗਾਤਾਰ ਹੁਣ ਤੱਕ ਟਰੱਕ ਬਿਜਨਸ ਵਿੱਚ ਹੀਰਿਹਾ।1996 ਵਿੱਚ ਜਗਰੂਪ ਸਿੰਘ ਦੇਹਲ ਦਾ ਵਿਆਹ ਬੀਬੀ ਜਤਿੰਦਰ ਕੌਰ ਨਾਲ ਹੋਇਆ, ਅਤੇ ਦੋ ਮੁੰਡਿਆ ਦੀ ਦਾਤ ਵਾਹਿਗੁਰੂ ਨੇ ਬਖ਼ਸ਼ੀ ਤੇ ਜ਼ਿੰਦਗੀਪਰਿਵਾਰਕ ਰੂਪ ਵਿੱਚ ਸ਼ੁਰੂ ਹੋ ਗਈ ਅਤੇ ਸੰਨ 2001 ਵਿੱਚ ਮੈਨ–ਟੀਕਾ ਕੈਲੀਫੋਰਨੀਆ ਵਿੱਚ ਬਹੁਤ ਸੁੰਦਰ ਘਰ ਖ਼ਰੀਦਿਆ ਤੇ ਬੜੀ ਖ਼ੁਸ਼ੀ ਤੇ ਆਸ ਨਾਲਬੇਏਰੀਏ ਦੇ ਹੇਵਰਡ ਸ਼ਹਿਰ ਤੋ ਮੈਨਟੀਕਾ ਆ ਕਿ ਆਪਣੇ ਨਵੇਂ ਘਰੇ ਰਹਿਣਾ ਸ਼ੁਰੂ ਕੀਤਾ। ਢਾਡੀ ਜੰਗੀਰ ਸਿੰਘ ਮਸਤ ਦੇ ਸੰਪਰਕ ਵੇਚ ਆਉਣ ਉਪਰੰਤਪੂਰਾ ਪਰਿਵਾਰ ਅੰਮ੍ਰਿਤਧਾਰੀ ਹੋ ਗਿਆ, ਜ਼ਿੰਦਗੀ ਮਸਤ ਚਾਲ ਚੱਲ ਰਹੀ ਸੀ ਕਿ ਪਰਿਵਾਰ ਤੇ ਅਚਾਨਕ ਕਹਿਰ ਦਾ ਪਹਾੜ ਡਿੱਗਿਆ ਜਿਸ ਨੇ ਸਮੁੱਚੇ ਭਾਈਚਾਰੇ ਨੂੰ ਸੁੰਨ ਕਰ ਦਿੱਤਾ। ਇਸ ਹੱਸਦੇ ਵਸਦੇ ਮਿਹਨਤੀ ਪਰਿਵਾਰ ਦੇ ਮੁੱਖੀ ਜਗਰੂਪ ਸਿੰਘ ਦੇਹਲ ਨੂੰ ਕਰੋਨਾ ਨਾਮ ਦੀ ਭਿਆਨਕ ਬਿਮਾਰੀ ਨੇ ਅਜੇਹਾ ਘੇਰ ਲਿਆ ਕਿ ਓਹ ਸਦਾ ਲਈਅਲਵਿਦਾ ਆਖ ਗਿਆ , ਜਗਰੂਪ ਸਿੰਘ ਦੇਹਲ ਨੂੰ ਲੱਗਭੱਗ ਮਹੀਨਾ ਡਾਕਟਰਜ਼ ਹਸਪਤਾਲ ਮਨਟੀਕਾ ਵਿੱਚ ਰੱਖ ਕਿ ਇਲਾਜ ਕੀਤਾ ਗਿਆ ਜਿੱਥੇ ਓਹਪੂਰੀ ਹੋਸ਼ ਹਵਾਸ ਵਿੱਚ ਸੀ ਪਰ ਅਚਾਨਕ ਪਿੱਛਲੇ ਹਫ਼ਤੇ ਫੇਫੜਿਆ ਵਿੱਚ ਨੁਕਸ ਪੈ ਜਾਣ ਤੇ ਯੂ. ਸੀ. ਸੈਨਫਰਾਸਿਸਕੋ ਸ਼ਿਫ਼ਟ ਕੀਤਾ ਗਿਆ ਜਿੱਥੇ ਓਹਨਾ ਨੇਲੰਗਜ ਵਿੱਚ ਸਵੀਅਰ ਇੰਨਫੈਕਸ਼ਨ ਹੋਣ ਕਰਕੇ ਲੰਗਜ਼ ਟਰਾਂਸਪਲਾਂਟ ਕਰਨ ਦਾ ਪਰਸੀਜਰ ਚੱਲ ਰਿਹਾ ਸੀ, ਪਰ ਇਸ ਤੋ ਪਹਿਲਾ ਟੈਸਟ ਹੋਣੇ ਜ਼ਰੂਰੀ ਸਨਜੋ ਕੀਤੇ ਤੇ ਸਹੀ ਹੋਏ, ਪਰ ਕਿਸਮਤ ਨੂੰ ਇਹ ਮਨਜ਼ੂਰ ਨਹੀਂ ਸੀ ਸਰਜਰੀ ਤੋ ਪਹਿਲਾ ਹੀ ਹੱਸਮੁੱਖ, ਗੁਰਸਿੱਖ ਨੌਜਵਾਨ ਨੂੰ ਸਟਰੋਕ ਹੋ ਗਿਆ ਤੇ ਦੀਮਾਗਵਿੱਚ ਖ਼ੂਨ ਪੈਣ ਨਾਲ ਜ਼ਿੰਦਗੀ ਮੌਤ ਦੀ ਲੜਾਈ ਵਿੱਚ ਮੌਤ ਮੂਹਰੇ ਹਾਰ ਗਿਆ । ਗੁਰੂ ਮਹਾਰਾਜ ਅੱਗੇ ਅਰਦਾਸ ਹੈ ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂਵਿੱਚ ਸਦੀਵੀ ਨਿਵਾਸ ਬਖ਼ਸ਼ਣ ਤੇ ਪਰਿਵਾਰ ਨੂ ਇਸ ਮਾੜੇ ਸਮੇਂ ਵਿੱਚੋਂ ਨਿਕ.ਲਣ ਦੀ ਹਿੰਮਤ ਤੇ ਭਾਣਾ ਮੰਨਣ ਦਾ ਬੱਲ ਬਖ਼ਸ਼ਣ।

ਜਗਰੂਪ ਸਿੰਘ ਦੇਹਲ ਦੀ ਦੇਹ ਦੇ ਅੰਤਮ ਸਸਕਾਰ Park View Cemetery & Funeral Home 3661 French camp rd Manteca ca 95336 ਵਿਖੇ ਆਉਣ ਵਾਲੇ 27 ਸਤੰਬਰ ਦਿਨ ਐਤਵਾਰ ਨੂ ਸਵੇਰੇ 10 ਤੋ 12 ਵਜੇ ਕੀਤਾ ਜਾਵੇਗਾ। ਅਤੇ ਵਿੱਛੜੀ ਰੂਹ ਲਈ ਧੁਰ ਕੀ ਬਾਣੀ ਦੇ ਪਾਠਾਂ ਦੇਭੋਗ ਤੇ ਅਰਦਾਸ ਸ਼ਾਮੀਂ 2 ਵਜੇ ਗੁਰਦਵਾਰਾ ਸਾਹਿਬ ਸਟਾਕਟਨ 1930 S Sikh Temple St, Stockton, CA 95206 ਵਿੱਖੇ ਹੋਵੇਗੀ । ਕਿਸੇਕਿਸਮ ਦੀ ਹੋਰ ਜਾਣਕਾਰੀ ਲੈਣ ਲਈ ਪਰਿਵਾਰਕ ਮਿੱਤਰ ਜਿਹੜੇ ਇੱਸ ਦੁੱਖ ਦੀ ਘੜੀ ਪਰਿਵਾਰ ਨਾਲ ਰਲ ਕਿ ਪਰਿਵਾਰਕ ਫਰਜ਼ਾਂ ਦੀ ਪੂਰਤੀ ਕਰ ਰਹੇਹਨ, ਤੁਸੀਂ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਗੁਲਭਿੰਦਰ ਸਿੰਘ ਭਿੰਦਾ –209–487–3699
ਸੁਖਮਿੰਦਰ ਸਿੰਘ ਮਾਂਗਟ 209–456–2000
ਜਾਂ ਹਰਮਿੰਦਰ ਸਿੰਘ ਸਮਾਣਾ 209–481–7750

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

ਸ਼ੈਂਟਰਲ ਵੈਲੀ ਫਰਿਜ਼ਨੋ ਵਿੱਚ ਰੀਪਬਲਿਕ ਪਾਰਟੀ ਦੇ ਉਮੀਦਵਾਰ ਡੇਵਿੰਡ ਵਲਡਿਉ ਲਈ ਫੰਡ ਰੇਜ਼ਰ

"ਚਰਨਜੀਤ ਬਾਠ ਅਤੇ ਅਜੀਤ ਗਿੱਲ ਨੇ ਕੀਤਾ ਸਪਾਂਸਰ"

ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਸੈਂਟਰਲ ਵੈਲੀ ਫਰਿਜ਼ਨੋ ਦੇ ਬਿਜ਼ਨਸਮੈਨ ਅਜੀਤ ਸਿੰਘ ਗਿੱਲ ਅਤੇ ਫਾਰਮਰ ਚਰਨਜੀਤ ਸਿੰਘ ਬਾਠ ਵੱਲੋਂ ਆਪਣੇ ਸਹਿਯੋਗੀ ਨਿੱਕ ਸਹੋਤਾ, ਮਨਦੀਪ ਸਿੰਘ ਅਤੇ ਹੋਰਨਾ ਦੇ ਸਹਿਯੋਗ ਨਾਲ ਏ. ਜੀ. ਸੈਂਟਰ ਕਰੰਦਰਜ਼ ਵਿਖੇ ਅਮਰੀਕਾ ਅੰਦਰ ਨਵੰਬਰ ਮਹੀਨੇ ਆ ਰਹੀ ਚੋਣ ਲਈ ਕਾਂਗਰਸ ਦੇ ਰੀਪਬਲਿਕ ਪਾਰਟੀ ਵੱਲੋਂ ਉਮੀਦਵਾਰ ਡੇਵਿੰਡ ਵਲਡਿਉ ਲਈ ਫੰਡ ਇਕੱਤਰ ਕੀਤਾ ਗਿਆ। ਜਿਸ ਸਮੇਂ ਇਲਾਕੇ ਦੀਆ ਸਿਰਕੱਢ ਸ਼ਖ਼ਸੀਅਤਾਂ ਅਤੇ ਫਾਰਮਰ ਹਾਜ਼ਰ ਹੋਏ। ਇਸ ਸਮੇਂ ਸਟੇਜ਼ ਦੀ ਸੁਰੂਆਤ ਨੌਜਵਾਨ ਆਗੂ ਨਿੱਕ ਸਹੋਤਾ ਨੇ ਸਭ ਨੂੰ ਜੀ ਆਇਆ ਕਹਿਣ ਨਾਲ ਕੀਤੀ।

ਜਦ ਕਿ ਫੰਡ ਰੇਜ਼ਰ ਦੇ ਮੁੱਖ ਪ੍ਰਬੰਧਕਾਂ ਵਿੱਚੋਂ ਅਜੀਤ ਸਿੰਘ ਗਿੱਲ ਨੇ ਡੇਵਿੰਡ ਵਲਡਿਉ ਨੂੰ 'ਜੀ ਆਇਆ ਕਹਿੰਦੇ ਹੋਏ' ਸਮੁੱਚੇ ਭਾਈਚਾਰੇ ਨਾਲ ਜੁੜੀਆਂ ਸਮੱਸਿਆ ਬਾਰੇ ਦੱਸਿਆ। ਇਸੇ ਤਰਾਂ ਚਰਨਜੀਤ ਸਿੰਘ ਬਾਠ ਨੇ ਸਥਾਨਿਕ ਖੇਤੀ-ਬਾੜੀ ਸੰਬੰਧੀ ਵਿਚਾਰਾ ਕਰਦੇ ਹੋਏ ਸਮਰਥਨ ਦੇਣ ਦੀ ਵਚਨਬੱਧਤਾ ਪ੍ਰਗਟਾਈ। ਇਸੇ ਤਰਾਂ ਬਾਕੀ ਬੁਲਾਰਿਆਂ ਵਿੱਚ ਮਨਦੀਪ ਸਿੰਘ, ਹਰਜਿੰਦਰ ਢਿੱਲੋ, ਰੂਬੀ ਧਾਲੀਵਾਲ, ਨੈਨਦੀਪ ਚੰਨ ਅਤੇ ਹੋਰ ਅਮੈਰੀਕਨ ਭਾਈਚਾਰੇ ਦੇ ਹਾਜ਼ਰ ਲੋਕਾ ਨੇ ਵਿਚਾਰਾ ਦੀ ਸਾਂਝ ਪਾਈ। ਜਦ ਕਿ ਆਪਣੇ ਮੁੱਖ ਭਾਸ਼ਨ ਵਿੱਚ ਬੋਲਦਿਆਂ ਡੇਵਿੰਡ ਵਲਡਿਉ ਨੇ ਹਾਜ਼ਰੀਨ ਦੀਆ ਸਮੱਸਿਆਵਾਂ ਨੂੰ ਹਰ ਸੰਭਵ ਤਰੀਕੇ ਨਾਲ ਹੱਲ ਕਰਨ ਦਾ ਵਾਇਦਾ ਕੀਤਾ। ਇਸੇ ਤਰਾਂ ਇੰਮੀਗਰੇਸਨ ਦੇ ਮਸਲੇ ਬਾਰੇ ਵੀ ਸਮੱਸਿਆਵਾਂ 'ਤੇ ਵਿਚਾਰਾ ਹੋਈਆ। ਇਸ ਸਮੇਂ ਪੰਜਾਬੀ ਭਾਈਚਾਰੇ ਤੋਂ ਬਿਨਾਂ ਅਮੈਰੀਕਨ ਭਾਈਚਾਰੇ ਦੇ ਫਾਰਮਰ, ਬਿਜ਼ਨਸ ਆਗੂ ਅਤੇ ਰਾਜਨੀਤੀ ਵਿੱਚ ਦਿਲਚਸਪੀ ਰੱਖਣ ਵਾਲੀਆ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਜਦ ਕਿ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਆਪਣੀ ਯੋਗਤਾ ਅਨੁਸਾਰ ਫੰਡ ਇਕੱਤਰਤਾ ਵਿੱਚ ਵੱਧ ਚੜ ਕੇ ਹਿੱਸਾ ਪਾਇਆ ਗਿਆ। ਅੰਤ ਡੇਵਿੰਡ ਵਲਡਿਉ ਨੇ ਹਾਜ਼ਰੀਨ ਨੂੰ ਸਹਿਯੋਗ ਦੀ ਅਪੀਲ ਕਰਦੇ ਹੋਏ ਧੰਨਵਾਦ ਕੀਤਾ। ਪ੍ਰੋਗਰਾਮ ਦੌਰਾਨ ਪ੍ਰਬੰਧਕਾਂ ਵੱਲੋਂ ਸਭ ਹਾਜ਼ਰੀਨ ਲਈ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

ਭਾਰਤੀ ਮੂਲ ਦਾ ਅਮਰੀਕੀ ਵਿਸ਼ਾਲ ਆਮਿਨ ਦੱਖਣ ਏਸ਼ੀਆ ਦਾ ਹਵਾਬਾਜ਼ੀ ਪ੍ਰਤੀਨਿੱਧ ਨਿਯੁਕਤ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-ਵਾਈਟ ਹਾਊਸ ਵੱਲੋਂ ਭਾਰਤੀ ਮੂਲ ਦੇ ਅਮਰੀਕੀ ਵਿਸ਼ਾਲ ਐਸ ਆਮਿਨ ਨੂੰ ਫੈਡਰੇਸ਼ਨ ਐਵੀਏਸ਼ਨ ਐਡਮਿਨਿਸਟ੍ਰੇਸ਼ਨ (ਐਫ ਏ ਏ) ਦਾ ਦੱਖਣ ਏਸ਼ੀਆ ਲਈ ਖੇਤਰੀ ਪ੍ਰਤੀਨਿੱਧ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਉਹ ਦੱਖਣ ਏਸ਼ੀਆ ਵਿਚ ਅਮਰੀਕੀ ਸਿਵਲ ਐਵੀਏਸ਼ਨ ਲਈ ਚੋਟੀ ਦਾ ਅਧਿਕਾਰੀ ਹੋਵੇਗਾ। ਵਾਈਟ ਹਾਊਸ ਵੱਲੋਂ ਜਾਰੀ ਬਿਆਨ ਅਨੁਸਾਰ ਵਿਸ਼ਾਲ ਕੌਮਾਂਤਰੀ ਹਵਾਬਾਜ਼ੀ ਸੁਰੱਖਿਆ ਨੂੰ ਮਜ਼ਬੂਤ ਕਰੇਗਾ ਤੇ ਇਸ ਸਬੰਧੀ ਲੋੜੀਂਦੇ ਕਦਮ ਚੁੱਕੇਗਾ। ਵਿਸ਼ਾਲ ਆਮਿਨ ਨੇ ਐਫ ਏ ਏ ਵਿਚ ਹਵਾਈ ਆਵਾਜਾਈ ਕੰਟਰੋਲਰ ਵਜੋਂ ਆਪਣਾ ਕੈਰੀਅਰ ਸ਼ੁਰੂ ਕੀਤਾ ਸੀ ਤੇ ਬਾਅਦ ਵਿਚ ਉਨਾਂ ਨੇ ਬਹੁਤ ਅਹਿਮ ਅਹੁੱਦਿਆਂ ਉਪਰ ਕੰਮ ਕੀਤਾ। ਉਨਾਂ ਨੇ ਅਮਰੀਕਨ ਏਅਰ ਫੋਰਸ ਵਿਚ ਵੀ 4 ਸਾਲ ਕੰਮ ਕੀਤਾ।

ਵਿਸ਼ਵ ਵਿਚ ਕੋਰੋਨਾ ਪੀੜ੍ਹਤਾਂ ਦੀ ਗਿਣਤੀ 3 ਕਰੋੜ ਤੋਂ ਟੱਪੀ, ਯੂਰਪ ਵਿਚ ਵਧ ਰਹੇ ਹਨ ਮਾਮਲੇ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-ਵਿਸ਼ਵ ਵਿਚ ਕੋਵਿਡ-19 ਮਾਮਲਿਆਂ ਦੀ ਗਿਣਤੀ 3,03,42,881 ਹੋ ਗਈ ਹੈ ਜਦ ਕਿ 9,50,450 ਮੌਤਾਂ ਹੋ ਚੁੱਕੀਆਂ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਵਧ ਰਹੇ ਮਾਮਲੇ ਤੇ ਮੌਤਾਂ ਤੋਂ ਸਪਸ਼ਟ ਪਤਾ ਲੱਗਦਾ ਹੈ ਕਿ ਵਾਇਰਸ ਨਿਰੰਤਰ ਆਪਣੀ ਰਫ਼ਤਾਰ ਨਾਲ ਵਿਸ਼ਵ ਨੂੰ ਪ੍ਰਭਾਵਿਤ ਕਰ ਰਿਹਾ ਹੈ। ਵਿਸ਼ਵ ਸਿਹਤ ਸੰਗਠਨ ਨੇ ਕਿਹਾ ਹੈ ਕਿ ਯੂਰਪ ਵਿਚ ਨਵੇਂ ਸਿਰੇ ਤੋਂ ਕੋਵਿਡ-19 ਦੇ ਮਾਮਲੇ ਵਧ ਰਹੇ ਹਨ। ਪਿਛਲੇ 2 ਹਫ਼ਤਿਆਂ ਦੌਰਾਨ ਯੂਰਪ ਵਿਚ 10% ਜਾਂ ਇਸ ਤੋਂ ਵਧ ਮਾਮਲੇ ਵਧੇ ਹਨ। ਕੋਵਿਡ-19 ਸਿਹਤ ਸੰਭਾਲ ਵਰਕਰਾਂ ਨੂੰ ਵੀ ਵੱਡੀ ਪੱਧਰ ਉਪਰ ਪ੍ਰਭਾਵਿਤ ਕਰ ਰਿਹਾ ਹੈ। ਵਿਸ਼ਵ ਦੀ ਕੁਲ ਆਬਾਦੀ ਦਾ ਸਿਹਤ ਵਰਕਰ 2 ਤੋਂ 3% ਤੱਕ ਹਨ ਪਰੰਤੂ 14% ਸਿਹਤ ਵਰਕਰ ਕੋਰੋਨਾ ਵਾਇਰਸ ਤੋਂ ਪੀੜਤ ਹਨ ਤੇ ਹੁਣ ਤੱਕ ਹਜਾਰਾਂ ਸਿਹਤ ਵਰਕਰ ਕੋਰੋਨਾ ਵਾਇਰਸ ਕਾਰਨ ਮੌਤ ਦੇ ਮੂੰਹ ਵਿਚ ਜਾ ਪਏ ਹਨ। ਜੌਹਨ ਹੋਪਕਿਨਜ ਯੂਨੀਵਰਸਟੀ ਅਨੁਸਾਰ ਪਿਛਲੇ ਇਕ ਹਫ਼ਤੇ ਦੌਰਾਨ ਅਮਰੀਕਾ ਦੇ 6 ਰਾਜਾਂ ਵਿਚ ਕੋਰੋਨਾ ਵਾਇਰਸ ਦੇ ਰਿਕਾਰਡ ਮਾਮਲੇ ਦਰਜ ਹੋਏ ਹਨ ਜਦ ਕਿ 4 ਰਾਜਾਂ ਵਿਚ ਰਿਕਾਰਡ ਮੌਤਾਂ ਹੋਈਆਂ ਹਨ। ਅਮਰੀਕਾ ਵਿਚ 68,74,596 ਕੋਰੋਨਾ ਦੇ ਮਾਮਲੇ ਹਨ ਤੇ ਹੁਣ ਤੱਕ 2,02,213 ਮੌਤਾਂ ਹੋ ਚੁੱਕੀਆਂ ਹਨ।

ਡਾਕਟਰ 'ਤੇ ਬੰਦੂਕ ਤਾਨਣ ਵਾਲੇ ਪੁਲਿਸ ਅਧਿਕਾਰੀ ਨੂੰ ਕੀਤਾ ਮੁਅੱਤਲ



ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—ਕੋਲੋਰਾਡੋ ਦੇ ਇਕ ਪੁਲਿਸ ਅਧਿਕਾਰੀ ਨੂੰ ਭਾਰਤੀ ਮੂਲ ਦੇ ਇਕ ਅਮਰੀਕੀ ਡਾਕਟਰ ਉਪਰ ਬੰਦੂਕ ਤਾਣਨ ਦੇ ਮਾਮਲੇ ਵਿਚ ਇਕ ਹਫ਼ਤੇ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਔਰਾਰਾ ਪੁਲਿਸ ਵਿਭਾਗ ਦੇ ਇਕ ਬੁਲਾਰੇ ਨੇ ਦੱਸਿਆ ਕਿ ਪੁਲਿਸ ਅਫਸਰ ਜਸਟਿਨ ਹੈਂਡਰਸਨ ਨੂੰ ਮੁਅੱਤਲੀ ਦੇ ਸਮੇ ਦੀ ਤਨਖਾਹ ਨਹੀਂ ਮਿਲੇਗੀ। ਉਸ ਨੂੰ ਆਪਣੇ ਵਿਵਹਾਰ ਵਿਚ ਸੁਧਾਰ ਲਈ ਟਰੇਨਿੰਗ ਵਿਚ ਵੀ ਸ਼ਾਮਿਲ ਹੋਣਾ ਪਵੇਗਾ। ਇਹ ਘਟਨਾ ਬਹੁਤ ਚਰਚਿਤ ਹੋਈ ਸੀ। ਡਾਕਟਰ ਪੀ ਜੇ ਪਰਮਾਰ ਵੱਲੋਂ ਰਾਹ ਵਿਚ ਖੜੀ ਪੁਲਿਸ ਅਧਿਕਾਰੀ ਦੀ ਕਾਰ ਨੂੰ ਪਾਸੇ ਕਰਨ ਲਈ ਜਦੋਂ ਹਾਰਨ ਮਾਰਿਆ ਗਿਆ ਤਾਂ ਗੁੱਸੇ ਵਿਚ ਆਏ ਪੁਲਿਸ ਅਧਿਕਾਰੀ ਨੇ ਉਸ ਉਪਰ ਬੰਦੂਕ ਤਾਣ ਲਈ ਤੇ ਉਸ ਨੂੰ ਆਪਣੀ ਕਾਰ ਵਿਚ ਹੀ ਬੈਠੇ ਰਹਿਣ ਲਈ ਕਿਹਾ। ਡਾਕਟਰ ਦਾ ਕਹਿਣਾ ਹੈ ਕਿ ਗੋਰੇ ਪੁਲਿਸ ਅਧਿਕਾਰੀ ਨੇ ਨਸਲ ਕਾਰਨ ਮੇਰੇ ਨਾਲ ਬਦਤਮੀਜ਼ੀ ਕੀਤੀ ਹੈ।

ਉਨਾਂ ਕਿਹਾ ਸੀ ਕਿ ਪੁਲਿਸ ਨੂੰ ਖੁਲ ਦਿੱਤੀ ਹੋਈ ਹੈ, ਉਹ ਜੋ ਚਹੁੰਦੀ ਹੈ ਕਰਦੀ ਹੈ। ਪਰਮਾਰ ਦੇ ਵਕੀਲ ਡੇਵਿਡ ਲੇਨ ਨੇ ਕਿਹਾ ਹੈ ਕਿ ਉਹ ਪੁਲਿਸ ਅਧਿਕਾਰੀ ਵੱਲੋਂ ਕੀਤੀ ਧੱਕੇਸ਼ਾਹੀ ਵਿਰੁੱਧ ਸੰਘੀ ਅਦਾਲਤ ਵਿਚ ਪਟੀਸ਼ਨ ਦਾਇਰ ਕਰ ਰਹੇ ਹਨ।

ਸੜ੍ਹਕ ਦਾ ਨਾਂ ਜਾਰਜ ਫਲਾਇਡ ਰਖੇ ਜਾਣ ਲਈ ਸਿਟੀ ਕੌਂਸਲ ਨੇ ਦਿੱਤੀ ਪ੍ਰਵਾਨਗੀ

ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਮਿਨੀਆਪੋਲਿਸ ਸਿਟੀ ਕੌਂਸਲ ਨੇ ਸਰਬਸੰਮਤੀ ਨਾਲ ਉਸ ਤਜਵੀਜ਼ ਨੂੰ ਪ੍ਰਵਾਨ ਕਰ ਲਿਆ ਹੈ ਜਿਸ ਤਹਿਤ ਸ਼ਹਿਰ ਦੀ ਇਕ ਸੜਕ ਦਾ ਨਾਂ ਜਾਰਜ ਫਲਾਇਡ ਰਖਿਆ ਜਾਵੇਗਾ ਜਿਸ ਦੀ ਇਸ ਸਾਲ 25 ਮਈ ਨੂੰ ਇਕ ਪੁਲਿਸ ਅਧਿਕਾਰੀ ਵੱਲੋਂ ਆਪਣੇ ਗੋਡੇ ਨਾਲ ਉਸ ਦੀ ਧੌਣ ਦਬਾਉਣ ਕਾਰਨ ਮੌਤ ਹੋ ਗਈ ਸੀ। ਮਿਨੀਆਪੋਲਿਸ ਦੇ ਡਾਇਰੈਕਟਰ ਪਬਲਿਕ ਵਰਕਸ ਰੋਬਿਨ ਹੁਚਸਨ ਨੇ ਕਿਹਾ ਹੈ ਕਿ ਇਹ ਫੈਸਲਾ ਜਾਰਜ ਫਲਾਇਡ ਨੂੰ ਸਨਮਾਨ ਦੇਣ ਲਈ ਕੀਤਾ ਗਿਆ ਹੈ। ਉਨਾਂ ਕਿਹਾ ਕਿ ਸੜਕ ਦਾ ਨਾਂ ਜਾਰਜ ਫਲਾਇਡ ਰਖਣ ਨਾਲ ਇਸ ਸੜਕ ਉਪਰ ਪੈਂਦੇ ਘਰਾਂ ਦੇ ਪਤਿਆਂ ਵਿਚ ਕੋਈ ਫਰਕ ਨਹੀਂ ਪਵੇਗਾ। ਇਹ ਸੜਕ 38 ਵੀਂ ਸਟਰੀਟ ਏ ਤੇ ਸ਼ਿਕਾਗੋ ਐਵਨਿਊ ਦੇ ਅੰਦੂਰਨੀ ਹਿੱਸੇ ਵਿਚ ਆਉਂਦੀ ਹੈ। ਇਥੇ ਵਰਣਨਯੋਗ ਹੈ ਕਿ ਜਾਰਜ ਫਲਾਇਡ ਦੀ ਮੌਤ ਤੋਂ ਬਾਅਦ ਕਾਲੇ ਲੋਕਾਂ ਵੱਲੋਂ ਵੱਡੀ ਪੱਧਰ ਉਪਰ ਪ੍ਰਦਰਸ਼ਨਾਂ ਦਾ ਸਿਲਸਲਾ ਸ਼ੁਰੂ ਹੋਇਆ ਸੀ ਜੋ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ।

ਭਾਰਤੀ ਮੂਲ ਦੇ ਦੋ ਵਿਦਿਆਰਥੀਆਂ ਨੇ ਜਿੱਤਿਆ ਕੌਮਾਂਤਰੀ ਯੰਗ ਈਕੋ ਹੀਰੋ ਪੁਰਸਕਾਰ

ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੈਲੀਫੋਰਨੀਆ ਦੇ ਦੋ ਨਬਾਲਗ ਭਾਰਤੀ ਮੂਲ ਦੇ ਅਮਰੀਕੀ ਵਿਦਿਆਰਥੀਆਂ ਅਦਰਸ਼ ਅੰਬਾਤੀ ਤੇ ਇਸ਼ਾਨ ਗੋਇਲ ਨੇ 2020 ਇਟੰਰਨੈਸ਼ਨਲ ਯੰਗ ਈਕੋ ਹੀਰੋ ਐਵਾਰਡ ਜਿੱਤਿਆ ਹੈ।

ਕੈਲੀਫੋਰਨੀਆ ਦੇ ਸੈਨਹੋਜੇ ਸ਼ਹਿਰ ਵਿਚ ਰਹਿੰਦੇ ਇਹਨਾਂ ਦੋਨਾਂ ਵਿਦਿਆਰਥੀਆਂ ਦੀ ਉਮਰ 15 ਸਾਲ ਹੈ। ਐਕਸ਼ਨ ਫਾਰ ਨੇਚਰ ਆਰਗੇਨਾਈਜੇਸ਼ਨ ਵੱਲੋਂ ਕੀਤੇ ਐਲਾਨ ਅਨੁਸਾਰ ਚੁਣੇ ਗਏ ਕੁਲ 17 ਯੰਗ ਵਾਤਾਵਰਣ ਕਾਰਕੁੰਨਾਂ ਵਿਚ ਅਦਰਸ਼ ਅੰਬਾਤੀ ਤੇ ਇਸ਼ਾਨ ਗੋਇਲ ਨੂੰ ਸ਼ਾਮਿਲ ਕੀਤਾ ਗਿਆ ਹੈ। ਕੌਮਾਂਤਰੀ ਯੰਗ ਈਕੋ ਹੀਰੋ ਪੁਰਸਕਾਰ ਲਈ 8 ਤੋਂ 16 ਸਾਲਾਂ ਦੇ ਨਬਾਲਗਾਂ ਦੀ ਚੋਣ ਕੀਤੀ ਜਾਂਦੀ ਹੈ।

ਸੁਪਰੀਮ ਕੋਰਟ ਦੀ ਜੱਜ ਰੂਥ ਬੇਡਰ ਗਿਨਜਬਰਗ ਦਾ 87 ਸਾਲ ਦੀ ਉਮਰ ਵਿਚ ਦੇਹਾਂਤ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)— ਲਿੰਗ ਬਰਾਬਰਤਾ ਲਈ ਸ਼ੰਘਰਸ਼ੀਲ ਰਹੀ ਸੁਪਰੀਮ ਕੋਰਟ ਦੀ ਜੱਜ ਰੂਥ ਬੇਡਰ ਗਿਨਜਬਰਗ ਦਾ 87 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਹ ਦੂਸਰੀ ਔਰਤ ਹੈ ਜਿਸ ਨੇ ਦੇਸ਼ ਦੀ ਸਰਬ ਉੱਚ ਅਦਾਲਤ ਵਿਚ ਜੱਜ ਦੀਆਂ ਸੇਵਾਵਾਂ ਨਿਭਾਈਆਂ ਹਨ।



ਉਹ ਕੈਂਸਰ ਤੋਂ ਪੀੜਤ ਸੀ ਇਸ ਦੇ ਬਾਵਜੂਦ ਉਹ ਜੱਜ ਵਜੋਂ ਸੇਵਾਵਾਂ ਨਿਭਾਉਂਦੀ ਰਹੀ। ਇਸ ਸਾਲ ਜੁਲਾਈ ਵਿਚ ਉਸ ਨੇ ਐਲਾਨ ਕੀਤਾ ਸੀ ਕਿ ਜਦੋਂ ਤੱਕ ਉਹ ਪੂਰੀ ਮੁਸਤੈਦੀ ਨਾਲ ਕੰਮ ਕਰਦੀ ਰਹੇਗੀ ਓਦੋਂ ਤੱਕ ਉਹ ਅਦਾਲਤ ਵਿਚ ਬਣੀ ਰਹੇਗੀ।

ਦੋ ਪੰਜਾਬੀ ਟਰੱਕ ਡਰਾਈਵਰਾਂ ਵਲੋਂ ਮਾਮੂਲੀ ਗੱਲ ਤੇ ਇੱਕ ਦੂਸਰੇ 'ਤੇ ਚਾਕੂ ਨਾਲ ਹਮਲਾ, ਦੋਸ਼ੀ ਗ੍ਰਿਫਤਾਰ

ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਅਮਰੀਕਾ ਤੇ ਕਨੇਡਾ ਦੇ ਪੰਜਾਬੀ ਟਰੱਕ ਡਰਾਇਵਰਾਂ ਦੇ ਨਿੱਤ ਦਿੱਨ ਨਵੇਂ ਕਿੱਸੇ ਸੁਣਨ ਨੂੰ ਮਿਲ ਰਹੇ ਹਨ ਇਨਾਂ ਕਿੱਸਿਆਂ ਕਰਕੇ ਬਿਨਾਂ ਸ਼ੱਕ ਪੰਜਾਬੀ ਭਾਈਚਾਰੇ ਦੀ ਹੇਠੀ ਹੋਈ ਹੈ ਇਵੇਂ ਹੀ ਹੋਈ ਨਵੀਂ ਘਟਨਾਂ ਵਿੱਚ ਅੱਜ ਇੱਕ ਪੈਟਰੋ ਟਰੱਕ ਸਟਾਪ ਉਤੇ ਦੋ ਪੰਜਾਬੀ ਟਰੱਕ ਡਰਾਈਵਰਾਂ ਵਿਚਾਲੇ ਹੋਏ ਮਾਮੂਲੀ ਝਗੜੇ ਤੋਂ ਬਾਅਦ ਸੈਕਰਾਮੈਂਟੋ ਵਾਸੀ ਕੁਲਦੀਪ ਸਿੰਘ ਸੰਧੂ ਨਾਮੀ ਟਰੱਕ ਡਰਾਈਵਰ ਨੇ ਦੂਸਰੇ ਡਰਾਈਵਰ ਉਪਰ ਚਾਕੂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤਾ। ਸੰਧੂ ਨੂੰ ਇਰਾਦਾ ਕਤਲ ਦੇ ਦੋਸ਼ਾਂ ਤਹਿਤ ਮਰਸਿੱਡ ਕਾਊਂਟੀ ਸ਼ੈਰਫ ਨੇ ਗ੍ਰਿਫਤਾਰ ਕੀਤਾ ਹੈ । ਇਹ ਘਟਨਾ ਅੱਜ ਸਵੇਰੇ 9 ਵਜੇ ਦੀ ਹੈ। ਪਤਾ ਲੱਗਾ ਹੈ ਕਿ ਜਖਮੀ ਹੋਇਆ ਦੂਸਰਾ ਡਰਾਈਵਰ ਵੀ ਪੰਜਾਬੀ ਹੀ ਹੈ ਉਸਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ, ਉਸ ਨੂੰ ਗੰਭੀਰ ਹਾਲਤ ਵਿੱਚ ਹੈਲੀਕਾਪਟਰ ਰਾਹੀਂ ਹਸਪਤਾਲ ਪਹੁੰਚਾਇਆ ਗਿਆ ਹੈ। ਹਾਲਾਂਕਿ ਇਸ ਦੇ ਅਸਲ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਦਸਿਆ ਜਾਂਦਾ ਹੈ ਕਿ ਟਰੱਕ ਦੀ ਪਾਰਕਿੰਗ ਨੂੰ ਲੈ ਕੇ ਦੋਨਾਂ ਵਚਾਲੇ ਤਕਰਾਰ ਹੋਇਆ ਸੀ।

ਸੈਕਰਾਮੈਂਟੋ ਵਿੱਚ ਪੰਜਾਬੀ ਦੇ "ਚੀਨਾ ਜਿਊਲਰਜ਼" ਵਿੱਚੋਂ ਲੁਟੇਰਿਆਂ ਨੇ ਕੀਤੀ ਕਰੋੜਾਂ ਦੀ ਲੁੱਟ

ਕੈਲੀਫੋਰਨੀਆ (ਹੁਸਨ ਲੜੋਆ ਬੰਗਾ)— ਸੈਕਰਾਮੈਂਟੋ, ਕੈਲੀਫੋਰਨੀਆਂ ਦੇ ਮਸ਼ਹੂਰ ਸੁਨਿਆਰੇ "ਚੀਨਾ ਜਿਊਲਰਜ਼" ਨੂੰ ਬੜੇ ਢੰਗ ਨਾਲ ਗਏ ਦਿਨ ਲੁਟਿਆ ਗਿਆ ਇਸ ਦੌਰਾਨ ਚੋਰ ਕਰੋੜਾਂ ਦਾ ਸੋਨਾ ਤੇ ਗਹਿਣੇ ਲੁੱਟ ਕੇ ਲੈ ਗਏ। ਦਰਮਿਆਨ ਆਏ ਤੇ ਛੱਤ ਨੂੰ ਤਿੰਨਾਂ ਥਾਵਾਂ ਤੋਂ ਕੱਟਕੇ 4 ਜਣੇ ਅੰਦਰ ਵੜ ਗਏ। ਪਹਿਲਾਂ ਉਨਾਂ ਨੇ ਸਾਰੇ ਕੈਮਰੇ ਭੰਨੇ ਤੇ ਨਾਲ ਲਿਆਂਦੇ ਗੈਸ ਸਿਲੰਡਰ ਨਾਲ ਵੱਡਾ ਸੇਫ਼ ਕਟਕੇ ਕਰੋੜਾਂ ਦਾ ਮਾਲ ਲੈ ਗਏ। ਜਿਸ ਵਿਚ ਡਾਇਮੰਡ, ਸੋਨਾ, ਚਾਂਦੀ ਤੇ ਗਹਿਣੇ ਸ਼ਾਮਿਲ ਹਨ। ਲੁਟੇਰੇ ਪਿਛਲਾ ਦਰਵਾਜ਼ਾ ਕਟਕੇ ਬਾਹਰ ਨਿਕਲ ਗਏ। ਜਾਣਕਾਰੀ ਦਿੰਦਿਆਂ ਚੀਨਾ ਜਿਊਲਰ ਦੇ ਮਾਲਕ ਇੰਦਰਜੀਤ ਸਿੰਘ ਜੋ ਸਮਾਜਿਕ ਕੰਮਾਂ ਚ ਹਿੱਸਾ ਵੀ ਲੈਂਦੇ ਹਨ ਨੇ ਦੱਸਿਆ ਕਿ ਹਰ ਰੋਜ ਵਾਂਗ ਉਹ ਕੰਮ ਨਿਬੇੜ ਕਿ ਘਰ ਗਏ ਸਨ ਤੇ ਜਦੋਂ ਉਹ ਸਵੇਰੇ ਦੂਸਰੇ ਦਿਨ ਕੰਮ ਤੇ ਆਏ ਤਾਂ ਇਹ ਸਭ ਕੁਝ ਦੇਖ ਕੇ ਹੈਰਾਨ ਪ੍ਰੇਸ਼ਾਨ ਹੋ ਗਏ ਤੇ ਉਸਤੋਂ ਬਾਅਦ ਉਨਾਂ ਪੁਲਿਸ ਨੂੰ ਸੂਚਨਾਂ ਦਿੱਤੀ ਤੇ ਬਾਦ ਚ ਕਾਫੀ ਸਮਾਂ ਪੁਲੀਸ ਨੇ ਤਫਦੀਸ਼ ਕੀਤੀ ਤੇ ਅਜੇ ਵੀ ਪੁਲੀਸ ਤਫਦੀਸ਼ ਚ ਲੱਗੀ ਹੋਈ ਹੈ ਥਾਂ ਥਾਂ ਤੋਂ ਫਿੰਗਰ ਪ੍ਰਿੰਟ ਲਏ ਗਏ ਹਨ। ਉਹਨਾਂ ਕਿਹਾ ਕਿ ਸਾਡਾ ਸਾਰਾ ਪਰਿਵਾਰ ਇਥੇ ਹੀ ਕੰਮ ਕਰਦਾ ਸੀ।

ਇਸ ਚੋਰੀ ਨੂੰ ਚੋਰਾਂ ਨੇ ਬੜੀ ਤਰਤੀਬ ਨਾਲ ਅੰਜਾਮ ਦਿੱਤਾ। ਚੋਰਾਂ ਦੀ ਇਹ ਕਰੀਬ ਮਿਲੀਅਨ ਡਾਲਰ ਦੀ ਚੋਰੀ ਕੈਮਰਿਆਂ ਵਿੱਚ ਵੀ ਕੈਦ ਹੋ ਗਈ। ਪੁਲਿਸ ਅਨੁਸਾਰ ਲੁਟੇਰੇ ਰਾਤ 11 -12 ਵਜੇ ਦਰਮਿਆਨ ਆਏ ਤੇ ਉਹ ਛੱਤ ਨੂੰ ਕਟਣ ਲੱਗੇ ਪਰ ਕਿਸੇ ਗੱਲ ਤੋਂ ਡਰ ਕੇ ਵਾਪਿਸ ਮੁੜ ਗਏ ਫਿਰ ਦੁਬਾਰਾ 4 ਕੁ ਵਜੇ

ਅਦਾਲਤ ਵੱਲੋਂ ਐਚ-1ਬੀ ਤੇ ਐਚ-4 ਭਾਰਤੀ ਵਰਕਰਾਂ ਨੂੰ ਕੋਈ ਰਾਹਤ ਦੇਣ ਤੋਂ ਨਾਂਹ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)– ਭਾਰਤੀ ਮੂਲ ਦੇ ਇਕ ਅਮਰੀਕਨ ਜੱਜ ਅਮਿਤ ਮਹਿਤਾ ਨੇ ਐਚ–1 ਬੀ ਤੇ ਐਚ–4 ਭਾਰਤੀ ਵਰਕਰਾਂ ਨੂੰ ਮੁੱਢਲੇ ਤੌਰ 'ਤੇ ਕੋਈ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਹੈ ਜੋ ਰਾਸ਼ਟਰ–ਪਤੀ ਡੋਨਾਲਡ ਟਰੰਪ ਵੱਲੋਂ ਲਾਈ ਪਾਬੰਦੀ ਕਾਰਨ ਭਾਰਤ ਵਿਚ ਰੁਕੇ ਹੋਏ ਹਨ ਤੇ ਅਮਰੀਕਾ ਆਉਣ ਲਈ ਇਜਾਜ਼ਤ ਦੇਣ ਦੀ ਮੰਗ ਕਰ ਰਹੇ ਹਨ। ਇਸ ਸਬੰਧੀ ਪਟੀਸ਼ਨ ਅਟਾਰਨੀ ਬਾਰਡਲੇ ਬਨੀਅਸ ਨੇ ਚੰਦਨ ਪਾਂਡਾ ਤੇ 168 ਹੋਰ ਭਾਰਤੀਆਂ ਵੱਲੋਂ ਦਾਇਰ ਕੀਤੀ ਹੈ ਜੋ ਅਮਰੀਕਾ ਵਿਚ ਕੰਮ ਕਰਦੇ ਸਨ ਪਰ ਵੱਖ ਵੱਖ ਕਾਰਨਾਂ ਕਾਰਨ ਭਾਰਤ ਵਾਪਿਸ ਚਲੇ ਗਏ ਸਨ। ਇਹ ਭਾਰਤੀ ਹੁਣ ਰਾਸ਼ਟਰਪਤੀ ਵੱਲੋਂ ਲਾਈ ਪਾਬੰਦੀ ਕਾਰਨ ਅਮਰੀਕਾ ਨਹੀਂ ਆ ਸਕਦੇ। ਇਥੇ ਵਰਣਨਯੋਗ ਹੈ ਕਿ ਇਸ ਸਾਲ 22 ਜੂਨ ਨੂੰ ਰਾਸ਼ਟਰਪਤੀ ਨੇ ਇਕ ਹੁਕਮ ਰਾਹੀਂ ਐਚ–1ਬੀ ਤੇ ਐਚ–4 ਵੀਜ਼ਾਧਾਰਕਾਂ ਦੇ ਜੀਵਨ ਸਾਥੀਆਂ ਦਾ ਅਮਰੀਕਾ ਵਿਚ ਦਾਖਲਾ 31 ਦਸੰਬਰ 2020 ਤੱਕ ਮੁਲਵਤੀ ਕਰ ਦਿੱਤਾ ਸੀ।

ਦੇਸ਼ ਦੁਆਬਾ

ਗੁਰੂ ਨਾਨਕ ਦਾ ਉਪਦੇਸ਼

ਵਿਸ਼ਵ ਚੇਤਨਾ ਲਈ ਇਹ ਬੜਾ ਜ਼ਰੂਰੀ ਹੈ ਕਿ ਮਨੁੱਖ ਅੰਧ-ਵਿਸ਼ਵਾਸਾਂ, ਕੱਟੜਤਾ, ਜਾਤੀਵਾਦੀ ਵਿਵਸਥਾ ਤੇ ਨਸਲਵਾਦ ਤੇ ਸੰਕੀਰਣਤਾ ਤੋਂ ਬਾਹਰ ਆਵੇ। ਦੂਜੇ ਧਰਮਾਂ ਦੇ ਲੋਕਾਂ ਨਾਲ ਸੰਵਾਦ ਕਰੇ। ਉਨ੍ਹਾਂ ਦੇ ਵਿਚਾਰਾਂ ਨੂੰ ਸੁਣੇ ਅਤੇ ਆਪਣੇ ਵਿਚਾਰ ਉਨ੍ਹਾਂ ਨੂੰ ਦੱਸੇ। ਗੁਰੂ ਨਾਨਕ ਸਾਹਿਬ ਨੇ ਆਪਣਾ ਨਿਸਚਾ ਪ੍ਰਗਟਾਉਂਦੇ ਹੋਏ ਕਿਹਾ ਸੀ-

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।।

ਗੁਰੂ ਨਾਨਕ ਨੇ ਵਾਦ-ਵਿਵਾਦ ਦਾ ਰਾਹ ਛੱਡ ਕੇ ਸੰਵਾਦ ਦਾ ਰਾਹ ਅਪਨਾਉਂਦਿਆਂ ਸਾਂਝੀਵਾਲਤਾ ਦਾ ਸੰਕਲਪ ਪ੍ਰਗਟਾਇਆ। ਉਹ ਪੰਡਤਾਂ, ਜੋਗੀਆਂ, ਸੂਫ਼ੀਆਂ, ਭਗਤਾਂ ਅਤੇ ਹਰ ਵਿਚਾਰਧਾਰਾ ਦੇ ਲੋਕਾਂ ਨੂੰ ਮਿਲੇ, ਉਨ੍ਹਾਂ ਨਾਲ ਵਿਚਾਰਵਟ ਾਂਦਰਾ ਕੀਤਾ ਤੇ ਸੱਚ ਦਾ ਮਾਰਗ ਦਿਖਾਇਆ। ਉਹ ਆਮ ਲੋਕਾਂ ਨੂੰ ਮਿਲੇ, ਉਨ੍ਹਾਂ ਦਾ ਦੁੱਖ-ਦਰਦ ਸਮਝਿਆ, ਕੌੜੀਆਂ ਦਾ ਆਪਣੇ ਹੱਥੀਂ ਇਲਾਜ ਕੀਤਾ। ਇਹ ਕੌਹੜੀ ਦੱਬੇ ਕੁਚਲੇ ਸਮਾਜ 'ਚੋਂ ਸਨ, ਜਿਨ੍ਹਾਂ ਨੂੰ ਉੱ'' ਜਾਤਾਂ ਤੇ ਸਰਮਾਏਦਾਰਾਂ ਨੇ ਹਾਸ਼ੀਏ ਤੋਂ ਬਾਹਰ ਧਕੇਲ ਦਿੱਤਾ ਸੀ। ਉਨ੍ਹਾਂ ਨਾਲ ਮਾਨਵਤਾ ਵਾਲਾਂ ਸਲੂਕ ਨਹੀਂ ਕੀਤਾ ਜਾਂਦਾ ਸੀ।

ਬਾਬੇ ਨਾਨਕ ਨੇ ਉਨ੍ਹਾਂ ਲੋਕਾਂ ਨੂੰ ਆਪਣੇ ਸੰਗੀ ਸਾਥੀ ਦੱਸਿਆ ਤੇ ਉਨ੍ਹਾਂ ਨੂੰ ਆਪਣੇ ਗਲ ਨਾਲ ਲਗਾਇਆ। ਗੁਰੂ ਨਾਨਕ ਨੇ ਕਿਹਾ ਕਿ ਮੈਂ ਅਜਿਹੇ ਲੋਕਾਂ ਦੇ ਨਾਲ ਖੜ੍ਹਾ ਹਾਂ। ਮੇਰੀ ਉਨ੍ਹਾਂ ਨਾਲ ਕੋਈ ਰੀਸ ਨਹੀਂ ਜਿਹੜੇ ਆਪਣੇ-ਆਪ ਨੂੰ ਵੱਡਾ ਸਮਝਦੇ ਹਨ-ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।। ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।। ਬਾਬੇ ਨੇ ਮਲਿਕ ਭਾਗੋ ਨੂੰ ਤਿਆਗਿਆ, ਭਾਈ ਲਾਲੋ ਨੂੰ ਸਵੀਕਾਰਿਆ, ਜੋ ਕਿਰਤੀ ਸਮਾਜ 'ਚੋਂ ਸੀ। ਇਥੋਂ ਤੱਕ ਕਿ ਉਹ ਅਜਿਹੇ ਆਦਿਵਾਸੀ ਲੋਕਾਂ ਕੋਲ ਗਏ ਜਿਹੜੇ ਸਦੀਆਂ ਤੋਂ ਜੰਗਲਾਂ-ਪਹਾੜਾਂ ਵਿੱਚ ਰਹਿੰਦੇ ਸਨ। ਜਿਸ ਕੌਡਾ ਰਾਕਸ਼ ਨਾਲ ਗੁਰੂ ਸਾਹਿਬ ਦੇ ਮਿਲਣ ਦਾ ਜ਼ਿਕਰ ਇਤਿਹਾਸ ਵਿੱਚ ਆਉਂਦਾ ਹੈ, ਉਹ ਇਕ ਆਦਿਵਾਸੀ ਹੀ ਸੀ। ਉਹ ਜਾਤੀਵਾਦੀ ਸਮਾਜ ਵੱਲੋਂ ਨਫ਼ਰਤ ਦੇ ਸ਼ਿਕਾਰ ਲੋਕ ਸਨ, ਜਿਨ੍ਹਾਂ ਨੂੰ ਮਨੂੰਵਾਦੀ ਸਿਸਟਮ ਅਨੁਸਾਰ "ਜਾਤੀ ਦੀਆਂ ਬਸਤੀਆਂ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਸੀ। ਬਾਬੇ ਨੇ ਇਨ੍ਹਾਂ ਲੋਕਾਂ ਨੂੰ ਆਪਣੇ ਗਲ ਨਾਲ ਲਗਾਇਆ ਤੇ ਉਨ੍ਹਾਂ ਦੀ ਮੁਕਤੀ ਦਾ ਰਾਹ ਦੱਸਿਆ। ਗੁਰੂ ਨਾਨਕ ਦੀਆਂ ਚਾਰ ਉਦਾਸੀਆਂ ਬਾਰੇ ਬੜਾ ਕੁਝ ਲਿਖਿਆ ਗਿਆ ਹੈ।

ਇਨ੍ਹਾਂ ਉਦਾਸੀਆਂ ਵਿੱਚ ਉਹ ਇਸ ਦੇਸ਼ ਦੇ ਹਰ ਹਿੱਸੇ ਵਿੱਚ ਗਏ। ਸੁਮੇਰ ਪਰਬਤ 'ਤੇ ਜਾ ਕੇ ਸਿੱਧਾਂ ਨਾਲ ਗੋਸ਼ਟੀ ਕੀਤੀ। ਜਗਨਨਾਥ ਪੁਰੀ ਪੁੱਜ ਕੇ ਉਥੇ ਦੀ ਆਰਤੀ ਦੇਖੀ ਅਤੇ ਅਜਿਹੀ ਆਰਤੀ ਗਾਈ ਜਿਹੜੀ ਵਿਸ਼ਵ ਆਰਤੀ ਸੀ। ਗੁਰੂ ਨਾਨਕ ਨੇ ਸਮੁੰਦਰ ਯਾਤਰਾ ਦੀ ਹਿੰਦੂ ਮਿਥ ਨੂੰ ਤੋੜ ਦਿੱਤਾ ਕਿ ਸਮੁੰਦਰ ਯਾਤਰਾ ਨਾਲ ਬੰਦਾ ਭਿੱਟਿਆ ਜਾਂਦਾ ਹੈ। ਉਹ ਲੰਕਾ ਵੀ ਗਏ ਅਤੇ ਮੱਕਾ, ਮਦੀਨਾ, ਬਗਦਾਦ ਵੀ ਗਏ। ਉਹ ਕਾਜੀਆਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਸੰਵਾਦ ਕੀਤਾ। ਉਨ੍ਹਾਂ ਦੀ ਵਿਸ਼ਵ ਦ੍ਰਿਸ਼ਟੀ ਦਾ ਹੀ ਇਹ ਉਪਰਾਲਾ ਸੀ ਕਿ ਇਕ ਪਾਸੇ ਪਾਕਪਟਨ (ਮੁਲਤਾਨ) ਜਾ ਕੇ ਉਹ ਸ਼ੇਖ ਬਾਬਾ ਫਰੀਦ ਦੇ ਜਾਨਸ਼ੀਨਾਂ ਕੋਲੋਂ ਬਾਬਾ ਫਰੀਦ ਦੀ ਬਾਣੀ ਲੈ ਕੇ ਆਏ, ਦੂਜੇ ਪਾਸੇ ਪੂਰਬੀ ਬੰਗਾਲ ਦੇ 21ਵੀਂ ਸਦੀ ਦੇ ਸੰਤ ਜੈਦੇਵ ਦੇ ਉੱ ਕੋਲੋਂ ਉਨ੍ਹਾਂ ਦੇ ਕੁਝ ਸ਼ਬਦ ਲਿਖ ਲਿਆਏ। ਆਪਣੀ ਮਹਾਂਰਾਸ਼ਟਰ ਦੀ ਉਦਾਸੀ ਵੇਲੇ ਉਨ੍ਹਾਂ ਨੇ ਭਗਤ ਨਾਮਦੇਵ, ਤਿਰਲੋਚਨ ਅਤੇ ਪਰਮਾਨੰਦ ਦੇ ਵੰਸ਼ਜਾਂ ਕੋਲੋਂ ਉਨ੍ਹਾਂ ਦੀ ਕੁਝ ਬਾਣੀ ਇਕੱਤਰ ਕੀਤੀ ਅਤੇ ਰਾਜਸਥਾਨ ਵਿੱਚ ਧੰਨੇ ਭਗਤ ਨੂੰ ਆਪ ਮਿਲੇ। ਪੰਜਵੇਂ ਗੁਰੂ ਅਰਜਨ ਸਾਹਿਬ ਨੇ ਜਦੋਂ ਆਦਿ ਗ੍ਰੰਥ ਦਾ ਸੰਪਾਦਨ ਕੀਤਾ ਤਾਂ ਸੰਤਾਂ-ਭਗਤਾਂ ਦੀ ਉਹ ਸਾਰੀ ਬਾਣੀ ਉਸ ਵਿੱਚ ਸ਼ਾਮਿਲ ਕੀਤੀ, ਜਿਹੜੀ ਗੁਰੂ ਨਾਨਕ ਸਾਹਿਬ ਨੇ ਆਪ ਇਕੱਠੀ ਕੀਤੀ ਸੀ। ਸਾਰਾ ਮਨੁੱਖੀ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਧਰਮਾਂ ਵਿੱਚ ਆਪਣੀ ਉੱਚੀ ਥਾਂ ਰੱਖਣ ਵਾਲਾ ਪੁਜਾਰੀ, ਮੁੱਲਾਂ ਆਪਣੇ ਸੁਆਰਥਾਂ ਦੀ ਪੂਰਤੀ ਲਈ ਨਾ ਸਿਰਫ਼ ਸਮਾਜ ਵਿੱਚ ਵੰਡੀਆਂ ਪਾਉਂਦਾ ਹੈ, ਸਗੋਂ ਮਨੁੱਖ ਦੀ ਸੋਚ ਨੂੰ ਛੋਟਾ ਬਣਾ ਦਿੰਦਾ ਹੈ।

ਉਹ ਲੋਕਾਂ ਨੂੰ ਅਜਿਹੇ ਕਰਮ-ਕਾਂਡਾਂ ਵਿੱਚ ਜਕੜ ਦਿੰਦਾ ਹੈ ਕਿ ਉਸ ਦੀ ਹੋਂਦ ਜ਼ਰੂਰੀ ਬਣ ਜਾਂਦੀ ਹੈ। ਗੁਰੂ ਨਾਨਕ ਨੇ ਲੋਕਾਂ ਨੂੰ ਅਜਿਹੇ ਪਰੋਹਿਤਾਂ ਤੋਂ ਮੁਕਤੀ ਦੁਆਈ। ਉਨ੍ਹਾਂ ਨੇ ਕਿਹਾ ਕਿ ਪੰਡਤ ਤਾਂ ਆਪ ਬੜੇ ਜੰਜਾਲਾਂ ਵਿੱਚ ਫਸਿਆ ਹੁੰਦਾ ਹੈ, ਉਹ ਕਿਸੇ ਨੂੰ ਸਹੀ ਰਾਹ ਦਿਖਾਉਣ ਵਿੱਚ ਕਿਵੇਂ ਸਹਾਈ ਹੋ ਸਕਦਾ ਹੈ- ਪੰਡਿਤ ਪੜਿ ਨ ਪਹੁਚਈ ਬਹੁ ਆਲ ਜੰਜਾਲਾ।। ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ।।

ਸੋ ਗੁਰੂ ਨਾਨਕ ਸਾਹਿਬ ਦਾ ਫਲਸਫਾ ਅਜੋਕੇ ਯੁੱਗ ਵਿੱਚ ਪ੍ਰਸੰਗਿਕ ਹੈ, ਜਦੋਂ ਕਿ ਹੁਣ ਵੀ ਪੁਜਾਰੀਵਾਦ ਦੇ ਭ੍ਰਿਸ਼ਟਾਚਾਰ, ਜ਼ਾਲਮਾਨਾ ਰਾਜ, ਨਸਲਵਾਦ ਤੇ ਜਾਤੀਵਾਦ ਦਾ ਬੋਲਬਾਲਾ ਹੈ। ਕੱਟੜਵਾਦ ਦੇ ਨਾਮ 'ਤੇ ਦੰਗੇ ਹੋ ਰਹੇ ਨੇ। ਲੋੜ ਇਸ ਗਲ ਦੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਨੂੰ ਅਪਨਾਇਆ ਜਾਵੇ ਤੇ ਦੱਬੇ ਕੁਚਲੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾਵੇ।

-ਪ੍ਰੇਮ ਕੁਮਾਰ ਚੁੰਬਰ

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-151

ਵਣਜਾਰੇ ਤੇ ਵਣਜਾਰਾ ਬਾਣੀ

ਅਵਤਾਰ ਸਿੰਘ ਮਿਸ਼ਨਰੀ
510-432-5827

ਵਾਣਿਜ੍ਯ (ਵਪਾਰ) ਕਰਨ ਵਾਲਾ ਸੌਦਾਗਰ. ਵਪਾਰੀ ਭਾਵ ਜਿਗ੍ਯਾਸੂ, ਇੱਕ ਖ਼ਾਸ ਜਾਤਿ, ਜਿਸ ਦੀ ਇਹ ਸੰਗ੍ਯਾ ਵਣਿਜ ਤੋਂ ਹੋਈ ਹੈ, ਚੌਥੇ ਸਤਿਗੁਰੂ ਜੀ ਦੀ ਸ਼੍ਰੀ ਰਾਗ ਵਿੱਚ ਇਸ ਸਿਰਲੇਖ ਦੀ ਬਾਣੀ (ਹਰਿ ਹਰਿ ਉਤਮੁ ਨਾਮੁ ਹੈ). ਆਦਿ, ਜਿਸ ਵਿੱਚ ਜੀਵ ਨੂੰ ਵਣਜਾਰਾ ਵਰਣਨ ਕੀਤਾ ਹੈ (ਮਹਾਨਕੋਸ਼) ਵਣਜ (ਵਾਪਾਰ) ਕਰਨ ਵਾਲਾ, ਵਪਾਰੀ, ਸੌਦਾਗਰ। ਉਦਾਹਰਣ-ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ॥ (ਮ:੧-ਵਾਰ (੧੪੦) ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥ (ਆਸਾ ੧-੪੧੮) ਬਣਜਾਰਾ-ਲੰਮਬਾਨੀ, ਵਣਜਾਰਾ ਅਤੇ ਗੋਰਮਾਤੀ ਇੱਕ ਟੱਪਰੀਵਾਸੀ ਭਾਈਚਾਰਾ ਜੋ ਕਿ ਰਾਜਸਥਾਨ, ਭਾਰਤ ਵਿੱਚ ਵਸੇ ਪਰ ਹੁਣ ਇਹ ਭਾਈਚਾਰਾ ਭਾਰਤ ਦੇ ਸਮੁੱਚੇ ਮਹਾਦੀਪ ਵਿੱਚ ਫੈਲਿਆ ਹੋਇਆ ਤੁਰ ਫਿਰ ਕੇ ਘਰ-ਘਰ ਜਾ ਕੇ ਚੀਜਾਂ ਵੇਚਣ ਵਾਲਿਆਂ ਲਈ ਵਰਤਿਆ ਜਾਂਦਾ ਹੈ। ਇਹ ਵਣਜ ਜਾਤੀ ਵੱਖਰੀਆਂ ਬਸਤੀਆਂ(ਟਾਂਡੇ) ਬਣਾ ਕੇ ਰਹਿੰਦੀ ਤੇ ਪੰਜਾਬ 'ਚ ਕਈ ਕਸਬੇ ਟਾਂਡਾ ਨਾਂ ਨਾਲ ਵੀ ਪ੍ਰਸਿੱਧ ਹਨ। ਵਣਜਾਰਿਆਂ ਦਾ ਪਿਛੋਕੜ ਕਈ ਵਿਦਵਾਨ ਭੱਟਾਂ, ਚਾਰਣਾ ਅਤੇ ਬ੍ਰਾਂਹਮਣਾਂ ਨਾਲ ਜੋੜਦੇ ਹਨ। ਇਨ੍ਹਾਂ 'ਚ ਕਈ ਉਪਜਾਤੀਆਂ ਤੇ ਕਬੀਲੇ ਹਨ।

(SGGS ਗੁਰਮੁਖੀ ਡਿਕਕਸ਼ਨਰੀ)

ਵਣਜਾਰਾ ਸ਼ਬਦ ਭਾਵੇਂ ਵਣਜ ਤੋਂ ਬਣਿਆ ਹੈ ਜਿਵੇਂ ਸੌਦਾ ਤੋਂ ਸੌਦਾਗਰ ਪਰ ਪੰਜਾਬੀ ਲੋਕ-ਕਾਵਿ ਸਿਰਜਣ ਵਾਲਿਆਂ ਨੇ ਵੰਗਾਂ ਦਾ ਵਣਜ ਕਰਨ ਵਾਲੇ ਭਾਵ ਵੰਗਾਂ ਵੇਚਣ ਵਾਲੇ ਨੂੰ ਵਣਜਾਰਾ ਕਿਹਾ ਹੈ। ਲੋਕ ਗੀਤਾਂ ਵਿੱਚ ਵਣਜਾਰੇ ਨਾਲ ਜੁੜੇ ਅਨੇਕਾਂ ਅਹਿਸਾਸਾਂ ਦਾ ਪ੍ਰਗਟਾਵਾ ਮਿਲਦਾ ਹੈ। ਪਿਛਲੇ ਸਮਿਆਂ ਵਿੱਚ ਇਹ ਵਣਜਾਰਾ ਪੇਂਡੂ ਸਮਾਜ ਵਿੱਚ ਬਹੁਤ ਮਹੱਤਵ ਰੱਖਦਾ ਸੀ। ਚਾਵਾਂ ਤੇ ਸੱਧਰਾਂ ਨਾਲ ਭਰੇ ਮਨਾਂ ਵਾਲੀਆਂ ਮੁਟਿਆਰਾਂ ਲਈ ਇਹ ਵਿਸ਼ੇਸ਼ ਖਿੱਚ ਰੱਖਦਾ ਕਿਉਂਕਿ ਉਨ੍ਹਾਂ ਨੂੰ ਨਾ ਸ਼ਹਿਰ-ਬਾਜ਼ਾਰ ਵਿੱਚ ਜਾਣ ਦੀ ਬਹੁਤੀ ਖੁੱਲ੍ਹ ਹੁੰਦੀ ਸੀ ਤੇ ਨਾ ਬਹੁਤਾ ਹਾਰ-ਸ਼ਿੰਗਾਰ ਕਰਨ ਦੀ। ਆਪਣੀਆਂ ਰੀਝਾਂ ਦੀ ਪੂਰਤੀ ਕਰਨ ਲਈ ਵਣਜਾਰਾ ਉਨ੍ਹਾਂ ਵਾਸਤੇ ਅੱਛਾ-ਖਾਸਾ ਵਸੀਲਾ ਹੋ ਨਿੱਬੜਦਾ। ਵਣਜਾਰਾ ਆਮ ਦਿਨਾਂ 'ਚ ਤਾਂ ਘੱਟ-ਵੱਧ ਹੀ ਆਉਂਦਾ ਪਰ ਤੀਆਂ ਜਾਂ ਕਰੂਏ (ਕਰਵਾ ਚੌਥ) ਦੇ ਵਰਤਾਂ ਨੂੰ ਇਹ ਜ਼ਰੂਰ ਪਿੰਡ ਵਿੱਚ ਹੋਕਾ ਦਿੰਦਾ ਫਿਰਦਾ- 'ਚੂੜੀਆਂ ਚੜ੍ਹਾ ਲਓ ਭਾਈ ਚੂੜੀਆਂ...'। ਇਹ ਹੋਕਾ ਸੁਣ ਕੇ ਕੁੜੀਆਂ-ਕੱਤਰੀਆਂ ਝੱਟ ਗਲੀ-ਵਿਹੜੇ ਵਿੱਚ ਆ ਜਾਂਦੀਆਂ। ਗਲੀ-ਮੁਹੱਲੇ ਵਿੱਚ ਜਿਸ ਦੇ ਦਰ ਜਾਂ ਡਿਉਢੀ ਵਿੱਚ ਚੂੜੀਆਂ ਵਾਲਾ ਬੈਠਾ ਹੁੰਦਾ, ਉੱਥੇ ਤਾਈ-ਚਾਚੀ ਜਾਂ ਦਾਦੀ ਅੰਮਾ ਨੇ ਸਾਰੀਆਂ ਕੁੜੀਆਂ ਦੇ ਚੂੜੀਆਂ ਚੜ੍ਹਵਾ ਦੇਣੀਆਂ। ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਵਾਲੀ ਭਾਵਨਾ ਮਨਾਂ 'ਤੇ ਭਾਰੂ ਹੁੰਦੀ। ਵਣਜਾਰੇ ਨੂੰ ਚਾਹ ਤੇ ਲੱਸੀ ਤੋਂ ਬਿਨਾਂ ਰੋਟੀ ਵੀ ਖੁਆਈ ਜਾਂਦੀ। ਚੂੜੀਆਂ ਚੜ੍ਹਾ ਕੇ ਕੁੜੀਆਂ ਦਾ ਚਾਅ ਨਾ ਚੁੱਕਿਆ ਜਾਂਦਾ ਕਿਉਂਕਿ ਪੇਂਡੂ ਭਾਈਚਾਰੇ ਵਿੱਚ ਕੁਆਰੀ ਤਾਂ ਕੀ ਬਲਕਿ ਵਿਆਹੀ-ਵਰੀ ਧੀ ਦਾ ਵੀ ਪੇਕੇ ਘਰ ਆ ਕੇ ਕੋਈ ਹਾਰ-ਸ਼ਿੰਗਾਰ ਕਰਨਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਬਸ, ਲੈ-ਦੇ ਕੇ ਇਹ ਚੂੜੀਆਂ ਜਾਂ ਮਾੜੀ-ਮੋਟੀ ਨਹੁੰ ਪਾਲਸ਼ (ਨੇਲ ਪਾਲਿਸ਼) ਹੀ ਕੁੜੀਆਂ ਲਾ-ਪਾ ਲੈਂਦੀਆਂ। ਅਜੋਕੇ ਸਮੇਂ ਨਾ ਪਿੰਡਾਂ ਵਿੱਚ ਵਣਜਾਰੇ ਦਿਸਦੇ ਹਨ ਤੇ ਨਾ ਕੋਈ ਕਹਿੰਦੀ ਹੈ "ਆ ਗਿਆ ਵਣਜਾਰਾ ਨੀਂ ਚੜ੍ਹਾ ਲੈ ਭਾਬੀ ਚੂੜੀਆਂ''' ਵਣਜਾਰਾ ਪੇਂਡੂ ਸੁਆਣੀਆਂ ਲਈ ਚੱਲਦਾ ਫਿਰਦਾ ਬਾਜ਼ਾਰ ਹੁੰਦਾ ਸੀ। ਇਹ ਦਨਿਆਵੀ ਵਣਜਾਰੇ ਬਾਰੇ ਵਿਚਾਰਾਂ ਸਨ।

ਸ਼ਬਦ ਗੁਰੂ ਗ੍ਰੰਥ" ਵਿਖੇ "ਵਣਜਾਰਾ" ਨਾਮ ਹੇਠ ਬਾਣੀ ਜੋ ਗੁਰੂ ਰਾਮਦਾਸ ਦੇ ੬ ਪਦਿਆਂ ਵਿੱਚ ਦਰਜ ਹੈ। ਇਕ ਪਦੇ'ਚ ੫-੫ ਤੁਕਾਂ ਤੇ ਹਰ ਪਦੇ ਤੋਂ ਬਾਦ ਦੋ ਤੁਕਾਂ ਦਾ ਰਹਾਉ ਅਤੇ ਇਸ ਦਾ ਸੰਬੋਧਨੀ ਢੰਗ ਪਹਿਰਿਆਂ ਨਾਲ ਮਿਲਦਾ ਹੈ। ਲੋਕ ਗੀਤਾਂ ਦੀ ਧਾਰਨਾ 'ਤੇ ਜਨ-ਜੀਵਨ ਨਾਲ ਸਬੰਧਤ ਹੈ।ਇਸ ਬਾਣੀ ਵੇ ਜਗਿਆਸੂ ਵਣਜਾਰੇ ਨੂੰ ਨਾਮ ਦਾ ਵਣਜ ਕਰਨ ਲਈ ਉਪਦੇਸ਼ਿਆ ਹੈ। ਗੁਰੂ ਸ਼ਰਨ 'ਚ ਨਾਮ ਪ੍ਰਾਪਤੀ ਲਈ ਸਤ- ਸੰਗਤ ਦਾ ਵੱਡਾ ਯੋਗਦਾਨ ਹੈ।ਸੰਸਾਰਕ ਔਕੜਾਂ ਦਾ ਸਾਹਮਣਾ ਕਰਦੇ ਨਾਮ ਪ੍ਰਭੂ ਨਿਯਮ ਨੂੰ ਸਮਝਣਾ ਬਚਪਨ ਤੋਂ ਬੁਢੇਪੇ ਤੱਕ ਜਰੂਰੀ ਹੈ। ਕਰਤਾ ਆਪਣੇ ਨਿਯਮ 'ਚ ਸੰਸਾਰ ਦੀ ਉਤਪਤੀ ਤੇ ਸੰਚਾਲਨ ਕਰਦਾ ਹੈ। ਜੀਵ ਮਾਇਆਵੀ ਪ੍ਰਪੰਚ ਵਿੱਚ ਉਲਝ ਜਾਂਦੇ ਪਰ ਗੁਰੂ ਸ਼ਰਨੀ ਇਸ ਪ੍ਰਭਾਵ ਤੋਂ ਬਚ ਜਾਂਦੇ ਹਨ। ਗੁਰੂ ਗਿਆਨ ਦੁਆਰਾ ਸ਼ੁਭ ਗੁਣਾਂ ਦੀ ਪੂੰਜੀ ਇਕੱਠੀ ਕਰਨ ਨਾਲ ਜਗਿਆਸੂ ਵਣਜਾਰੇ ਦਾ ਜੀਵਨ ਸਫਲ ਹੋ ਜਾਂਦਾ ਹੈ- ਸਿਰੀਰਾਗੁ ਮਹਲਾ ੪ ਵਣਜਾਰਾ ੴ ਸਤਿ ਨਾਮੁ ਗੁਰ ਪ੍ਰਸਾਦਿ ॥ ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥ ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥ ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ॥ ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ॥ ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ ਹੋਇ ॥੧॥ ਮੈ ਹਰਿ ਬਿਨੁ ਅਵਰੁ ਨ ਕੋਇ ॥ ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ ॥੧॥ ਰਹਾਉ ॥

ਅਰਥ-ਜਿਸ ਹਰੀ ਨੇ (ਜਗਤ ਵਿਚ) ਹਰੇਕ ਜੀਵ ਨੂੰ ਪੈਦਾ ਕੀਤਾ ਹੈ, ਉਸ ਹਰੀ ਦਾ ਨਾਮ ਸ੍ਰੇਸ਼ਟ ਹੈ, ਉਹ ਹਰੀ ਸਾਰੇ ਜੀਵਾਂ ਦੀ ਪਾਲਣਾ ਕਰਦਾ ਹੈ, ਤੇ ਉਹ ਸੋਹਣਾ ਰਾਮ ਹਰੇਕ ਸਰੀਰ ਵਿਚ ਵਿਆਪਕ ਹੈ। (ਹੇ ਭਾਈ!) ਉਸ ਹਰੀ ਦਾ ਸਦਾ ਧਿਆਨ ਧਰਨਾ ਚਾਹੀਦਾ ਹੈ, ਉਸ ਤੋਂ ਬਿਨਾ ਜੀਵ ਦਾ ਕੋਈ ਹੋਰ ਆਸਰਾ-ਪਰਨਾ ਨਹੀਂ ਹੈ। ਜਿਹੜੇ ਬੰਦੇ ਮਾਇਆ ਮੋਹ ਵਿਚ ਆਪਣਾ ਚਿੱਤ ਲਾਈ ਰੱਖਦੇ ਹਨ, ਉਹ (ਮੌਤ ਆਉਣ ਤੇ ਕੀਰਨੇ ਕਰ ਕਰ ਕੇ ਸਭ ਕੁਝ ਛੱਡ ਕੇ ਜਾਂਦੇ ਨੇ ਪਰ ਹੇ ਦਾਸ ਨਾਨਕ! ਜਿਨ੍ਹਾਂ ਨੇ (ਜ਼ਿੰਦਗੀ ਵਿਚ) ਹਰੀ ਦਾ ਨਾਮ ਸਿਮਰਿਆ, ਹਰੀ ਉਹਨਾਂ ਦਾ ਜ਼ਰੂਰ ਮਦਦਗਾਰ ਬਣਦਾ ਹੈ।੧। ਹੇ ਭਾਈ! ਮੇਰਾ ਤਾਂ ਪ੍ਰਭੂ ਤੋਂ ਬਿਨਾ ਕੋਈ ਹੋਰ ਆਸਰਾ ਨਹੀਂ ਹੈ। ਹਰਿ-ਨਾਮ ਦਾ ਵਣਜ ਕਰਨ ਆਏ ਹੇ ਮਿਤ੍ਰ! ਗੁਰੂ ਦੀ ਸਰਨ ਪਉ ਗੁਰੂ ਦੀ ਸਰਨ ਪਿਆਂ ਹਰੀ-ਨਾਮ ਵੱਡ-ਭਾਗਾਂ ਨਾਲ ਮਿਲਦਾ ਹੈ।੧। ਰਹਾਉ।

ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥ ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥ ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥ ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥ ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨॥ ਮਨਿ ਹਰਿ ਹਰਿ ਲਗਾ ਚਾਉ ॥ ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਮਿਲਿਆ ਹਰਿ ਪ੍ਰਭ ਨਾਉ ॥੧॥ ਰਹਾਉ ਅਰਥ-ਭਲੇ ਪੁਰਖ ਭਰਾਵਾਂ ਦੀ ਸੰਗਤਿ ਕਰਨ ਤੋਂ ਬਿਨਾ ਕਿਸੇ ਮਨੁੱਖ ਨੇ ਕਦੇ ਹਰੀ ਦਾ ਨਾਮ ਪਰਾਪਤ ਨਹੀਂ ਕੀਤਾ ਕਿਉਂਕਿ ਭਲਿਆਂ ਦੀ ਸੰਗਤਿ ਬਿਨਾ ਮਨੁੱਖ ਜੋ ਭੀ ਮਿਥੇ ਧਾਰਮਿਕ-ਕਰਮ ਕਰਦੇ ਨੇ ਉਹ ਹਉਮੈ ਦੇ ਅਸਰ ਹੇਠ ਹੀ ਕਰਮ ਕਰਦੇ ਹਨ। ਇਸ ਵਾਸਤੇ ਨਿਖਸਮੇ ਹੀ ਰਹਿ ਜਾਂਦੇ ਹਨ। ਜਿਵੇਂ ਕਿਸੇ ਵੇਸੁਆ ਦਾ ਪੁੱਤ੍ਰ ਆਪਣੇ ਪਿਤਾ ਦਾ ਨਾਮ ਨਹੀਂ ਦੱਸ ਸਕਦਾ। ਪਿਤਾ-ਪ੍ਰਭੂ ਦੀ ਕੁਲ ਦਾ ਤਦੋਂ ਹੀ ਹੋ ਸਕੀਦੈ, ਜਦੋਂ ਗੁਰੂ ਪ੍ਰਸੰਨ (ਹੋ ਕੇ ਜੀਵ ਉਤੇ) ਮਿਹਰ ਕਰਦਾ ਹੈ। ਜਿਸ ਮਨੁੱਖ ਨੂੰ ਵੱਡੇ ਭਾਗਾਂ ਨਾਲ ਗੁਰੂ ਮਿਲ ਪਿਆ, ਉਸ ਦਾ ਹਰੀ ਨਾਲ ਪ੍ਰੇਮ ਦਿਨ ਰਾਤ ਲੱਗਾ ਰਹਿੰਦਾ ਹੈ। ਦਾਸ ਨਾਨਕ ਨੇ ਤਾਂ ਗੁਰੂ ਦੀ ਸਰਨ ਪੈ ਕੇ ਹੀ ਪ੍ਰਭੂ ਨਾਲ ਸਾਂਝ ਪਾਈ ਤੇ ਉਸ ਦੀ ਸਿਫ਼ਤਿ-ਸਾਲਾਹ ਦੇ ਕਰਮ ਦੀ ਕਮਾਈ ਕੀਤੀ ਹੈ।੨।

ਗੁਰੂ ਦੀ ਕਿਰਪਾ ਨਾਲ ਜਿਸ ਮਨੁੱਖ ਦੇ ਮਨ 'ਚ ਪ੍ਰਭੂ ਸਿਮਰਨ ਦਾ ਚਾਉ ਪੈਦਾ ਹੋਇਆ, ਪੂਰੇ ਗੁਰੂ ਨੇ ਉਸ ਦੇ ਹਿਰਦੇ 'ਚ ਪ੍ਰਭੂ-ਨਾਮ (ਨੀਯਮ) ਪੱਕਾ ਕਰ ਦਿੱਤਾ, ਉਸ ਨੂੰ ਪ੍ਰਭੂ ਮਿਲ ਪਿਆ ਭਾਵ ਉਸ ਦਾ ਨਾਮ ਮਿਲ ਪਿਆ।੧। ਰਹਾਉ।

ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮੁ ਧਿਆਇ॥ ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ॥ ਹਉ ਬਲਿਹਾਰੀ ਤਿਨ ਕਉ ਜਿਨ ਹਰਿ ਮਨਿ ਵੁਠਾ ਆਇ ॥ ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ ॥ ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ॥੩॥ ਮਨ ਹਰਿ ਹਰਿ ਪ੍ਰੀਤਿ ਲਗਾਇ॥ ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ ਲਘਾਇ॥੧॥ਰਹਾਉ॥

ਅਰਥ-ਹੇ ਭਾਈ! ਜਦ ਤਕ ਜੁਆਨੀ 'ਚ ਸਾਹ ਆ ਰਿਹੈ ਤਦ ਤਕ ਪ੍ਰਭੂ ਨਾਮ ਸਿਮਰ, ਬੁਢੇਪੇ 'ਚ ਨਾਮ ਜਪਣਾ ਔਖਾ ਹੋ ਜਾਏਗਾ। ਜੀਵਨ-ਸਫ਼ਰ ਵਿੱਚ ਹਰਿ-ਨਾਮ ਤੇਰੇ ਨਾਲ ਸਾਥ ਨਿਭਾਹੀ ਚੱਲੇਗਾ, ਅੰਤ ਸਮੇ ਭੀ ਤੈਨੂੰ ਔਕੜਾਂ ਤੋਂ ਬਚਾ ਲਏਗਾ। ਮੈਂ ਉਨ੍ਹਾਂ ਤੋਂ ਕੁਰਬਾਨ ਹਾਂ ਜਿਨ੍ਹਾਂ ਦੇ ਮਨ 'ਚ ਪ੍ਰਭੂ ਨਾਮ ਆ ਵੱਸਦਾ ਤੇ ਜਿਨ੍ਹਾਂ ਵਣਜਾਰਿਆਂ ਨੇ ਉਸ ਦਾ ਨਾਮ ਨਹੀਂ ਸਿਮਰਿਆ ਉਹ ਆਖ਼ਰ ਨੂੰ ਇਥੋਂ ਪਛਤਾਂਦੇ ਹੀ ਚਲੇ ਗਏ ਪਰ ਇਹ ਜੀਵ ਦੇ ਵੱਸ ਦੀ ਗੱਲ ਨਹੀਂ ਹੈ। ਹੇ ਦਾਸ ਨਾਨਕ! ਜਿਸ ਨੇ ਧੁਰ (ਆਰੰਭ) ਤੋਂ ਮਸਤਕ ਭਾਵ ਜਿਹਨ 'ਚ ਪ੍ਰਭੂ ਦਾ ਲੇਖ ਸਮਝ ਲਿਆ ਉਹੀ ਪ੍ਰਭੂ ਦਾ ਨਾਮ ਸਿਮਰਦਾ ਹੈ।੩। ਹੇ ਮੇਰੇ ਮਨ! ਹਰਿ-ਨਾਮ ਵਿਚ ਪ੍ਰੀਤ ਜੋੜ, ਵਡਭਾਗੀ ਮਨੁੱਖ ਗੁਰੂ ਨੂੰ ਮਿਲ ਗੁਰੂ-ਸ਼ਬਦ ਰਾਹੀਂ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਜਾਂਦਾ ਹੈ।੧। ਰਹਾਉ।

ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ ॥ ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥ ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥ ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ ॥ ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥੪॥ ਮਨਿ ਹਰਿ ਹਰਿ ਜਪਨੁ ਕਰੇ ॥ ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹਰੇ॥੧॥ਰਹਾਉ॥

ਅਰਥ-ਪ੍ਰਭੂ ਆਪ ਹੀ ਆਪਣੇ ਆਪ ਨੂੰ ਜਗਤ-ਰੂਪ ਵਿਚ ਪ੍ਰਗਟ ਕਰਦੈ ਆਪ ਹੀ ਜੀਵਾਂ ਨੂੰ ਜਿੰਦ ਸਰੀਰ ਦੇਂਦਾ ਤੇ ਆਪ ਹੀ ਵਾਪਸ ਲੈ ਲੈਂਦਾ ਹੈ। ਉਹ ਆਪ ਹੀ ਜੀਵਾਂ ਨੂੰ ਮਾਇਆ-ਭਟਕਣਾ 'ਚ 'ਪਿਆਂ ਨੂੰ ਸਹੀ ਜੀਵਨ ਵਾਸਤੇ ਅਕਲ ਦੇਂਦਾ ਹੈ। ਜੋ ਮਨੁੱਖ ਗੁਰੂ ਦੀ ਸਰਨ ਪੈਂਦੇ ਨੇ ਉਨ੍ਹਾਂ ਦੇ ਮਨ 'ਚ ਆਤਮਕ ਚਾਨਣ ਹੋ ਜਾਂਦੈ ਪਰ ਅਜੇਹੇ ਬੰਦੇ ਵਿਰਲੇ ਹੀ ਹੁੰਦੇ ਹਨ। ਮੈਂ ਉਨ੍ਹਾਂ ਬੰਦਿਆਂ ਤੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਨੇ ਗੁਰੂ ਦੀ ਮਤਿ ਲੈ ਕੇ ਪ੍ਰਭੂ ਨਾਲ ਮਿਲਾਪ ਪ੍ਰਾਪਤ ਕਰ ਲਿਆ ਹੈ। ਗੁਰੂ ਦੀ ਮਿਹਰ ਨਾਲ ਦਾਸ ਨਾਨਕ ਦੇ ਅੰਦਰ ਭੀ ਹਿਰਦਾ-ਕੌਲ-ਫੁੱਲ ਖਿੜ ਪਿਐ ਮਨ 'ਚ ਪ੍ਰਭੂ ਆ ਵੱਸਿਆ ਹੈ।੪। ਹੇ ਮੇਰੀ ਜਿੰਦੇ! ਮਨ ਵਿਚ ਹਰੀ ਪਰਮਾਤਮਾ ਦਾ ਜਾਪ ਕਰ। ਦੌੜ ਕੇ ਪਰਮਾਤਮਾ ਦੀ ਸਰਨ ਜਾ ਪਉ, ਗੁਰੂ ਦੀ ਸਰਨ ਜਾ ਪਉ, ਆਪਣੇ ਸਾਰੇ ਪਾਪ ਤੇ ਦੁੱਖ ਦੂਰ ਕਰ ਲੈ।੧। ਰਹਾਉ। ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ॥ ਗੁਰੁ ਪੂਰਾ ਸਤਿਗੁਰੁ ਭੇਟੀਐ ਹਰਿ ਆਇ ਵਸੈ ਮਨਿ ਚਿਤ॥ ਮੈ ਧਰ ਨਾਮੁ ਅਧਾਰੁ ਹੈ ਹਰਿ ਨਾਮੈ ਤੇ ਗਤਿ ਮਤਿ॥ ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ॥ ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ ॥੫॥ ਹਰਿ ਧਿਆਵਹੁ ਹਰਿ ਪ੍ਰਭੁ ਸਤਿ॥ ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤ॥੧॥ ਰਹਾਉ॥

ਅਰਥ-ਹਰੇਕ ਘਟ ਵਿਚ, ਹਰੇਕ ਮਨ ਵਿਚ ਸੋਹਣਾ ਰਾਮ ਵੱਸਦੈ ਪਰ ਦਿੱਸਦਾ ਨਹੀਂ। ਉਹ ਕਿਵੇਂ ਲੱਭੇ? ਕਿਸ ਤਰੀਕੇ ਨਾਮ ਮਿਲੇ? ਜੇ ਪੂਰਾ ਸਤਿਗੁਰੂ ਮਿਲ ਪਏ, ਤਾਂ ਪ੍ਰਭੂ ਆਪ ਆ ਕੇ ਮਨ-ਚਿੱਤ ਵਿਚ ਵੱਸ ਪੈਂਦਾ ਹੈ। ਮੇਰੇ ਵਾਸਤੇ ਤਾਂ ਉਸ ਦਾ ਨਾਮ ਹੀ ਆਸਰਾ-ਪਰਨਾ ਹੈ। ਉਸ ਦੇ ਨਾਮ ਤੋਂ ਹੀ ਉੱਚੀ ਆਤਮਕ ਅਵਸਥਾ ਤੇ ਅਕਲ ਮਿਲਦੀ ਹੈ। ਮੇਰੇ ਪਾਸ ਤਾਂ ਪ੍ਰਭੂ-ਨਾਮ ਹੀ ਰਾਸਿ-ਪੂੰਜੀ ਹੈ। ਉਸ ਦੇ ਨਾਮ 'ਚ ਜੁੜਨਾ ਹੀ ਮੇਰੇ ਵਾਸਤੇ ਉੱਚੀ ਜਾਤਿ ਤੇ ਲੋਕ ਪ੍ਰਲੋਕ ਦੀ ਇੱਜ਼ਤ ਹੈ। ਹੇ ਦਾਸ ਨਾਨਕ! ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਸਿਮਰਿਆ ਹੈ, ਉਹ ਪਰਮਾਤਮਾ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ, ਪਰਮਾਤਮਾ ਦੇ ਨਾਮ-ਰੰਗ ਵਿਚ ਉਸ ਦੀ ਪ੍ਰੀਤਿ ਬਣੀ ਰਹਿੰਦੀ ਹੈ।੫। ਹੇ ਭਾਈ! ਸਦਾ ਕਾਇਮ ਰਹਿਣ ਵਾਲੇ ਹਰੀ ਨੂੰ ਸਿਮਰਦੇ ਰਹੋ ਜਿਸ ਤੋਂ ਇਹ ਸਾਰੀ ਜਗਤ-ਰਚਨਾ ਹੋਈ, ਉਸ ਹਰੀ-ਪ੍ਰਭੂ ਨਾਲ ਡੂੰਘੀ ਸਾਂਝ ਗੁਰੂ ਦੇ ਬਚਨਾਂ ਦੀ ਰਾਹੀਂ ਹੀ ਪੈ ਸਕਦੀ ਹੈ।੧। ਰਹਾਉ।

ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰ ਪਾਸਿ॥ ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ॥ ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ॥ ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ॥ ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ॥੬॥ ਹਰਿ ਧਿਆਵਹੁ ਸਾਸਿ ਗਿਰਾਸਿ॥ ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ ਹਰਿ ਨਾਮੁ ਜਿਨਾ ਰਹਰਾਸਿ ॥੧॥ਰਹਾਉ॥੧॥

ਅਰਥ-ਜਿਨ੍ਹਾਂ ਮਨੁੱਖਾਂ ਨੂੰ ਬਚਪਨ 'ਚ ਕੀਤੇ ਕਰਮਾਂ ਅਨੁਸਾਰ ਭਲੇ ਸੰਸਕਾਰਾਂ ਦਾ ਲੇਖ ਪ੍ਰਾਪਤ ਹੋ ਜਾਂਦਾ, ਜਿਨ੍ਹਾਂ ਦੇ ਅੰਦਰ ਪੂਰਬਲੇ ਚੰਗੇ ਸੰਸਕਾਰ ਜਾਗ ਪੈਂਦੇ ਨੇ ਉਹ ਮਨੁੱਖ ਗੁਰੂ ਕੋਲ ਆ ਕੇ ਗੁਰੂ-ਚਰਨਾਂ 'ਚ ਮਿਲ ਬੈਠਦੇ ਹਨ। ਹਰਿ-ਨਾਮ ਦਾ ਵਣਜ ਕਰਨ ਆਏ ਹੇ ਮਿਤ੍ਰ! ਸੇਵਕ-ਭਾਵ ਵਿਚ ਰਿਹਾਂ ਗੁਰੂ ਉਨ੍ਹਾਂ ਅੰਦਰ ਪ੍ਰਭੂ-ਨਾਮ ਪਰਗਟ ਕਰ ਦੇਂਦਾ ਹੈ। ਜੀਵ-ਵਣਜਾਰਿਆਂ ਦਾ ਇਹ ਵਣਜ ਵਡਿਆਉਣ-ਜੋਗ ਹੈ। ਉਹ ਜੀਵ-ਵਣਜਾਰੇ ਭੀ ਭਾਗਾਂ ਵਾਲੇ ਜਿਨ੍ਹਾਂ ਨੇ ਪ੍ਰਭੂ-ਨਾਮ ਦਾ ਸੌਦਾ ਲੱਦਿਆ ਤੇ ਜਿਨ੍ਹਾਂ ਨੇ ਹਰਿ-ਨਾਮ ਦਾ ਸਰਮਾਇਆ ਇਕੱਠਾ ਕੀਤਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲੇ ਬੰਦਿਆਂ ਦੇ ਮੂੰਹ ਪ੍ਰਭੂ ਦਰ 'ਤੇ ਰੌਸ਼ਨ ਰਹਿੰਦੇ ਤੇ ਉਹ ਪਰਮਾਤਮਾ ਦੇ ਚਰਨਾਂ ਵਿਚ ਆ ਮਿਲਦੇ ਹਨ। ਹੇ ਦਾਸ ਨਾਨਕ! ਗੁਰੂ ਭੀ ਉਨ੍ਹਾਂ ਨੂੰ ਹੀ ਮਿਲਦੈ ਜਿਨ੍ਹਾਂ 'ਤੇ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਆਪ ਪ੍ਰਸੰਨ ਹੁੰਦਾ ਹੈ।੬। ਹੇ ਭਾਈ! ਹਰ ਸਾਹ ਤੇ ਗਿਰਾਹੀ ਨਾਲ ਪ੍ਰਭੂ-ਧਿਆਨ ਧਰਦੇ ਰਹੋ। ਗੁਰੂ ਦੇ ਸਨਮੁਖ ਰਹਿਣ ਵਾਲੇ ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦੇ ਨਾਮ ਨੂੰ ਆਪਣੇ ਜੀਵਨ ਦਾ ਹਿਸਾ ਬਣਾਇਐ ਉਨ੍ਹਾਂ ਗੁਰਮੁਖਾਂ ਦੇ ਮਨ 'ਚ ਪ੍ਰਭੂ-ਪ੍ਰੀਤ ਲੱਗ ਜਾਂਦੀ ਹੈ। ਇਹ ਵਣਜਾਰਿਆਂ ਤੇ ਵਣਜਾਰਾ ਬਾਣੀ ਬਾਰੇ ਕੁਝ ਸਿਧਾਂਤਕ ਵਿਚਾਰ ਨੇ ਜਿੰਨ੍ਹਾਂ ਨੂੰ ਪੜ੍ਹ ਵਿਚਾਰ ਕੇ ਕੁਝ ਸਿਖਿਆ ਤੇ ਕਮਾਇਆ ਜਾ ਸਕਦਾ ਹੈ।

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਗੁਰਦਵਾਰਾ ਨਾਨਕਸਰ ਸਾਹਿਬ ਚੈਰੀ ਐਵਨਿਉ ਫਰੀਜਨੋ ਵਿਖੇ ਭਾਈ ਘਨ੍ਹੱਈਆ ਜੀ ਦਾ ਯਾਦਗਾਰੀ ਦਿਵਸ ਮਨਾਇਆ ਗਿਆ

ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੀ ਮਾਨਵਤਾ ਨੂੰ ਧਰਮਾਂ ਤੋਂ ਉਪਰ ਉਠ ਕੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਸੰਦੇਸ਼ ਦਿੱਤਾ-ਇਸ ਸੰਦੇਸ਼ ਨੂੰ ਮੁੱਖ ਰੱਖਦੇ ਹੋਏ ਸਾਰੇ ਮਤਭੇਦ ਭੁਲਾ ਕੇ ਸਮੂਹ ਭਾਈਚਾਰੇ ਨੂੰ ਇਕ ਨਿਸ਼ਾਨ ਹੇਠ ਇਕੱਤਰ ਹੋਣ ਦੀ ਅਪੀਲ "ਇਕ ਪੰਥ ਇਕ ਸੋਚ"ਸਰਬੱਤ ਦੇ ਭਲੇ ਲਈ ਸਿੱਖ ਏਕਤਾ ਲਹਿਰ ਸੈਂਟਰਲ ਕੈਲੀਫੋਰਨੀਆ ਦੇ ਕੋਆਰਡੀਨੇਟਰ ਭਾਈ ਪਰਮਪਾਲ ਸਿੰਘ ਨੇ ਸੰਗਤਾਂ ਨੂੰ ਕੀਤੀ।

ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਦੇ ਮੁੱਖ ਸੇਵਾਦਾਰ ਭਾਈ ਤਰਨਜੀਤ ਸਿੰਘ ਨਿਮਾਣਾ ਲੁਧਿਆਣਾ (ਪੰਜਾਬ) ਦੀ ਪ੍ਰੇਰਨਾ ਸਦਕਾ ਰੈੱਡ ਕਰਾਸ ਸੁਸਾਇਟੀ ਦੇ ਬਾਨੀ ਸੇਵਾ ਸਿਮਰਨ ਤੇ ਨਿਮਰਤਾ ਦੇ ਪੁੰਜ ਭਾਈ ਘਨ੍ਹੱਈਆ ਸਿੰਘ ਸਾਹਿਬ ਜੀ ਦਾ 316ਵਾਂ ਮਲ੍ਹਮ ਪੱਟੀ ਦਿਵਸ ਨੂੰ ਸਮਰਪਿਤ ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਪੰਜਾਬ ਪ੍ਰਬੰਧਕੀ ਬੋਰਡ ਦੇ ਮੈਂਬਰ ਡਾਕਟਰ ਸੁਖਵੀਰ ਸਿੰਘ ਐਮ.ਡੀ ਵਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਤੇ ਮੁੱਖ ਸੇਵਾਦਾਰ ਬਾਬਾ ਕਰਤਾਰ ਸਿੰਘ ਦੇ ਪੂਰਨ ਸਹਿਯੋਗ ਨਾਲ ਕੀਰਤਨ ਤੇ ਕਥਾ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਗੁਰੂ ਘਰ ਦੇ ਕੀਰਤਨੀਏ ਭਾਈ ਹਰਭਜਨ ਸਿੰਘ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਅਤੇ ਭਾਈ ਪਰਮਪਾਲ ਸਿੰਘ ਨੇ ਸੰਗਤਾਂ ਨੂੰ ਭਾਈ ਘਨ੍ਹੱਈਆ ਸਿੰਘ ਸਾਹਿਬ ਜੀ ਦੇ ਜੀਵਨ ਤੇ ਮਲ੍ਹਮ ਪੱਟੀ ਦਿਵਸ ਦੇ ਇਤਿਹਾਸ ਤੇ ਚਾਨਣ ਪਾਉਂਦਿਆਂ ਦਸਿਆ ਕਿ ਭਾਈ ਘਨ੍ਹੱਈਆ ਸਿੰਘ ਜੀ ਨੇ ਜੰਗ ਦੇ ਮੈਦਾਨ ਵਿੱਚ ਬਿਨਾਂ ਭੇਦ-ਭਾਵ ਦੁਸ਼ਮਣਾਂ ਨੂੰ ਪਾਣੀ ਪਿਲਾਇਆ। ਸਿੱਖਾਂ ਨੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਪਾਸ ਜਾ ਕੇ ਸ਼ਿਕਾਇਤ ਕੀਤੀ ਕਿ ਅਸੀਂ ਦੁਸ਼ਮਣਾਂ ਨੂੰ ਜ਼ਖ਼ਮੀ ਕਰਕੇ ਸੁਟ ਦਿੰਦੇ ਹਾਂ ਤੇ ਭਾਈ ਘਨ੍ਹੱਈਆ ਸਿੰਘ ਜੀ ਉਨ੍ਹਾਂ ਨੂੰ ਪਾਣੀ ਪਿਲਾ ਦਿੰਦੇ ਹਨ ਅਤੇ ਦੁਸ਼ਮਣ ਸਾਡੇ ਨਾਲ ਫਿਰ ਤੋਂ ਲੜਨ ਲੱਗ ਪੈਂਦੇ ਹਨ।

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਭਾਈ ਘਨ੍ਹੱਈਆ ਸਿੰਘ ਜੀ ਨੂੰ ਪੁੱਛਿਆ ਕਿ ਤੁਸੀਂ ਦੁਸ਼ਮਣਾਂ ਨੂੰ ਪਾਣੀ ਪਿਲਾਇਆ ਹੈ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ ਭਾਈ ਘਨ੍ਹੱਈਆ ਸਿੰਘ ਜੀ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਗੁਰੂ ਸਾਹਿਬ ਜੀ ਮੈਂ ਕਿਸੇ ਦੁਸ਼ਮਣ ਨੂੰ ਪਾਣੀ ਨਹੀਂ ਪਿਲਾਇਆ, ਗੁਰੂ ਸਾਹਿਬ ਜੀ ਆਪ ਜੀ ਦਾ ਰੂਪ ਸਮਝ ਕੇ ਹੀ ਸਾਰਿਆਂ ਨੂੰ ਪਾਣੀ ਪਿਲਾਇਆ ਹੈ ਜੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਭਾਈ ਘਨ੍ਹੱਈਆ ਸਿੰਘ ਜੀ ਦੇ ਇਸ ਉਤਰ ਤੋਂ ਭਾਈ ਘਨ੍ਹੱਈਆ ਸਿੰਘ ਜੀ ਨੂੰ ਗਲਵੱਕੜੀ ਵਿੱਚ ਲੈ ਲਿਆ ਤੇ ਅਸ਼ੀਰਵਾਦ ਦੇ ਕੇ ਮਲ੍ਹਮ ਦੀ ਡੱਬੀ ਤੇ ਪੱਟੀ ਦਿੰਦੇ ਹੋਏ ਕਿਹਾ ਕਿ ਅਕਾਲ ਪੁਰਖ ਨਿਰੰਕਾਰ ਨੇ ਮੈਨੂੰ ਸੰਸਾਰ ਦੇ ਸਾਰੇ ਜੀਵਾਂ ਵਿੱਚ ਪਰਮੇਸ਼ਰ ਦਿਖਾਇਆ ਹੈ ਕਿ ਉਹ ਇਕ ਹੈ ਤੇ ਹਰੇਕ ਜੀਵ ਵਿੱਚ ਵਸਦਾ ਹੈ।

ਭਾਈ ਘਨ੍ਹੱਈਆ ਸਿੰਘ ਜੀ ਹੁਣ ਤੁਹਾਨੂੰ ਵੀ ਹਰੇਕ ਜੀਵ ਵਿੱਚ ਪਰਮਾਤਮਾ ਦਿੱਸਣ ਲੱਗ ਪਿਆ ਹੈ। ਭਾਈ ਸਾਹਿਬ ਨੇ ਬਿਨੈ ਕਰ ਕਿਹਾ ਕਿ ਆਪ ਜੀ ਨੇ ਜੰਗ ਦੇ ਮੈਦਾਨ ਵਿੱਚ ਇਹ ਭਾਵ ਸੇਵਕ ਅੰਦਰ ਪੈਦਾ ਕਰਕੇ ਆਪ ਜੀ ਨੇ ਹੀ ਇਹ ਕਲਾ ਵਰਤਾਈ ਹੈ।ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਕਿਹਾ ਕਿ ਤੂਸੀ ਜੰਗ ਦੇ ਮੈਦਾਨ ਵਿੱਚ ਜ਼ਖ਼ਮੀਆਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰਦੇ ਹੋ ਅੱਗੇ ਤੋਂ ਜ਼ਖਮੀਆਂ ਨੂੰ ਮਲ੍ਹਮ ਪੱਟੀ ਦੀ ਸੇਵਾ ਵੀ ਕਰਿਆ ਕਰੋ। ਨਾਂ ਕੋਈ ਵੈਰੀ ਨਹੀਂ ਬਿਗਾਨਾ ਦੇ ਇਸ ਸਿੱਧਾਂਤ ਨੂੰ ਅਪਨਾ ਕੇ ਹੀ ਸਰਬੱਤ ਦੇ ਭਲੇ ਲਈ ਸਿੱਖ ਏਕਤਾ ਹੋ ਸਕਦੀ ਹੈ।ਮੌਕੇ ਤੇ ਸੰਗਤਾਂ ਵਿੱਚ ਗੁਰੂ ਘਰ ਦੇ ਸੇਵਾਦਾਰ, ਕਮੇਟੀ ਮੈਂਬਰ ਹਾਜ਼ਰ ਸਨ।

Law Office of
NIRWAN & ASSOCIATES

www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics

Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

ਪੂੰਜੀਵਾਦੀ ਗਲਬਾ ਅਜਿਹੀ ਅਦਿੱਖ ਗੁਲਾਮੀ ਹੈ ਜਿਸ ਦੀ ਸਮਝ ਬੜੀ ਦੇਰ ਨਾਲ ਆਉਂਦੀ ਹੈ - ਡਾ: ਨੂਰਪੁਰ

ਬਹੁਗਿਣਤੀ ਲੋਕਾਂ ਦੀ ਬੌਧਿਕਤਾ ਨੂੰ ਖਾਣ ਪੀਣ ਅਤੇ ਕੱਪੜੇ ਪਹਿਨਣ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ- ਕਾਲਮਨਵੀਸ ਮੰਚ

ਫਗਵਾੜਾ (ਬੀ.ਕੇ.ਰੱਤੂ)– "ਕਾਰਪੋਰੇਟ ਘਰਾਣਿਆਂ ਦਾ ਗਲਬਾ ਧਰਤੀ ਦੇ ਵੱਖ ਵੱਖ ਖਿਤਿਆਂ, ਖਣਿੱਜ ਪਦਾਰਥਾਂ, ਪਹਾੜਾਂ, ਝੀਲਾਂ, ਬੰਦਰਗਾਹਾਂ ਹਵਾਈ ਅੱਡਿਆਂ, ਮੀਡੀਆ ਹਾਊਸਾਂ ਤੋਂ ਲੈ ਕੇ ਸਾਡੇ ਦੁਆਰਾ ਵਰਤੀਆਂ ਜਾਣ ਵਾਲੀਆਂ ਵਸਤਾਂ ਅਤੇ ਲੋੜਾਂ ਤੱਕ ਹੀ ਸੀਮਤ ਨਹੀ ਰਿਹਾ ਇਹ ਹੁਣ ਸਾਡੀਆਂ ਭੌਤਿਕ ਲੋੜਾਂ ਤੋ ਵੀ ਅਗੇ ਵਧ ਕੇ ਸਾਡੀਆਂ ਮਾਨਸਿਕ ਤੇ ਸਭਿਆਚਾਰਕ ਲੋੜਾਂ ਨੂੰ ਵੀ ਆਪਣੇ ਮੁਨਾਫੇ ਵਾਧੇ ਲਈ ਢਾਲ ਰਿਹਾ ਹੈ। ਪੂੰਜੀਵਾਦੀ ਗਲਬਾ ਅਜਿਹੀ ਅਦਿੱਖ ਗੁਲਾਮੀ ਹੈ ਜਿਸ ਦੀ ਸਮਝ ਬੜੀ ਦੇਰ ਨਾਲ ਆਉਂਦੀ ਹੈ। ਇਹ ਵਿਚਾਰ ਨਾਮਵਰ ਕਾਲਮਨਵੀਸ ਡਾ ਗੁਰਚਰਨ ਨੂਰਪੁਰ ਨੇ ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਵਲੋ ਕਰਵਾਏ ਕੌਮਾਂਤਰੀ ਵੈ-ੱਬਨਾਰ ਨੂੰ ਸੰਬੋਧਨ ਕਰਦਿਆਂ ਕਹੇ। ਮੰਚ ਪ੍ਰਧਾਨ ਗੁਰਮੀਤ ਸਿੰਘ ਪਲਾਹੀ ਦੀ ਅਗਵਾਈ ਵਿੱਚ ਕਰਵਾਏ ਜਾ ਰਹੇ ਇਸ ਵੈ-ੱਬਨਾਰ ਚ ਆਪਣੀ ਗੱਲ ਨੂੰ ਅਗੇ ਤੋਰਦਿਆਂ ਡਾ ਨੂਰਪੁਰ ਨੇ ਕਿਹਾ ਕਿ ਇਸ ਵਿਵਸਥਾ ਦੀਆਂ ਸਭ ਤਰਜੀਹਾਂ ਮੁਨਾਫੇ ਲਈ ਹਨ। ਇਸ ਲਈ ਇਸਦੀ ਕੋਸ਼ਿਸ਼ ਲੋਕਾਂ ਨੂੰ ਵੱਧ ਤੋਂ ਵੱਧ ਸਾਧਨਹੀਣ ਬਣਾਉਣਾ ਹੈ। ਹਰ ਤਰ੍ਹਾਂ ਦੀਆਂ ਜਨਤਕ ਸੇਵਾਵਾਂ ਨੂੰ ਖਤਮ ਕਰਨਾ ਹੈ। ਬਹੁਗਿਣਤੀ ਲੋਕਾਂ ਦੀ ਬੌਧਿਕਤਾ ਨੂੰ ਖਾਣ ਪੀਣ ਅਤੇ ਕੱਪੜੇ ਪਹਿਨਣ ਤੱਕ ਹੀ ਸੀਮਤ ਕਰਨਾ ਹੈ।

ਜਾਣਕਾਰੀ ਦਿੰਦਿਆਂ ਮੀਡੀਆ ਕੋਆਰਡੀਨੇਟਰ ਪਰਵਿੰਦਰਜੀਤ ਸਿੰਘ ਨੇ ਦਸਿਆ ਹੈ ਕਿ ਡਾ ਨੂਰਪੁਰ ਨੇ ਅਗੇ ਕਿਹਾ ਕਿ ਮੰਡੀ ਤੇ ਇਸ ਦਾ ਸੰਚਾਲਨ ਕਰ ਰਹੇ ਕਾਰਪੋਰੇਟ ਘਰਾਣਿਆਂ ਦੀਆਂ ਨੀਤੀਆਂ ਅਜਿਹੀਆਂ ਨੀਤੀਆਂ ਹਨ ਜਿਨ੍ਹਾ ਦੀ ਆਮ ਮਨੁੱਖ ਨੂੰ ਤਾਂ ਕੀ ਆਪਣੇ ਆਪ ਨੂੰ ਸਰਬ ਗਿਆਤਾ ਸਮਝਦੇ ਬੁੱਧੀਜੀਵੀਆਂ ਨੂੰ ਵੀ ਛੇਤੀ ਕੀਤਿਆਂ ਸਮਝ ਨਹੀਂ ਪੈਂਦੀ। ਬਹੁਤ ਸਾਰੇ ਰਾਜਨੇਤਾ ਵੀ ਇਸ ਸਮਝ ਪੱਖੋਂ ਸੱਖਣੇ ਹਨ। ਖੇਤੀਬਾੜੀ ਲਈ ਪਾਸ ਨਵੇਂ ਕਾਨੂੰਨਾਂ ਖ਼ਿਲਾਫ ਪੰਜਾਬ ਹਰਿਆਣਾ ਵਿੱਚ ਪਹਿਲੀ ਵਾਰ ਕਾਰਪੋਰੇਟ ਨੀਤੀਆਂ ਦਾ ਵੱਡਾ ਵਿਰੋਧ ਹੋਇਆ ਹੈ। ਇਹ ਦੇਸ਼ ਵਿੱਚ ਵਾਪਰ ਰਹੀ ਅਜਿਹੀ ਪਹਿਲੀ ਘਟਨਾ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਲੋਕ ਪਹਿਲੀ ਵਾਰ ਵੱਡੀ ਗਿਣਤੀ ਵਿੱਚ ਕਾਰਪੋਰੇਟ ਨੀਤੀਆਂ ਦੇ ਵਿਰੋਧ ਵਿੱਚ ਸੜਕਾਂ 'ਤੇ ਆਏ ਹਨ। ਰਾਜਨੀਤਕ ਪਾਰਟੀਆਂ ਨੂੰ ਵੀ ਆਪਣੇ ਪਿੱਛੇ ਲੱਗਣ ਤੇ ਆਪਣੀ ਨੀਤੀ ਚ ਕੂਹਣੀ ਮੋੜ ਲੈਣ ਲਈ ਮਜ਼ਬੂਰ ਕੀਤਾ ਹੈ। ਮੌਜੂਦਾ ਕੁਦਰਤ ਤੇ ਮਨੁੱਖ ਦੋਖੀ ਵਿਕਾਸ ਮਾਡਲ ਦੇ ਵਿਕਲਪਿਕ ਕੁਦਰਤ ਤੇ ਮਨੁੱਖ ਮੁੱਖੀ ਵਿਕਾਸ ਮਾਡਲ ਲਾਗੂ ਕਰਨ ਲਈ ਰਾਜਨੀਤਕ ਚੇਤਨਾ ਤੇ&; ਵਿਸ਼ਾਲ ਲੋਕ ਲਾਮਬੰਦੀ ਇਨ੍ਹਾਂ ਮੰਡੀ ਤੇ ਕਾਰਪੋਰੇਟੀ ਨੀਤੀਆਂ ਨੂੰ ਅਗੇ ਵਧਣ ਤੋ ਰੋਕਣ ਦਾ ਰਾਹ ਬਚਦਾ ਹੈ। ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਭਾਰਤ ਵਿੱਚ ਕਾਰਪੋਰੇਟ ਸੈਕਟਰ ਦਾ ਫੈਲਾ ਦਹਾਕਿਆਂ ਤੋਂ ਵੱਧ ਰਿਹਾ ਹੈ ਅਤੇ ਹੁਣ ਇਹ ਚਰਮ ਸੀਮਾ ਤੇ ਪੁੱਜ ਗਿਆ ਹੈ। ਦੇਸ਼ ਦੀ ਦੌਲਤ ਕੁਝ ਪਰਿਵਾਰਾਂ ਦੇ ਹੱਥ ਵਿੱਚ ਵੱਧ ਰਹੀ ਹੈ ਅਤੇ ਗਰੀਬੀ ਤੇ ਭੁੱਖਮਰੀ ਨੇ ਆਮ ਲੋਕਾਂ ਨੂੰ ਬੇਹਾਲ ਕਰ ਦਿੱਤਾ ਹੈ।

ਵੈਬੀਨਾਰ ਵਿਚ ਡਾ. ਗੁਰਚਰਨ ਸਿੰਘ ਨੂਰਪੁਰ,ਡਾ: ਗਿਆਨ ਸਿੰਘ, ਡਾ: ਰਣਜੀਤ ਸਿੰਘ ਘੁੰਮਣ,ਵਰਿੰਦਰ ਸ਼ਰਮਾ ਯੂਕੇ, ਰਵਿੰਦਰ ਸਹਿਰਾਅ, ਡਾ. ਐਸਪੀ. ਸਿੰਘ, ਡਾ: ਹਰਜਿੰਦਰ ਵਾਲੀਆ, ਮੋਤਾ ਸਿੰਘ ਸਰਾਏ ਯੂਕੇ, ਗੁਰਮੀਤ ਸਿੰਘ ਪਲਾਹੀ, ਗਿਆਨ ਸਿੰਘ ਮੋਗਾ ਨੇ ਵਿਚਾਰ ਰੱਖੇ।

ਵੈੱਬੀਨਾਰ ਚਰਚਾ ਨੂੰ ਅਗੇ ਤੋਰਦਿਆਂ ਡਾ ਗਿਆਨ ਸਿੰਘ ਨੇ ਕਿਹਾ ਕਿ, ਮੋਦੀ ਸਰਕਾਰ ਨੇ ਪੁਰਾਣੀ ਸ਼ਰਾਬ ਹੀ ਨਵੀਆਂ ਬੋਤਲਾਂ ਵਿੱਚ ਪਾ ਕੇ ਪੇਸ਼ ਕੀਤੀ। ਪੁਰਾਣੇ ਕਾਰਪੋਰੇਟ ਕਲਚਰ ਨੂੰ, ਲੋਕ-ਹਿੱਤ ਦੀ ਝੂਠੀ ਪੁੱਠ ਦੇ ਕੇ ਹੋਰ ਜ਼ੋਰ ਸ਼ੋਰ ਨਾਲ ਪ੍ਰਚਾਰਿਆ ਗਿਆ। ਸਾਨੂੰ ਜੁਗਾਦਿ ਅਰਥ ਵਿਗਿਆਨੀਆਂ ਦੀ ਥਾਂ ਲੋਕ ਭਲਾਈ ਵਾਲੇ ਅਰਥ ਵਿਗਿਆਨੀਆਂ ਦੀ ਲੋੜ ਹੈ। ਡਾ: ਰਣਜੀਤ ਸਿੰਘ ਘੁੰਮਣ ਮੁਤਾਬਕ ਇਹ ਵੇਖਣਾ ਜ਼ਰੂਰੀ ਹੈ ਕਿ ਰਾਜ ਸੱਤਾ ਕਿਹੜੇ ਲੋਕਾਂ ਦੇ ਕਬਜ਼ੇ ਵਿੱਚ ਹੈ, ਸਿਰਫ ਲੱਛਣਾਂ ਨੂੰ ਹੀ ਵੇਖਣ ਦੀ ਲੋੜ ਨਹੀਂ ਬਲਕਿ ਜੜ੍ਹ ਨੂੰ ਵੀ ਵੇਖਣ ਦੀ ਲੋੜ ਹੈ। ਪੂੰਜੀਵਾਦ ਕੋਲ ਕੇਵਲ ਦਿਮਾਗ ਹੁੰਦਾ ਹੈ, ਦਿਲ ਨਹੀਂ ਹੁੰਦਾ। ਡਾ: ਹਰਜਿੰਦਰ ਵਾਲੀਆ ਮੁਤਾਬਕ ਬਾਜ਼ਾਰ ਅਤੇ ਕਾਰਪੋਰੇਟ ਨੇ ਮੀਡੀਆ ਨੂੰ ਆਪਣੇ ਸ਼ਿਕੰਜੇ ਵਿੱਚ ਲੈ ਲਿਆ ਹੈ, ਉਹਨਾਂ ਨੇ ਕਾਰਪੋਰੇਟ ਦੇ ਗ਼ਲਬੇ ਨੂੰ ਸਮਝਾਉਣ ਲਈ ਜੀਓ ਨੈੱਟਵਰਕ ਦੀ ਮਿਸਾਲ ਦਿੱਤੀ। ਡਾ : ਐਸ.ਪੀ. ਸਿੰਘ ਨੇ ਕਿਹਾ ਕਿ ਕਾਰਪੋਰੇਟ ਸੈਕਟਰ ਆਪਣੀਆਂ ਬਾਹਵਾਂ ਲਗਾਤਾਰ ਫੈਲਾ ਰਿਹਾ ਹੈ ਅਤੇ ਮੌਜੂਦਾ ਮੰਡੀ ਉਤੇ ਆਪਣੀ ਪਕੜ ਪੀਡੀ ਕਰ ਰਿਹਾ ਹੈ। ਵਰਿੰਦਰ ਸ਼ਰਮਾ ਐਮ.ਪੀ. ਬਰਤਾਨੀਆ ਮੁਤਾਬਕ ਕਾਰਪੋਰੇਟ ਨੂੰ ਨੱਥ ਪਾਉਣ ਲਈ ਆਰਥਿਕਤਾ ਦੀ ਸਮਝ ਹੋਣੀ ਬਹੁਤ ਜ਼ਰੂਰੀ ਹੈ, ਅਰਥ ਵਿਗਿਆਨੀ ਸਾਨੂੰ ਇਸ ਮਾਮਲੇ ਵਿੱਚ ਸੇਧ ਦੇਣ, ਇਸ ਤੋਂ ਅਗਲੀ ਲੋੜ ਇਹ ਹੈ ਰਾਜ ਸੱਤਾ ਦੀ ਲੋਕਾਂ ਨੂੰ ਪ੍ਰਾਪਤੀ ਹੋਣੀ ਵੀ ਜ਼ਰੂਰੀ ਹੈ। ਰਵਿੰਦਰ ਸਹਿਰਾਅ ਦੱਸਿਆ ਕਿ ਚੌਮਸਕੀ ਵਰਗੇ ਅਰਥ ਸ਼ਾਸਤਰੀਆਂ ਨੂੰ ਅੱਜਕੱਲ੍ਹ ਕੋਈ ਜਾਣਦਾ ਤੱਕ ਨਹੀਂ ਜੋ ਕਿ ਚਿੰਤਾ ਦਾ ਵਿਸ਼ਾ ਹੈ। ਭਾਰਤ ਦੀ ਜੀਡੀਪੀ ਘੱਟ ਰਹੀ ਹੈ ਪ੍ਰੰਤੂ ਚੀਨ ਦੀ ਬਹੁਤ ਘੱਟ ਪ੍ਰਭਾਵਿਤ ਹੋਈ ਹੈ। ਮੋਤਾ ਸਿੰਘ ਸਰਾਏ ਯੂਕੇ ਮੁਤਾਬਕ ਸਰਕਾਰਾਂ ਨੇ ਰਾਜ ਕਰਨਾ ਹੁੰਦਾ ਹੈ ਅਤੇ ਲੋਕਾਂ ਨੇ ਜਿਉਣਾ ਹੁੰਦਾ ਹੈ, ਇਸ ਲਈ ਲੋਕਾਂ ਦੇ ਜੀਵਨ ਵਾਸਤੇ ਸਹੀ ਉਪਰਾਲੇ ਕਰਨਾ ਜ਼ਰੂਰੀ ਹੈ। ਕੰਵਲਜੀਤ ਸਿੰਘ ਜਵੰਦਾ ਮੁਤਾਬਕ ਸਾਨੂੰ ਪਹਿਲਾਂ ਤਾਂ ਆਪਣਾ ਰਸਤਾ ਪਛਾਨਣ ਦੀ ਲੋੜ ਹੈ ਕਿ ਕਿਹੜਾ ਮਾਡਲ ਸਾਡੇ ਲਈ ਸਹੀ ਹੈ?ਐੱਸ. ਐੱਲ. ਵਿਰਦੀ ਮੁਤਾਬਕ ਅਸੀਂ ਉਦੋਂ ਹੀ ਬੋਲਦੇ ਹਾਂ ਜਦੋਂ ਸਾਡੇ ਉੱਪਰ ਮੁਸੀਬਤ ਪੈਂਦੀ ਹੈ ਉਹਨਾਂ ਕਿਹਾ ਕਿ ਕਿਸਾਨੀ ਅੰਦੋਲਨ ਵਿੱਚ ਖੇਤ ਮਜ਼ਦੂਰ ਦੀ ਗੱਲ ਹੋਣੀ ਬਹੁਤ ਹੀ ਜ਼ਰੂਰੀ ਹੈ। ਜੀ ਐੱਸ. ਗੁਰਦਿੱਤ ਨੇ ਕਿਹਾ ਕਿ ਕਾਰਪੋਰੇਟ ਨੇ ਸਮਾਜ ਭਲਾਈ ਦਾ ਇੱਕ ਝੂਠਾ ਮੁਖੌਟਾ ਪਾਇਆ ਹੋਇਆ ਹੈ, ਅਮਰੀਕਾ ਵਰਗੇ ਦੇਸ਼ਾਂ ਵਿੱਚ ਇਹ ਬਹੁਤ ਪਹਿਲਾਂ ਆ ਜਾਣ ਕਾਰਨ ਇਸਦੇ ਅਸਰ ਉਥੇ ਸਪਸ਼ਟ ਨਜ਼ਰ ਆ ਰਹੇ ਹਨ ਪ੍ਰੰਤੂ ਭਾਰਤ ਵਿੱਚ ਇਸਦੇ ਅਸਰ ਦਿਸਣੇ ਅਜੇ ਬਾਕੀ ਹਨ। ਰਵਿੰਦਰ ਚੋਟ ਨੇ ਵਿਚਾਰ ਪ੍ਰਗਟਾਇਆ ਕਿ ਸਾਨੂੰ ਆਪਣੀ ਆਵਾਜ਼ ਲੋਕਾਂ ਦੇ ਵਿੱਚ ਲੈ ਕੇ ਜਾਣੀ ਜ਼ਰੂਰੀ ਹੈ।

ਇਸ ਵੈਬੀਨਾਰ ਵਿੱਚ ਡਾ: ਗੁਰਚਰਨ ਸਿੰਘ ਨੂਰਪੁਰ, ਡਾ: ਗਿਆਨ ਸਿੰਘ, ਡਾ: ਰਣਜੀਤ ਸਿੰਘ ਘੁੰਮਣ, ਵਰਿੰਦਰ ਸ਼ਰਮਾ ਐਮ.ਪੀ. ਯੂਕੇ, ਡਾ: ਹਰਜਿੰਦਰ ਵਾਲੀਆ, ਡਾ ਐਸ.ਪੀ. ਸਿੰਘ, ਮੋਤਾ ਸਿੰਘ ਸਰਾਏ ਯੂਕੇ, ਗੁਰਮੀਤ ਸਿੰਘ ਪਲਾਹੀ, ਰਵਿੰਦਰ ਸਹਿਰਾਅ, ਪਰਵਿੰਦਰਜੀਤ ਸਿੰਘ, ਕੇਹਰ ਸ਼ਰੀਫ, ਬੰਸੋ ਦੇਵੀ, ਐਡਵੋਕੇਟ ਐਸ.ਐਲ. ਵਿਰਦੀ, ਡਾ: ਆਸਾ ਸਿੰਘ ਘੁੰਮਣ, ਡਾ: ਕੰਵਲਜੀਤ ਜਵੰਦਾ, ਜੀ.ਐਸ. ਗੁਰਦਿੱਤ, ਰਵਿੰਦਰ ਚੋਟ, ਡਾ: ਚਰਨਜੀਤ ਸਿੰਘ ਗੁਮਟਾਲਾ, ਸੁਰਿੰਦਰ ਮਚਾਕੀ, ਡਾ: ਸ਼ਿਆਮ ਸੁੰਦਰ ਦੀਪਤੀ, ਬੇਅੰਤ ਕੌਰ ਗਿੱਲ, ਗਿਆਨ ਸਿੰਘ ਮੋਗਾ, ਗੁਰਦੀਪ ਬੰਗੜ ਯੂਕੇ, ਇੰਦਰ-ਜੀਤ ਸਿੰਘ ਲੁਧਿਆਣਾ, ਐਡਵੋਕੇਟ ਦਰਸ਼ਨ ਸਿੰਘ ਰਿਆੜ, ਜਨਕ ਪਲਾਹੀ, ਪਰਗਟ ਸਿੰਘ ਰੰਧਾਵਾ, ਜਗਦੀਪ ਸਿੰਘ ਕਾਹਲੋਂ, ਲਖਬੀਰ ਕੌਰ, ਗੁਰਜੀਤ ਸਿੰਘ , ਗੁਰਪ੍ਰੀਤ ਸਿੰਘ ਪਟਿਆਲਾ, ਮਨਦੀਪ ਸਿੰਘ, ਰਵੀ ਅਤੇ ਹੋਰ ਵੈਬੀਨਾਰ 'ਚ ਸ਼ਾਮਲ ਹੋਏ। ਵੈਬੀਨਾਰ ਦੇ ਹੋਸਟ ਪਰਵਿੰਦਰਜੀਤ ਸਿੰਘ ਸਨ।

ਪੰਜਾਬ 'ਚ ਗਧਿਆਂ ਦੀ ਗਿਣਤੀ ਘਟਣ 'ਤੇ ਕੇਂਦਰ ਸਰਕਾਰ ਚਿੰਤਤ



ਨਵੀਂ ਦਿੱਲੀ– ਉਤਰ ਭਾਰਤ ਦੇ ਸੂਬੇ ਪੰਜਾਬ 'ਚ ਗਧੇ, ਘੋੜੇ, ਖੱਚਰਾਂ ਦੀ ਗਿਣਤੀ 'ਚ ਭਾਰੀ ਕਮੀ ਆਈ ਹੈ। ਪਸ਼ੂ ਪਾਲਣ ਵਿਭਾਗ ਦੇ ਅੰਕੜਿਆਂ ਮੁਤਾਬਕ ਪੰਜਾਬ 'ਚ ਇਹਨਾਂ ਜਾਨਵਰਾਂ ਦੀ ਆਬਾਦੀ ਬਹੁਤ ਤੇਜ਼ੀ ਨਾਲ ਘੱਟ ਰਹੀ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। 20ਵੀਂ ਪਸ਼ੂ ਪਾਲਣ ਮਰਦਮਸ਼ੁਮਾਰੀ 2019 ਦੀ ਰਿਪੋਰਟ ਕੇਂਦਰ ਸਰਕਾਰ ਨੂੰ ਭੇਜੀ ਗਈ ਹੈ, ਜਿਸ 'ਚ ਇਹ ਗੱਲ ਸਾਹਮਣੇ ਆਈ ਹੈ। ਪੰਜਾਬ 'ਚ ਸਭ ਤੋਂ ਵੱਧ ਗਿਰਾਵਟ ਗਧਿਆਂ ਦੀ ਗਿਣਤੀ 'ਚ ਆਈ ਹੈ। ਅੰਕੜਿਆਂ ਮੁਤਾਬਕ ਗਧਿਆਂ ਦੀ ਆਬਾਦੀ 83 ਫੀਸਦੀ ਘੱਟ ਹੋ ਗਈ ਹੈ ਅਤੇ ਹੁਣ ਸੂਬੇ 'ਚ ਸਿਰਫ 471 ਗਧੇ ਬਚੇ ਹਨ। ਘੋੜਿਆਂ ਦੀ ਗਿਣਤੀ 'ਚ 48.83 ਫੀਸਦੀ ਤੱਕ ਕਮੀ ਆਈ ਹੈ। ਇਸੇ ਤਰ੍ਹਾਂ ਖੱਚਰਾਂ ਦੀ ਗਿਣਤੀ ਵੀ 68.83 ਫੀਸਦੀ ਤੱਕ ਘੱਟ ਗਈ ਹੈ। ਜਾਣਕਾਰੀ ਮੁਤਾਬਕ ਪਿਛਲੇ 7 ਸਾਲਾਂ 'ਚ ਵਾਹਨਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ, ਜਿਸ ਕਾਰਨ ਇਹਨਾਂ ਜਾਨਵਰਾਂ ਦੀ ਵਰਤੋਂ ਨਹੀਂ ਰਹੀ। ਇਸੇ ਕਾਰਨ ਇਹਨਾਂ ਨੂ ਪਾਲਣ ਵਾਲੇ ਵੀ ਘੱਟ ਹੋ ਗਏ ਹਨ। ਰਾਜਸਥਾਨ 'ਚ ਗਧਿਆਂ ਦੀ ਆਬਾਦੀ ਸਭ ਤੋਂ ਵੱਧ 32000 ਹੈ। ਹਾਲਾਂਕਿ ਉਥੇ ਵੀ 2011 ਦੇ ਮੁਕਾਬਲੇ 71.83 ਫੀਸਦੀ ਦੀ ਕਮੀ ਆਈ ਹੈ। ਪੰਜਾਬ ਦੇ ਮੁਕਤਸਰ ਜ਼ਿਲ੍ਹੇ 'ਚ 56ਗਧੇ ਹਨ, ਜਦਕਿ ਫਾਜ਼ਿਲਕਾ ਵਿਚ 49 ਗਧੇ ਹਨ।

ਕਿਸਾਨਾਂ ਵਲੋਂ ਪਿੰਡ ਪਲਾਹੀ ਵਿਖੇ ਧਰਨਾ ਲਗਾਇਆ

ਫਗਵਾੜਾ– ਪਿੰਡ ਪਲਾਹੀ ਵਿਖੇ ਅੱਜ ਕਿਸਾਨਾਂ ਵਲੋਂ ਕਿਸਾਨ ਵਿਰੋਧੀ ਤਿੰਨ ਆਰਡੀਨੈਂਸਾਂ ਨੂੰ ਸਰਕਾਰ ਵਲੋਂ ਕਨੂੰਨ ਬਨਾਉਣ ਦੇ ਕੋਝੇ ਯਤਨਾਂ ਖਿਲਾਫ ਧਰਨਾ ਦਿੱਤਾ ਗਿਆ। ਕਿਸਾਨਾਂ ਨੇ ਡਾ: ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਕੇ ਫ਼ਸਲ ਉਤੇ ਕੁਲ ਲਾਗਤ ਤੋਂ ਬਾਅਦ 50 ਫ਼ੀਸਦੀ ਮੁਨਾਫੇ ਤਹਿਤ ਫ਼ਸਲਾਂ ਦੇ ਘੱਟੋ-ਘੱਟ ਸਰਮਰੱਥਨ ਮੁੱਲ ਦੀ ਮੰਗ ਕੀਤੀ। ਕਿਸਾਨਾਂ ਨੇ ਮੋਦੀ ਸਰਕਾਰ ਵਿਰੁੱਧ ਰੋਹ ਵਿੱਚ ਨਾਹਰੇ ਲਗਾਏ। ਇਸ ਸਮੇਂ ਗ੍ਰਾਮ ਪੰਚਾਇਤ ਪਲਹੀ ਦੇ ਸਰਪੰਚ, ਪੰਚ, ਪਿੰਡ ਦੇ ਨੰਬਰਦਾਰਾਂ ਦੀ ਅਗਵਾਈ 'ਚ ਕਿਸਾਨ ਜਾਜ਼ਰ ਸਨਪ। ਧਰਨੇ ਵਿੱਚ ਹੋਰਨਾਂ ਤੋਂ ਬਿਨ੍ਹਾਂ ਮੁਨੀਸ਼ ਭਾਰਦਵਾਜ, ਰਾਮਪਾਲ ਉੱਪਲ, ਪਦਮ ਦੇਵ ਸੁਧੀਰ, ਸੁਖਵਿੰਦਰ ਸਿੰਘ ਰਾਣੀਪੁਰ, ਸੁਖਵਿੰਦਰ ਸਿੰਘ ਸੱਲ, ਮਨੋਹਰ ਸਿੰਘ ਪੰਚ, ਗੁਲਾਮ ਸਰਬਰ, ਸੁਰਜਨ ਸਿੰਘ ਨੰਬਰਦਾਰ, ਧਰਮਿੰਦਰ ਸਿੰਘ ਨੰਬਰਦਾਰ, ਜਸਬੀਰ ਬਸਰਾ, ਮਦਨ ਲਾਲ ਪੰਚ, ਮਨਜੋਤ ਸਿੰਘ , ਰਵੀ ਸੱਗੂ, ਸੁਮਨ ਸੱਲ, ਸੁਖਵਿੰਦਰ ਬਸਰਾ, ਤਾਰਾ ਸੱਲ, ਸੋਢੀ ਬਸਰਾ, ਤੀਰਥ ਸਿੰਘ ਸੱਲ, ਗੁਰਨਾਮ ਸਿੰਘ ਸੱਲ, ਕੁਲਵਿੰਦਰ ਕੁਮਾਰ, ਪਰਦੀਪ ਕੁਮਾਰ, ਲਾਡੀ ਸੱਲ, ਬਿੰਦਰ ਬਸਰਾ, ਬਲਵੀਰ ਸਿੰਘ ਬਸਰਾ,ਪਲਜਿੰਦਰ ਸਿੰਘ ਸੱਲ ਪ੍ਰਧਾਨ ਗੁਰਦੁਆਰਾ ਬਾਬਾ ਟੇਕ ਸਿੰਘ, ਕੁਲਵਿੰਦਰ ਸਿੰਘ ਸੱਲ, ਗੋਬਿੰਦ ਸਿੰਘ ਸੱਲ,ਜਸਵਿੰਦਰ ਸਿੰਘ ਸੱਲ, ਸੋਹਨ ਲਾਲ ਆਦਿ ਸ਼ਾਮਲ ਸਨ।

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

BERKSHIRE HATHAWAY
BH HS
Home Services

Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ
ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828

17th September 1943

'ਦਿ ਇੰਡੀਅਨ ਫੈਡਰੇਸ਼ਨ ਆਫ ਲੇਬਰ' ਸੰਸਥਾ ਦੀ ਤਰਫੋਂ 'ਆਲ ਇੰਡੀਆ ਟਰੇਡ ਯੂਨੀਅਨ ਵਰਕਰਜ਼ ਸਟੱਡੀ ਕੈਂਪ' ਦਾ ਆਯੋਜਨ 8 ਤੋਂ 17 ਸਤੰਬਰ 1943 ਤੱਕ ਦਿੱਲੀ ਵਿੱਚ ਕੀਤਾ ਗਿਆ ਸੀ।

ਅੱਜ ਦੇ ਦਿਨ 17 ਸਤੰਬਰ 1943 ਨੂੰ ਹੋਏ ਇਸ ਪ੍ਰੋਗਰਾਮ ਦੇ ਆਖ਼ਰੀ ਸੈਸ਼ਨ ਵਿੱਚ ਡਾ ਬਾਬਾ ਸਾਹਿਬ ਅੰਬੇਡਕਰ ਜੀ ਨੇ ਭਾਸ਼ਣ ਦਿੱਤਾ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ

ਸਰਕਾਰ ਤੇ ਕਾਬਜ਼ ਕਰਨਾ ਮਜ਼ਦੂਰਾਂ ਦਾ ਟੀਚਾ ਹੋਣਾ ਚਾਹੀਦਾ ਹੈ

19th September 1932

ਅੱਜ ਦੇ ਦਿਨ ਬੀ ਆਰ ਅੰਬੇਡਕਰ ਜੀ ਦੁਆਰਾ ਗਾਂਧੀ ਦੇ ਮਰਨ ਵਰਤ ਉੱਤੇ ਇੱਕ ਬਿਆਨ ਜਾਰੀ ਕੀਤਾ ਅੰਬੇਡਕਰ ਜੀ ਨੇ ਕਿਹਾ ਕਿ

ਗਾਂਧੀ ਨੇ ਮਰਨ ਵਰਤ ਰੱਖਣ ਦਾ ਇਰਾਦਾ ਜ਼ਾਹਰ ਕੀਤਾ, ਮੈਂ ਇਹ ਪੜ੍ਹ ਕੇ ਬਹੁਤ ਹੈਰਾਨ ਹੋਇਆ, ਜੇ ਗਾਂਧੀ ਨੇ ਦੇਸ਼ ਦੀ ਆਜ਼ਾਦੀ ਲਈ ਇਹ ਕਦਮ ਚੁੱਕਿਆ ਹੁੰਦਾ, ਤਾਂ ਇਸ ਨੂੰ ਜਾਇਜ਼ ਠਹਿਰਾਇਆ ਜਾਣਾ ਸੀ।

- ਜਦੋਂ ਮੈਂ ਗੋਲ ਟੇਬਲ ਕਾਨਫਰੰਸ ਵਿਚ ਗਾਂਧੀ ਦਾ ਵਿਰੋਧ ਕੀਤਾ, ਤਾਂ ਦੇਸ਼ ਵਿਚ ਮੇਰੇ ਖਿਲਾਫ ਕਾਫੀ ਹੰਗਾਮਾ ਕੀਤਾ
- ਆਪਣੇ ਆਪ ਨੂੰ ਰਾਸ਼ਟਰੀ ਅਖ਼ਬਾਰ ਦੱਸਣ ਵਾਲੇ ਅਖ਼ਬਾਰਾਂ ਨੇ ਮੈਨੂੰ ਦੇਸ਼ਧ੍ਰੋਹੀ ਕਹਿਣ ਦੀ ਸਾਜਿਸ਼ ਰਚੀ ਸੀ
- ਰਿਸ਼ਵਤ ਦਾ ਲਾਲਚ ਦਿੱਤਾ ਗਿਆ।
- ਕੁਝ ਹਿੰਸਕ ਘਟਨਾਵਾਂ ਨੂੰ ਵੀ ਅੰਜਾਮ ਦਿੱਤਾ ਗਿਆ।

ਬਹੁਜਨ ਸਮਾਜ ਪਾਰਟੀ
ਜ਼ਿਲ੍ਹਾ ਫਰੀਦਕੋਟ

ਜ਼ਿਲ੍ਹਾ ਇੰਚਾਰਜ	ਗੁਰਬਖ਼ਸ਼ ਸਿੰਘ ਚੌਹਾਨ	9814663712	
ਜ਼ਿਲ੍ਹਾ ਇੰਚਾਰਜ	ਬਲਬੀਰ ਸਿੰਘ ਬਾਹੀਆ	9501051860	
ਜ਼ਿਲ੍ਹਾ ਇੰਚਾਰਜ	ਕਿੱਕਰ ਸਿੰਘ ਧਾਲੀਵਾਲ	99154-88123	

ਬਹੁਜਨ ਸਮਾਜ ਪਾਰਟੀ
ਜ਼ਿਲ੍ਹਾ ਫਰੀਦਕੋਟ

ਜ਼ਿਲ੍ਹਾ ਪ੍ਰਧਾਨ	ਐਡਵੋਕੇਟ ਕੁਲਦੀਪ ਸਿੰਘ ਵੀਰੇਵਾਲਾ	98789-50024	
ਜ਼ਿਲ੍ਹਾ ਉਪ ਪ੍ਰਧਾਨ	ਸਿਕੰਦਰ ਸਿੰਘ ਬਜਾਖਾਨਾ	81468-82002	
ਜਨਰਲ ਸਕੱਤਰ	ਐਡਵੋਕੇਟ ਜਗਦੀਸ਼ ਪ੍ਰਸ਼ਾਦ	84370-17543	
ਖਜਾਨਚੀ	ਸ਼ਿੰਦਰ ਪਾਲ ਸਿੰਘ ਹਰੀ ਨੌ	94643-11552	
ਸਕੱਤਰ	ਗੁਰਾਂਦਿਤਾ ਸਿੰਘ ਮਚਾਕੀ	97818-98920	
ਸਕੱਤਰ	ਜਸਵੀਰ ਸਿੰਘ ਰਣਸਿੰਘ ਵਾਲਾ	94650-04270	
ਸਕੱਤਰ	ਨਵਦੀਪ ਕੁਮਾਰ ਰੰਗਾ	97000-23201	
ਜ਼ਿਲ੍ਹਾ ਮਹਿਲਾ ਸੰਗਠਨ ਇੰਚਾਰਜ	ਬਲਜੀਤ ਕੌਰ ਘਣੀਆ	78143-47429	

ਸੰਤ ਸਮਾਜ ਦੀ ਅਗਵਾਈ ਹੇਠ ਤੁਗਲਕਾਬਾਦ ਮੰਦਰ ਸਬੰਧੀ ਨਵਾਂ ਸ਼ਹਿਰ ਵਿਖੇ ਹੋਇਆ ਵਿਸ਼ਾਲ ਇਕੱਠ

ਜੈਤੋ (ਬਿਊਰੋ)– ਪੰਜਾਬ ਦੇ ਸਮੂਹ ਸੰਤ ਸਮਾਜ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਅਸਥਾਨ ਤੁਗਲਕਾਬਾਦ ਸਬੰਧੀ ਸਰਕਾਰ ਵੱਲੋਂ ਬਣਾਈ ਕਮੇਟੀ ਅਤੇ ਸੁਪਰੀਮ ਕੋਰਟ ਵੱਲੋਂ ਤੁਗਲਕਾਬਾਦ ਮੰਦਰ ਦੀ ਉਸਾਰੀ ਲਈ ਅਲਾਟ ਕੀਤੀ ਜ਼ਮੀਨ ਸਬੰਧੀ ਵਿਚਾਰ ਜਾਨਣ ਲਈ ਅਤੇ ਸੰਘਰਸ਼ ਦੀ ਅਗਲੀ ਰੂਪ ਰੇਖਾ ਤਿਆਰ ਕਰਨ ਲਈ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਅਤੇ ਬੁੱਧੀ-ਜੀਵੀਆਂ ਦਾ ਵਿਸ਼ਾਲ ਇਕੱਠ ਸਤਿਗੁਰੂ ਰਵਿਦਾਸ ਵੈਲਫੇਅਰ ਆਰਗੇਨਾਈਜੇਸ਼ਨ ਇੰਟਰਨੈਸ਼ਨਲ (ਰਜਿ.) ਦੇ ਪ੍ਰਬੰਧਾਂ ਹੇਠ ਸ੍ਰੀ ਗੁਰੂ ਰਵਿਦਾਸ ਨਗਰ ਨਵਾਂ ਸ਼ਹਿਰ ਵਿਖੇ ਹੋਇਆ। ਇਸ ਇਕੱਠ ਵਿਚ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਵਾਂ, ਆਦਿ ਧਰ ਸਾਧੂ ਸਮਾਜ ਭਾਰਤ, ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ.) ਭਾਰਤ ਦੇ ਸੰਤ ਮਹਾਂਪੁਰਸ਼ ਸ਼ਾਮਲ ਸਨ। ਇਸ ਸਮੇਂ ਸੰਤ ਸਰਵਣ ਦਾਸ ਜੀ ਬੋਹਣ ਸਰਪ੍ਰਸਤ ਆਦਿ ਧਰਮ ਸਾਧੂ ਸਮਾਜ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ, ਸੰਤ ਸਰਵਣ ਦਾਸ ਰਾਸ਼ਟਰੀ ਪ੍ਰਧਾਨ ਆਦਿ ਧਰਮ ਸਾਧੂ ਸਮਾਜ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਕੁਲਵੰਤ ਰਾਮ ਭਰੋਮਜਾਰਾ, ਸੰਤ ਮਹਿੰਦਰਪਾਲ ਪੰਡਵਾਂ, ਸੰਤ ਜਸਵਿੰਦਰ ਸਿੰਘ ਡਾਂਡੀਆਂ, ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਨਿਰਮਲ ਸਿੰਘ ਆਵਾਦਾਨ, ਸੰਤ ਜਗਵਿੰਦਰ ਲਾਂਬਾ, ਸੰਤ ਹਰੀ ਮਾਹਿਲਪੁਰ, ਸੰਤ ਦੇਸ ਰਾਜ ਫਗਵਾੜਾ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਪ੍ਰਮੇਸ਼ਵਰੀ ਦਾਸ ਸੇਖੇ ਤੋਂ ਇਲਾਵਾ ਸਰਪੰਚ ਸੁਖਵਿੰਦਰ ਕੋਟਲੀ ਬਹੁਜਨ ਸਮਾਜ ਆਗੂ, ਹਰਗੋਪਾਲ ਸਿੰਘ ਸਾਬਕਾ ਵਿਧਾਇਕ ਆਦਿ ਬੁੱਧੀਜੀਵੀਆਂ ਵੱਲੋਂ ਏਕੇ ਦਾ ਸਬੂਤ ਦਿੰਦਿਆਂ ਸ੍ਰੀ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ ਲਈ ਬਣਾਈ ਗਈ ਮੌਜੂਦਾ ਕਮੇਟੀ ਨੂੰ ਨਾਮਨਜ਼ੂਰ ਕਰ ਦਿੱਤਾ ਅਤੇ ਇਸਨੂੰ ਭੰਗ ਕਰਕੇ ਸਮੂਹ ਸਾਧ ਸੰਗਤ ਦੀ ਪ੍ਰਵਾਨਗੀ ਨਾਲ ਕਮੇਟੀ ਬਣਾਉਣ ਸਬੰਧੀ ਆਵਾਜ਼ ਬੁਲੰਦ ਕੀਤੀ। ਸਮੂਹ ਸੰਤ ਸਮਾਜ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਤੁਗਲਕਾਬਾਦ ਮੰਦਰ ਦੀ ਉਸਾਰੀ ਲਈ ਅਲਾਟ ਕੀਤੀ ਜ਼ਮੀਨ ਵੀ ਮਨਜ਼ੂਰ ਨਹੀਂ ਹੈ ਅਤੇ ਮੰਦਰ ਦੀ ਪੂਰੀ ਜ਼ਮੀਨ ਸਮਾਜ ਦੇ ਹਵਾਲੇ ਕੀਤੀ ਜਾਵੇ। ਇਹਨਾਂ ਮਹਾਂਪੁਰਸ਼ਾਂ ਨੇ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਨੂੰ ਬੇਨਤੀ ਕੀਤੀ ਕਿ ਸਮਾਜਿਕ ਭਾਈਚਾਰੇ ਦੀਆਂ ਮੰਗਾਂ ਨੂੰ ਨੇਪਰੇ ਚਾੜ੍ਹਨ ਲਈ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਵਾਂ ਆਦਿ ਧਰਮ ਸਾਧੂ ਸਮਾਜ, ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਵੱਲੋਂ ਪਾਸ ਕੀਤੇ ਇਹਨਾਂ ਮਤਿਆਂ ਤੇ ਪਹਿਰਾ ਦੇਣ ਅਤੇ ਮੰਦਰ ਦੀ ਸਾਰੀ ਜ਼ਮੀਨ ਪ੍ਰਾਪਤੀ ਦੇ ਸੰਘਰਸ਼ ਨੂੰ ਏਕਤਾ, ਭਾਈਚਾਰੇ ਅਤੇ ਅਨੁਸ਼ਾਸਨਬੱਧ ਤਰੀਕੇ ਨਾਲ ਚਲਾਉਣ ਲਈ ਸਹਿਯੋਗ ਕਰਨ। ਸਮੂਹ ਸੰਤ ਸਮਾਜ ਨੇ 2013-14 ਤੋਂ ਲਗਾਤਾਰ ਗਰੀਬ ਵਿਦਿਆਰਥੀਆਂ ਦੇ ਵਜ਼ੀਫੇ ਘੋਟਾਲੇ ਸਬੰਧੀ ਕਿਹਾ ਕਿ ਅਨੁਸੂਚਿਤ ਜਾਤੀ ਦੇ ਬੱਚਿਆਂ ਦਾ ਭਵਿੱਖ ਸਾਜਿਸ਼ ਤਹਿਤ ਖਰਾਬ ਕੀਤਾ ਜਾ ਰਿਹਾ ਹੈ। ਵਜੀਫਾ ਸਕੀਮ ਘੋਟਾਲਾ ਕਰਨ ਵਾਲਾ ਚਾਹੇ ਕੋਈ ਮੰਤਰੀ ਹੋਵੇ ਜਾਂ ਸਰਕਾਰੀ, ਗੈਰ ਸਰਕਾਰੀ ਉਚ ਅਧਿਕਾਰੀ ਹੋਵੇ, ਇਸਦੀ ਸੀ. ਬੀ. ਆਈ. ਜਾਂਚ ਹੋਵੇ ਅਤੇ ਘੋਟਾਲਾ ਕਰਨ ਵਾਲਿਆਂ ਨੂੰ ਜੇਲ੍ਹਾਂ ਵਿਚ ਡੱਕਿਆ ਜਾਵੇ। ਸੰਤ ਸਮਾਜ ਗਰੀਬ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਸਹਿਣ ਨਹੀਂ ਕਰੇਗਾ। ਇਸ ਸਮੇਂ ਸੰਤ ਸਮਾਜ ਨੇ ਸਤਿਗੁਰ ਰਵਿਦਾਸ ਵੈਲਫੇਅਰ ਆਰਗੇਨਾਈਜੇਸ਼ਨ ਇੰਟਰਨੈਸ਼ਨਲ (ਰਜਿ.) ਦਾ ਧੰਨਵਾਦ ਕੀਤਾ, ਜਿਹਨਾਂ ਨੇ ਅੱਜ ਦੇ ਪ੍ਰੋਗਰਾਮ ਦਾ ਪ੍ਰਬੰਧ ਕੀਤਾ। ਇਸ ਸਮੇਂ ਨਿੱਕੂ ਰਾਮ ਜਨਾਗਲ, ਸਤੀਸ਼ ਕੁਮਾਰ ਲਾਲ, ਰਮਨ ਕੁਮਾਰ ਮਾਨ, ਸੁਨੀਲ ਕੁਮਾਰ, ਬਲਵਿੰਦਰ ਮਹੇ ਵੱਲੋਂ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਇਸ ਸਮੇਂ ਸ੍ਰੀ ਬੀਰ ਚੰਦ ਸੁਰੀਲਾ, ਓਮ ਪ੍ਰਕਾਸ਼ ਰਾਣਾ, ਭਾਈ ਪਰਗਟ ਸਿੰਘ ਪਾਤੜਾਂ, ਭਾਈ ਸਤਿਗੁਰ ਸਿੰਘ ਮੈਨੇਜਰ, ਭਾਈ ਰੋਹਿਤ ਕੁਮਾਰ ਵੀ ਹਾਜ਼ਰ ਸਨ।

ਬੀਤੇ ਦਿਨੀਂ ਯਾਦਗਾਰੀ ਹਾਲ ਜਲੰਧਰ ਵਿਖੇ ਕਵੀ ਪਾਸ਼ ਦੀ ਯਾਦ ਵਿਚ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਸੁਰਜੀਤ ਪਾਤਰ ਨੇ ਪੱਤਰਕਾਰ ਰਵੀਸ਼ ਕੁਮਾਰ ਦੇ ਨਾਂ ਲਿਖੀ ਨਜ਼ਮ ਪੇਸ਼ ਕੀਤੀ।

ਨਜ਼ਮ ਬੋਲਦੀ ਹੈ ਕਿ :
ਸਾਨੂੰ ਤੰਗ ਬਹੁਤ ਕਰਦਾ ਤੂੰ
ਤਰਕ ਅਤੇ ਤਕਰਾਰ ਦੇ ਨਾਲ
ਅਸੀਂ ਵਿਚਾਰੇ ਕੱਟ ਨਹੀਂ ਸਕਦੇ
ਕੋਈ ਵਿਚਾਰ, ਵਿਚਾਰ ਦੇ ਨਾਲ
ਸਾਡੀ ਗੱਲ ਹੋ ਗਈ ਹੈ
ਰਾਤੀਂ ਇਕ ਕਾਤਲ ਦੇ ਨਾਲ
ਜੇ ਅਸੀਂ ਤੇਰੀ ਗੱਲ ਨਹੀਂ ਕੱਟ ਸਕਦੇ
ਤੇਰਾ ਗਲ ਤਾਂ ਕੱਟ ਸਕਦੇ ਹਾਂ।

– ਸੁਰਜੀਤ ਪਾਤਰ

NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਪੋਸਟ ਮੈਟ੍ਰਿਕ ਸਕੋਲਰਸ਼ਿਪ ਘੋਟਾਲੇ ਦੇ ਵਿਰੋਧ ਵਿਚ ਬਹੁਜਨ ਸਮਾਜ ਪਾਰਟੀ ਹੁਸ਼ਿਆਰਪੁਰ ਨੇ ਕੀਤਾ ਰੋਸ ਅੰਦੋਲਨ ਸਮਾਜ ਲਈ ਦਿਨ ਰਾਤ ਲੜਾਈ ਜਾਰੀ ਰਹੇਗੀ। ਲੁਧਿਆਣੇ ਤੋਂ ਮਲੇਰਕੋਟਲਾ 40 ਕਿਲੋਮੀਟਰ, ਮਲੇਰਕੋਟਲੇ ਸੰਗਰੂਰ 40 ਕਿਲੋਮੀਟਰ, ਸੰਗਰੂਰ ਤੋਂ ਪਾਤੜਾ 40 ਕਿਲੋਮੀਟਰ, ਪਾਤੜਾਂ ਤੋਂ ਮੂਨਕ 26 ਕਿਲੋਮੀਟਰ, ਕੁਲ ਸਫ਼ਰ 146 ਕਿਲੋਮੀਟਰ।
ਆਉਣ ਜਾਣ 292 ਕਿਲੋਮੀਟਰ ਦਾ ਸਫ਼ਰ ਤਹਿ ਕਰ ਕੇ ਸਾਥੀਆਂ ਨਾਲ ਬਹੁਜਨ ਸਮਾਜ ਦੇ ਮਹਾਪੁਰਸ਼ਾਂ ਦਾ ਅੰਦੋਲਨ ਪੂਰਾ ਕਰਨ ਲਈ ਮੀਟਿੰਗ ਕੀਤੀ ਗਈ ਮੂਨਕ ਜਿਲਾ ਸੰਗਰੂਰ ਵਿਖੇ ਮੀਟਿੰਗ ਵਿਚ ਕੁਲ ਸਾਥੀ 20 ਇਨ੍ਹਾਂ ਵਿੱਚੋ ਇਕ ਸਾਥੀ ਵੀ ਅੰਦੋਲਨ ਨੂੰ ਸਮਾਜ ਗਿਆ ਸਾਡਾ ਮੀਟਿੰਗ ਕਰਨਾ ਸਫਲ ਮੇਰੇ ਨਾਲ ਸਾਥੀ ਲਹਿਰਾਗਾਗਾ ਤੋਂ ਤੇ ਕਮਲ ਬੌਧ ਜੀ ਮਲੇਰਕੋਟਲਾ।

–ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ

ਵਿਸ਼ਾਲ ਰੋਸ ਪ੍ਰਦਰਸ਼ਨ ਕਰ ਬਸਪਾ ਨੇ ਕੀਤਾ ਕਿਸਾਨਾਂ ਦੇ 25 ਦੇ ਪੰਜਾਬ ਬੰਦ ਦਾ ਸਮਰਥਨ

ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਾਗੂ ਕਰਵਾਉਣ ਲਈ, ਵਜੀਫਾ ਸਕੀਮ ਘੋਟਾਲੇ ਦੇ ਦੋਸ਼ੀਆਂ ਨੂੰ ਸਜਾ ਦਿਵਾਉਣ ਹਿਤ ਅਤੇ ਖੇਤੀ ਆਰਡੀਨੈਂਸ ਦੇ ਵਿਰੋਧ ਅਤੇ ਕਿਸਾਨਾਂ ਦੇ ਹਿਤ ਵਿਚ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਤੇ ਜਿਲ੍ਹਾ ਪ੍ਰਧਾਨ ਇੰ ਮਹਿੰਦਰ ਸਿੰਘ ਸੰਧਰਾਂ ਦੀ ਪ੍ਰਧਾਨਗੀ 'ਚ ਜਿਲਾ ਪੱਧਰੀ ਵਿਸ਼ਾਲ ਰੋਸ ਮਾਰਚ ਅਤੇ ਪ੍ਰਦਰਸ਼ਨ ਹੁਸ਼ਿਆਰਪੁਰ ਵਿਖੇ ਕੀਤਾ ਗਿਆ। ਸ. ਗੜ੍ਹੀ ਜੀ ਨੇ ਦੱਸਿਆ ਕਿ ਅੱਜ ਅਸੀਂ ਕਰੋਨਾ ਦੀ ਮਹਾਂਮਾਰੀ ਦੇ ਕਹਿਰ ਵਿੱਚ ਸੜਕਾਂ ਤੇ ਉੱਤਰੇ ਹਾਂ ਇਸਦੀ ਜਿੰਮੇਵਾਰ ਪੰਜਾਬ ਦੀ ਕਾਂਗਰਸ ਅਤੇ ਕੇਂਦਰ ਦੀ ਭਾਜਪਾ ਸਰਕਾਰ ਹੈ, ਜਿਹਨਾਂ ਦੀਆਂ ਗਲਤ ਨੀਤੀਆਂ ਕਾਰਨ ਕਿਸਾਨਾਂ ਦੇ ਵਿਰੁੱਧ ਖੇਤੀ ਆਰਡੀਨੈਂਸ ਪਾਸ ਗਏ ਅਤੇ ਵਿਦਿਆਰਥੀਆਂ ਦੀ ਪੋਸਟ ਸਕਾਲਰਸ਼ਿਪ ਘੋਟਾਲੇ ਕਰਕੇ ਗਰੀਬ ਵਿਦਿਆਰਥੀਆਂ ਨੂੰ ਰਗੜਨ ਦਾ ਕੰਮ ਕੀਤਾ ਗਿਆ। ਬਸਪਾ ਸੂਬਾ ਪ੍ਰਧਾਨ ਨੇ ਇਹ ਵੀ ਦੱਸਿਆ ਹੈ ਕਿ 2007 ਤੋਂ ਲੈਕੇ 2020 ਤੱਕ ਦੀ ਵਜੀਫਾ ਸਕੀਮ ਦਾ ਰਿਕਾਰਡ ਅਸੀਂ ਚੈਕ ਕੀਤਾ ਹੈ ਕਿ ਕਿਸ ਤਰ੍ਹਾਂ ਭਾਜਪਾ ਸ਼ਿਰੋਮਣੀ ਅਕਾਲੀ ਦਲ ਤੇ ਕਾਂਗਰਸ ਨੇ ਮਿਲਕੇ ਕਾਲੇਜKਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਮਿਲਦਾ ਹੱਕ ਖਾਧਾ ਗਿਆ ਹੈ। ਜਦੋਂ ਕਿ ਗੁਰਬਾਣੀ ਦੇ ਪਵਿੱਤਰ ਸੰਕਲਪ 'ਵਿੱਦਿਆ ਉਚਾਰੀ ਤਾਂ ਪਰਉਪਕਾਰੀ' 'ਗੁਰਪ੍ਰਸ਼ਾਦਿ ਵਿਦਿਆ ਵਿਚਾਰੇ ਪੜ੍ਹ ਪੜ੍ਹ ਪਾਵੇ ਮਾਨ' 'ਮਾਧੋ ਅਬਿਦਿਆ ਹੀਤ ਕੀਨ ਬਿਬੇਕ ਦੀਪ ਮਲੀਨ' ਨੂੰ ਲਾਗੂ ਤਾਂ ਕਿੱਥੋਂ ਕਰਨਾ ਸੀ ਸਗੋਂ ਕਾਂਗਰਸ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਾਂ ਗੁਰਬਾਣੀ ਦੀਆ ਝੂਠੀਆਂ ਸੌਂਹਾਂ ਖਾਕੇ ਸਰਕਾਰ ਬਣਾਕੇ ਗੁਰੂਆਂ ਨਾਲ ਧ੍ਰੋਹ ਕੀਤਾ ਹੈ। ਤਾਜ਼ਾ 64 ਕਰੋੜ ਦਾ ਵਜੀਫਾ ਘੋਟਾਲਾ ਕੈਬਿਨਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਕੀਤਾ ਹੈ ਪਰ ਕਾਂਗਰਸ ਨੇ ਹੰਕਾਰੀ ਸੁਭਾਅ ਵਿਚ ਘਪਲਾਕਾਰੀ ਮੰਤਰੀ ਨੂੰ ਬਚਾ ਰਹੀ ਹੈ। ਤਰਨ ਤਾਰਨ ਵਿਖੇ ਜਹਿਰੀਲੀ ਸ਼ਰਾਬ ਨਾਲ 136 ਮੌਤਾਂ, ਰੇਤ ਮਾਫੀਆ, ਮੁਲਾਜ਼ਿਮ ਵਰਗਾ ਦੀ ਤਨਖ਼ਾਹ ਨਾਲ ਛੇੜਖਾਨੀਆਂ ਕਾਂਗਰਸ ਦੇ ਮੱਥੇ ਤੇ ਕਲੰਕ ਹਨ।

ਸ. ਗੜ੍ਹੀ ਨੇ ਕੇਂਦਰ ਦੀ ਭਾਜਪਾ ਬਾਰੇ ਕਿਹਾ ਕਿ ਇਹ ਭਗਵਾਧਾਰੀ ਨੀਤੀ ਦੇ ਤਹਿਤ ਭਾਰਤ ਦਾ ਮੁਸਲਿਮ, ਸਿੱਖ, ਦਲਿਤ, ਈਸਾਈ ਨੂੰ ਰਗੜਨ 'ਚ ਲੱਗੀ ਹੋਈ ਹੈ।

ਜੋ ਤਿੰਨ ਖੇਤੀ ਬਿੱਲ ਭਾਜਪਾ ਨੇ ਲਿਆਂਦੇ ਉਹਨਾਂ ਦਾ ਵਿਰੋਧ ਲੋਕ ਸਭਾ 'ਚ ਬਸਪਾ ਦੇ 10 ਮੈਂਬਰਾ ਨੇ ਜ਼ੋਰਦਾਰ ਕੀਤਾ ਹੈ। ਬਸਪਾ ਸ਼ਿਰੋਮਣੀ ਅਕਾਲੀ ਦਲ ਦੀ ਕੇਂਦਰੀ ਮੰਤਰੀ ਵੱਲੋਂ ਦਿੱਤੇ ਅਸਤੀਫੇ ਦਾ ਸਵਾਗਤ ਕਰਦਿਆ ਸ ਗੜੀ ਨੇ ਕਿਹਾ ਕਿ ਅਕਾਲੀ ਦਲ ਨੇ ਪੰਥਕ ਧਿਰਾਂ ਅਤੇ ਗੁਣ ਕਿਸਾਨਾਂ ਦਾ ਭਰੋਸਾ ਗੁਆਇਆ ਹੈ। ਜੇਕਰ ਅਕਾਲੀ ਦਲ ਸੱਚਾ ਹੈ ਤਾਂ ਕੇਂਦਰ ਦੀ ਭਾਜਪਾ ਤੇ ਮੋਦੀ ਸਰਕਾਰ ਨੂੰ ਘੇਰਨ ਲਈ ਹਮਲਾਵਰ ਰਣਨੀਤੀ ਬਣਕੇ ਸੜਕਾਂ ਉਪਰ ਮੋਦੀKਭਾਜਪਾ ਦੇ ਪੁਤਲੇ ਲੈਕੇ ਫੂਕਣ ਲਈ ਉਤਰੇ। ਪੰਜਾਬ ਵਿੱਚ 25 ਸਤੰਬਰ ਦੇ ਕਿਸਾਨਾਂ ਦੇ ਪੰਜਾਬ ਬੰਦ ਸੱਦੇ ਤੇ ਕਿਸਾਨਾਂ ਦਾ ਸਮਰਥਨ ਕੀਤਾ ਹੈ। ਜਿਸ ਤਰ੍ਹਾਂ ਅਸੀਂ ਪਿਛਲੇ ਦਿਨੀ ਇਹ ਲੜਾਈ ਦੇ ਤਹਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਤੇ ਖੇਤੀ ਦੇ ਆਰਡੀਨੈਂਸ ਦੇ ਮੁੱਦੇ ਨੂੰ ਲੈਕੇ 14 ਤਰੀਕ ਨੂੰ ਫਗਵਾੜਾ ਘੇਰਿਆ ਸੀ ਤੇ ਕਾਂਗਰਸ ਨੂੰ ਰਗੜਨ ਦਾ ਕੰਮ ਕੀਤਾ ਸੀ ਉਸ ਲੜ੍ਹੀ ਵਿਚ ਹੀ 24ਸਤੰਬਰ ਅੰਮ੍ਰਿਤਸਰ, 28 ਬਠਿੰਡਾ, 29 ਪਟਿਆਲਾ, 3 ਅਕਤੂਬਰ ਸੰਗਰੂਰ, 9 ਅਕਤੂਬਰ ਪਾਇਲ ਵਿਖੇ ਰੋਸ ਪ੍ਰਦਰਸ਼ਨ ਕਰਾਂਗੇ।

ਇਸ ਮੌਕੇ ਸੂਬਾ ਜਨਰਲ ਸਕੱਤਰ ਡਾਕਟਰ ਨਛੱਤਰ ਪਾਲ, ਸੀਨੀਅਰ ਬਸਪਾ ਆਗੂ ਭਗਵਾਨ ਸਿੰਘ ਚੌਹਾਨ, ਰਾਜਿੰਦਰ ਰੀਹਲ, ਪਰਮਜੀਤ ਮੱਲ, ਦਲਜੀਤ ਰਾਏ, ਮਨਦੀਪ ਕਲਸੀ, ਮਨਿੰਦਰ ਸ਼ੇਰਪੁਰੀ, ਸੁਖਦੇਵ ਬਿੱਟਾ, ਗੁਰਮੀਤ ਸਿੰਘ ਧੁੱਗਾ, ਓਂਕਾਰ ਝੰਮਤ, ਦਿਨੇਸ਼ ਪੱਪੂ, ਯਸ਼ ਭੱਟੀ, ਗੁਰਮੁਖ ਪੰਡੋਰੀ, ਨਰਿੰਦਰ ਖਨੌੜਾ, ਸੋਹਣ ਸਿੰਘ ਸੁੰਨੀ, ਕਰਮਜੀਤ ਸੰਧੂ, ਐਡਵੋਕੇਟ ਪਲਵਿੰਦਰ ਮਾਨਾ, ਮਲਕੀਤ ਸਿਕਰੀ, ਪਵਨ ਕੁਮਾਰ, ਹੈਪੀ ਫੰਬੀਆਂ, ਮਨਜੀਤ ਸਹੋਤਾ, ਦਰਸ਼ਨ ਲੱਧੜ, ਸਨੀ ਭੀਲੋਵਾਲ ਅਤੇ ਵੱਡੀ ਗਿਣਤੀ ਵਿਚ ਬਸਪਾ ਸਮਰਥਕ ਹਾਜ਼ਿਰ ਸਨ। **–ਲਾਲ ਸਿੰਘ ਸੁਲਹਾਣੀ**

ਹਰਜੀਤ ਸਿੰਘ ਰਾਮਗੜ੍ਹ ਦੀ ਅਗਵਾਈ ਹੇਠ ਕਿਸਾਨਾਂ ਨੇ ਕੀਤਾ ਮੋਦੀ ਸਰਕਾਰ ਖਿਲਾਫ ਰੋਸ ਮੁਜਾਹਰਾ

ਫਗਵਾੜਾ (ਬੀ.ਕੇ.ਰੱਤੂ)– ਮੋਦੀ ਸਰਕਾਰ ਵਲੋਂ ਕਿਸਾਨੀ ਸਬੰਧੀ ਸੰਸਦ ਵਿਚ ਪਾਸ ਕੀਤੇ ਗਏ ਨਵੇਂ ਕਾਨੂੰਨਾਂ ਦੇ ਵਿਰੋਧ ਵਿਚ ਪਿੰਡ ਰਾਮਗੜ੍ਹ/ਢੱਕ ਜਗਪਾਲ ਪੁਰ ਵਿਖੇ ਸੀਨੀਅਰ ਕਾਂਗਰਸੀ ਆਗੂ ਹਰਜੀਤ ਸਿੰਘ ਰਾਮਗੜ੍ਹ ਦੀ ਅਗਵਾਈ ਹੇਠ ਸਵੇਰੇ 10 ਤੋਂ 11 ਵਜੇ ਤੱਕ ਇਕ ਘੰਟਾ ਧਰਨਾ ਲਗਾ ਕੇ ਕਿਸਾਨਾ ਨਾਲ ਇਕਜੁਟਤਾ ਦਰਸਾਈ ਗਈ। ਇਸ ਮੌਕੇ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਪ੍ਰਧਾਨ ਸੰਜੀਵ ਬੁੱਗਾ, ਪੀ.ਪੀ.ਸੀ.ਸੀ. ਦੇ ਸਾਬਕਾ ਸਕੱਤਰ ਮਨੀਸ਼ ਭਾਰਦਵਾਜ ਵਿਸ਼ੇਸ ਤੌਰ ਤੇ ਪੁੱਜੇ ਉਕਤ ਆਗੂਆਂ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਕਿਸਾਨ ਵਿਰੋਧੀ ਦਸਦਿਆਂ ਕਿਹਾ ਕਿ ਪੂਰੇ ਦੇਸ਼ ਵਿਚ ਭਾਰੀ ਵਿਰੋਧ ਦੇ ਬਾਵਜੂਦ ਮੋਦੀ ਸਰਕਾਰ ਨੇ ਕਿਸਾਨ ਵਿਰੋਧੀ ਬਿਲ ਪਾਸ ਕਰਵਾ ਕੇ ਕਾਲਾ ਕਾਨੂੰਨ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਸਾਨਾ ਨੂੰ ਭਰੋਸਾ ਦਿੱਤਾ ਕਿ ਉਹਨਾਂ ਦੇ ਹੱਕ ਦੀ ਇਸ ਲੜਾਈ ਵਿਚ ਕਾਂਗਰਸ ਪਾਰਟੀ ਉਹਨਾਂ ਦੇ ਨਾਲ ਡਟ ਕੇ ਖੜੀ ਹੈ।

ਉਹਨਾਂ ਕਿਹਾ ਕਿ ਭਾਰਤ ਵਿਚ ਇਸ ਸਮੇਂ ਦੁਨੀਆ ਦਾ ਪਹਿਲਾ ਅਜਿਹਾ ਪ੍ਰਧਾਨ ਮੰਤਰੀ ਸੱਤਾ ਤੇ ਬੈਠਾ ਹੈ ਜੋ ਕਿਸਾਨਾ ਨੂੰ ਕਹਿ ਰਿਹਾ ਹੈ ਕਿ ਖੇਤੀ ਕਾਨੂੰਨੀ ਤੁਹਾਡੇ ਹੱਕ ਵਿਚ ਹਨ ਪਰ ਕਿਸਾਨ ਉਸ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਹਨ ਅਤੇ ਕਿਸਾਨਾ ਨਾਲ ਕਿਸੇ ਤਰ੍ਹਾਂ ਦੀ ਧੱਕੇਸ਼ਾਹੀ ਨਹੀਂ ਹੋਣ ਦਿੱਤੀ ਜਾਵੇਗੀ।

ਹਰਜੀਤ ਸਿੰਘ ਰਾਮਗੜ੍ਹ ਨੇ ਸਮੂਹ ਕਿਸਾਨਾ ਨੂੰ ਕਾਂਗਰਸ ਪਾਰਟੀ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਮਜਬੂਤ ਕਰਨ ਦੀ ਅਪੀਲ ਕੀਤੀ ਤਾਂ ਜੋ ਕਿਸਾਨਾਂ, ਆੜ੍ਹਤੀਆਂ, ਮੰਡੀ ਮਜਦੂਰਾਂ, ਮੁਨੀਮਾ ਅਤੇ ਪੰਜਾਬ ਦੀ ਆਰਥਕਤਾ ਖਿਲਾਫ ਮੋਦੀ ਸਰਕਾਰ ਦੀ ਸਾਜਿਸ਼ ਨੂੰ ਨਾਕਾਮ ਕੀਤਾ ਜਾ ਸਕੇ। ਇਸ ਮੌਕੇ ਬੋਬੀ ਵੋਹਰਾ, ਜਸਵੰਤ ਸਿੰਘ ਨੀਟਾ ਸਾਬਕਾ ਸਰਪੰਚ ਜਗਪਾਲਪੁਰ, ਸ਼ਰਨਜੀਤ ਸਿੰਘ ਸੋਨੀ, ਬਲਵੀਰ ਸਿੰਘ ਸੋਢੀ, ਨੀਤੂ ਕੁਮਾਰੀ ਪੰਚ, ਕੁਲਵਿੰਦਰ ਕੁਮਾਰ ਸਾਬਕਾ ਪੰਚ, ਪਲਵਿੰਦਰ ਸਿੰਘ ਪੈਂਜੀ, ਦੇਵ ਸਿੰਘ, ਕੁਲਦੀਪ ਸਿੰਘ, ਬਿੰਦਰ ਕੁਮਾਰ, ਮਨਜਿੰਦਰ ਪਾਲ, ਨੀਲਮ ਰਾਣੀ, ਬਲਵੀਰ ਕੌਰ, ਕਮਲੇਸ਼ ਕੌਰ, ਬਬਿਤਾ, ਬੋਬੀ, ਗਿਆਨ ਮਨਦੀਪ ਸਿੰਘ, ਹਰਭਜਨ ਸਿੰਘ, ਕੁਲਵਿੰਦਰ ਸਿੰਘ, ਸ਼ਸ਼ੀ ਕਪੂਰ, ਅਮਰੀਕ ਸਿੰਘ, ਹਰਮਿੰਦਰ ਸਿੰਘ ਰਿੱਕੀ, ਮਨਜੀਤ ਕੌਰ, ਨੀਤੂ ਆਦਿ ਹਾਜਰ ਸਨ।

ਨਿੱਕੀਆ ਕਰੂੰਬਲਾਂ ਪ੍ਰਕਾਸ਼ਨ ਨੇ ਸੁੱਚਾ ਰਾਮ ਬੰਗਾ ਨੂੰ ਸ਼ਰਧਾਂਜਲੀ ਭੇਟ ਕੀਤੀ

ਮਾਹਿਲਪੁਰ– ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਅਤੇ ਸੁਰ ਸੰਗਮ ਵਿਦਿਅਕ ਟਰੱਸਟ ਵਲੋਂ ਉੱਘੇ ਸ਼ਾਹਿਤਕਾਰ,ਸਟੇਟ ਅਵਾਰਡੀ ਟੀਚਰ ਅਤੇ ਬੀ ਪੀ ਈ ਓ ਮਾਹਿਲਪੁਰ-2 ਦੇ ਅਹੁਦੇ ਤੇ ਤਾਇਨਾਤ ਸੁੱਚਾ ਰਾਮ ਬੰਗਾ ਦੇ ਬੇਵਕਤੀ ਚਲਾਣੇ ਤੇ ਆਨ ਲਾਈਨ ਸ਼ਰਧਾਂਜਲੀ ਸ਼ੋਕ ਸਭਾ ਦਾ ਅਯੋਜਨ ਪ੍ਰਿੰ.ਮਨਜੀਤ ਮਾਨ ਦੀ ਅਗਵਾਈ ਹੇਠ ਕੀਤਾ ਗਿਆ।ਜਿਸ ਵਿਚ ਇਲਾਕੇ ਅਤੇ ਦੂਰ ਦੁਰੇਡੇ ਦੇ ਸਾਹਿਤਕਾਰ ਅਤੇ ਅਧਿਆਪਕ ਸ਼ਾਮਿਲ ਹੋਏ। ਇਸ ਮੌਕੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਵਿਛੜੀ ਰੂਹ ਨੂੰ ਸ਼ਰਧਾ ਸੁਮਨ ਭੇਟ ਕਰਦਿਆਂ ਆਖਿਆ ਕਿ ਉਹਨਾਂ ਨੇ ਜਿੱਥੇ ਸਾਹਿਤਕਾਰੀ ਦੇ ਖੇਤਰ ਵਿਚ ਉੱਤਮ ਕਾਰਜ ਕੀਤਾ ਉੱਥੇ ਵਿਦਿਅਕ, ਖੇਡਾਂ,ਸਮਾਜਿਕ ਅਤੇ ਅਧਿਆਪਨ ਦੇ ਕਿੱਤੇ ਦੇ ਮਾਣ ਸਨਮਾਨ ਵਿਚ ਵੀ ਆਪਣੀਆਂ ਸ਼ਾਨਦਾਰ ਕਿਰਤਾਂ ਨਾਲ ਵਾਧਾ ਕੀਤਾ।ਉਹਨਾਂ ਅੱਗੇ ਕਿਹਾ ਕਿ ਇਕ ਮਹੀਨੇ ਵਿਚ ਨੰਗਲ ਖਿਡਾਰੀਆਂ ਦੇ ਦੋ ਸਿੱਖਿਆ ਸ਼ਾਸਤਰੀਆਂ ਦਾ ਵਿਛੋੜਾ ਅਸਹਿ ਹੈ। ਪ੍ਰਿੰ.ਰਾਮ ਪ੍ਰਕਾਸ਼ ਭਾਰਦੁਵਾਜ ਅਤੇ ਬੰਗਾ ਦੀ ਦੇਣ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਉਹ ਥੋੜ੍ਹੀ ਹੈ।ਕੁਲ ਹਿੰਦ ਕੌਮੀ ਅਤੇ ਰਾਜ ਪੁਰਸਕਾਰ ਜੇਤੂ ਐਸੋਸੀਏਸ਼ਨ ਵਲੋਂ ਡਾ ਪਰਮਜੀਤ ਸਿੰਘ ਕਲਸੀ ਨੇ ਕਿਹਾ ਕਿ ਅਜਿਹੇ ਹੀਰੇ ਅਧਿਆਪਕਾਂ ਦਾ

ਘਾਟਾ ਕਿਸੇ ਵੀ ਕੀਮਤ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਸ਼ਰਧਾਂਜਲੀ ਪੇਸ਼ ਕਰਦਿਆਂ ਵਿਜੇ ਬੰਬੇਲੀ, ਅਵਤਾਰ ਲੰਗੇਰੀ, ਰਘੁਵੀਰ ਕਲੋਆ, ਪ੍ਰੋ. ਬਲਵੀਰ ਕੌਰ ਰੀਹਲ, ਪ੍ਰੋ ਜੇ ਬੀ ਸੇਖੋਂ, ਤਲਵਿੰਦਰ ਸਿੰਘ ਹੀਰ, ਕੁਲਵਿੰਦਰ ਕੌਰ ਰੂਹਾਨੀ, ਸਤਵੀਰ ਕੌਰ, ਸੰਤੋਸ਼ ਕੁਮਾਰੀ, ਸਤਪਾਲ, ਅਸ਼ੋਕ ਕੁਮਾਰ ਅਤੇ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਨਵੀਂ ਪਨੀਰੀ ਨੂੰ ਉਹਨਾਂ ਦੇ ਜੀਵਨ ਸੰਘਰਸ਼ ਤੋ ਪ੍ਰੇਰਨਾ ਲੈਣੀ ਚਾਹੀਦੀ ਹੈ।

ਇਸ ਸ਼ੋਕ ਸਭਾ ਵਿਚ ਬੀ ਪੀ ਈ ਓ.ਕਰਨੈਲ ਸਿੰਘ, ਜਸਵੀਰ ਸਿੰਘ, ਸੁਖਮਨ ਸਿੰਘ, ਪੰਮੀ ਖਸ਼ਹਾਲਪੁਰੀ, ਡਾ ਸ਼ਮਸ਼ੇਰ ਮੋਹੀ,ਮਦਨ ਵੀਰਾ, ਡਾ. ਸਾਂਵਲ ਧਾਮੀ, ਡਾ, ਜਸਵੰਤ ਰਾਏ, ਡਾ. ਮਨਮੋਹਨ ਸਿੰਘ ਤੀਰ,ਕਰਨੈਲ ਸਿੰਘ, ਪ੍ਰਿੰ. ਲਲਿਤਾ ਅਰੋੜਾ, ਪ੍ਰਿੰ. ਹਰਵਿੰਦਰ ਕੌਰ, ਸਤਵੰਤ ਸਿੰਘ, ਪ੍ਰਿੰ. ਧਰਮਿੰਦਰ ਸ਼ਰਮਾ, ਪ੍ਰਿੰ. ਸਤਿੰਦਰਦੀਪ ਕੌਰ ਢਿੱਲੋਂ, ਡਾ. ਪਰਮਪ੍ਰੀਤ ਰਾਓ, ਅਮਨਦੀਪ ਕੌਰ, ਗੁਲਵੰਤ ਸਿੰਘ, ਪਵਨ ਕੁਮਾਰ, ਹਰਵੀਰ ਮਾਨ,ਬਲਬੀਰ ਸਿੰਘ, ਜਤਿੰਦਰ ਕੁਮਾਰ, ਨਿਧੀ ਅਮਨ ਸਹੋਤਾ, ਹਰਮਨਪ੍ਰੀਤ ਕੌਰ ਅਤੇ ਰਵਨੀਤ ਕੌਰ ਆਦਿ ਨੇ ਵੀ ਹਾਜ਼ਰੀ ਲਗਵਾਈ। ਸਭ ਦਾ ਧੰਨਵਾਦ ਬੀਬੀ ਕੁਲਦੀਪ ਕੌਰ ਬੈਂਸ ਵਲੋਂ ਕੀਤਾ ਗਿਆ।

ਹਰਸਿਮਰਤ ਬਾਦਲ ਦਾ ਅਸਤੀਫ਼ਾ ਮਹਿਜ਼ ਇੱਕ ਰਾਜਸੀ ਨੌਟੰਕੀ, ਗਠਬੰਧਨ ਤੋੜ ਕੇ ਕਿਸਾਨਾਂ ਦੇ ਹੱਕ ਵਿਚ ਆਉਣ- ਫਗਵਾੜਾ ਕਾਂਗਰਸ

ਫਗਵਾੜਾ (ਬੀ.ਕੇ.ਰੱਤੂ)– ਕੇਂਦਰੀ ਵਜ਼ਾਰਤ ਵਿਚੋਂ ਅਕਾਲੀ ਨੇਤਰੀ ਬੀਬੀ ਹਰਸਿਮਰਤ ਕੌਰ ਬਾਦਲ ਦੇ ਅਸਤੀਫ਼ੇ ਨੂੰ ਮਹਿਜ਼ ਇੱਕ ਰਾਜਸੀ ਨੌਟੰਕੀ ਦੱਸਦੇ ਫਗਵਾੜਾ ਕਾਂਗਰਸ ਨੇ ਅੱਜ ਬਾਦਲ ਪਰਵਾਰ ਨੂੰ ਨਿਸ਼ਾਨੇ ਤੇ ਲਿਆ ਅਤੇ ਕਿਹਾ ਕਿ ਥੋੜੇ ਦਿਨ ਪਹਿਲਾਂ ਹੀ ਤਿੰਨੇ ਬਾਦਲ ਮੀਡੀਆ ਤੇ ਲਾਈਵ ਹੋਕੇ ਆਰਡੀਨੈਂਸਾਂ ਦੇ ਹੱਕ ਵਿਚ ਕੱਸੀਦੇ ਪੜ ਰਹੇ ਸਨ ਅਤੇ ਕਾਂਗਰਸ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੇ ਸਨ ਪਰ ਜਦ ਉਨ੍ਹਾਂ ਦੇ ਝੂਠ ਦੀ ਪੋਲ ਕਿਸਾਨਾਂ ਵਿਚ ਖੁੱਲ ਗਈ ਤਾਂ ਉਹਨਾਂ ਨੇ ਅਕਾਲੀ ਦਲ ਨੂੰ ਮੂੰਹ ਨਹੀਂ ਲਗਾਇਆ ਤਦ ਮਗਰਮੱਛ ਹੰਝੂ ਦਿਖਾਉਂਦੇ ਹੋਏ ਇੱਕ ਨੇ ਅਸਤੀਫ਼ਾ ਦੇ ਦਿੱਤਾ ਤੇ ਇੱਕ ਨੇ ਲੋਕ ਸਭਾ ਵਿਚ ਵਿਰੋਧ ਦਾ ਡਰਾਮਾ ਕੀਤਾ। ਫਗਵਾੜਾ ਮਾਰਕੀਟ ਕਮੇਟੀ ਦੇ ਚੇਅਰਮੈਨ ਨਰੇਸ਼ ਭਾਰਦਵਾਜ, ਬਲਾਕ ਕਾਂਗਰਸ ਪ੍ਰਧਾਨ ਸੰਜੀਵ ਬੁੱਗਾ, ਸੀਨੀਅਰ ਕਾਂਗਰਸੀ ਨੇਤਾ ਸਤਬੀਰ ਸਿੰਘ ਸਾਹਬੀ ਨੇ ਸਾਬਕਾ ਪ੍ਰਧਾਨ ਗੁਰਜੀਤ ਪਾਲ ਵਾਲੀਆ, ਸਾਬਕਾ ਕੌਂਸੰਲਰ ਜਤਿੰਦਰ ਵਰਮਾਨੀ, ਅਮਰਜੀਤ ਸਿੰਘ, ਰਵਿੰਦਰ ਸਿੰਘ ਸੰਧੂ, ਅਵਿਨਾਸ਼ ਗੁਪਤਾ, ਸੰਜੀਵ ਭਟਾਰਾ, ਰਾਜਨ ਸ਼ਰਮਾ, ਗੁਲਸ਼ਨ ਸ਼ਰਮਾ ਲੱਕੀ ਦੀ ਹਾਜਿਰੀ ਵਿਚ ਕਿਹਾ ਕਿ ਸੱਚਮੁੱਚ ਜੇ ਅਕਾਲੀ ਦਲ ਕਿਸਾਨਾਂ

ਦੇ ਨਾਲ ਹੈ ਅਤੇ ਆਰਡੀਨੈਂਸ ਦੇ ਵਿਰੋਧ ਵਿਚ ਹਨ ਤਾਂ ਭਾਜਪਾ ਨਾਲ ਗਠਬੰਧਨ ਤੋੜ ਤੇ ਕਿਸਾਨਾਂ ਦੇ ਹੱਕ ਵਿਚ ਮੈਦਾਨ ਵਿਚ ਆਉਣ ਨਰੇਸ਼ ਭਾਰਦਵਾਜ, ਸੰਜੀਵ ਬੁੱਗਾ ਅਤੇ ਸਤਬੀਰ ਸਾਹਬੀ ਨੇ ਕਿਹਾ ਕਿ ਪੰਜਾਬ ਇੱਕ ਕਿਸਾਨੀ ਪ੍ਰਧਾਨ ਦੇਸ਼ ਹੈ ਅਤੇ ਸਾਰਾ ਦੇਸ਼ ਇਸ ਨੂੰ ਅੰਨ ਦਾ ਭੰਡਾਰ ਮੰਨਦਾ ਹੈ ਪੰਜਾਬ ਦੇ ਨੇਤਾ ਚਾਹੇ ਉਹ ਕਿਸੇ ਵੀ ਅਹੁਦੇ ਤੇ ਹੋਵੇ, ਉਸ ਨੂੰ ਕਿਸਾਨਾਂ ਦਾ ਸਾਥ ਦੇਣਾ ਚਾਹੀਦਾ ਹੈ ਕਾਂਗਰਸੀ ਨੇਤਾਵਾਂ ਨੇ ਹਲਕਾ ਸਾਂਸਦ ਅਤੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਨੂੰ ਪੁੱਛਿਆ ਕਿ ਆਪਣਾ ਸਟੈਂਡ ਸਪਸ਼ਟ ਕਰਨ ਕਿ ਉਹ ਆਪਣੇ ਹੱਕਾਂ ਲਈ ਸੜਕਾਂ ਤੇ ਉੱਤਰੇ ਕਿਸਾਨਾਂ ਦੇ ਹੱਕ ਵਿਚ ਹਨ, ਜਿੰਨਾ ਦੀ ਵੋਟਾਂ ਲੈ ਕੇ ਸਾਂਸਦ ਬਣੇ ਜਾਂ ਫਿਰ ਕੁਰਸੀ ਨਾਲ ਚੁੰਬੜ ਕੇ ਪੰਜਾਬ ਦੇ ਕਿਸਾਨਾਂ ਨਾਲ ਧਰੋਹ ਕਰ ਰਹੇ ਹਨ ਸੋਮ ਪਰਕਾਸ਼ ਕੈਂਥ ਕਿਸਾਨਾਂ ਦੇ ਹਿਤਾਂ ਵਿਚ ਆਵਾਜ਼ ਬੁਲੰਦ ਕਰਨ ਜਾ ਸਾਫ਼ ਕਰ ਦੇਣ ਕਿ ਅਗਾਂਹ ਤੋ ਕਿਸਾਨਾਂ ਕੋਲ ਵੋਟ ਲੈਣ ਨਹੀਂ ਜਾਣਗੇ ਗੁਰਜੀਤ ਵਾਲੀਆ, ਜਤਿੰਦਰ ਵਰਮਾਨੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪਹਿਲੇ ਹੀ ਦਿਨ ਆਰਡੀਨੈਂਸਾਂ ਨੂੰ ਲੈ ਸਟੈਂਡ ਸਪਸ਼ਟ ਕਰ ਦਿੱਤਾ ਸੀ ਉਨ੍ਹਾਂ ਨੇ ਸਾਫ਼ ਕਿਹਾ ਸੀ ਕਿ ਪੰਜਾਬ ਦੀ ਕਾਂਗਰਸ ਦਾ ਇੱਕ ਇੱਕ ਸਿਪਾਹੀ ਕਿਸਾਨੀ ਦੇ ਸਮਰਥਨ ਵਿਚ ਹੈ ਅਤੇ ਇਨ੍ਹਾਂ ਦੇ ਹਿਤਾਂ ਦੀ ਰਾਖੀ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹਨ ਫਗਵਾੜਾ ਕਾਂਗਰਸ ਨੇ ਇੱਕ ਸੁਰ ਵਿਚ ਕਿਹਾ ਕਿ ਕਾਂਗਰਸੀ ਸਾਂਸਦਾਂ ਨੇ ਕਾਲੇ ਝੋਗੇ ਪਾਕੇ ਇਸ ਦਾ ਵਿਰੋਧ ਕੀਤਾ ਅਤੇ ਰੋਸ ਜ਼ਾਹਿਰ ਕੀਤਾ।

ਪਰ ਮੋਦੀ ਸਰਕਾਰ ਹੰਕਾਰ ਨਾਲ ਭਰੀ ਹੋਈ ਹੈ ਅਤੇ ਕਿਸੇ ਦੀ ਕੋਈ ਗਲ ਸੁਣਨ ਨੂੰ ਤਿਆਰ ਨਹੀਂ ਹੈ ਅਗਰ ਭਾਜਪਾ ਦਾ ਕਿਸਾਨ ਵਿਰੋਧੀ ਏਜ਼ੰਡਾ ਜਾਰੀ ਰਿਹਾ ਤਾਂ ਸਮਝ ਲੈਣ ਕਿ ਐਨਡੀਏ ਦਾ ਜਹਾਜ਼ ਡੁੱਬਣ ਹੀ ਵਾਲਾ ਹੈ ਕਿਸਾਨੀ ਦੇ ਬਿਨਾਂ ਇਨਸਾਨੀ ਜ਼ਿੰਦਗੀ, ਕੋਈ ਸਰਕਾਰ, ਕੋਈ ਅਹੁਦਾ ਬੇਕਾਰ ਅਤੇ ਬੇਮਾਅਨੇ ਹੈ, ਇਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਟੀਐਸਯੂ ਵੱਲੋਂ ਖੇਤੀ ਆਰਡੀਨੈਂਸਾਂ ਅਤੇ ਬਿਜਲੀ ਸੋਧ ਬਿੱਲ 2020 ਖਿਲਾਫ ਲੜ ਰਹੀਆਂ ਕਿਸਾਨ ਜਥੇਬੰਦੀਆਂ ਦੇ ਘੋਲ ਦੀ ਡਟਵੀ ਹਮਾਇਤ

ਬੰਗਾ (ਰੇਸ਼ਮ ਕਰਨਾਣਵੀ)– ਟੈਕਨੀਕਲ ਸਰਵਿਸਿਜ਼ ਯੂਨੀਅਨ (ਰਜਿ:49) ਪੰਜਾਬ ਰਾਜ ਬਿਜਲੀ ਬੋਰਡ ਸਰਕਲ ਨਵਾਂ ਸ਼ਹਿਰ (ਐਸ ਬੀ ਐਸ ਨਗਰ) ਦੇ ਪ੍ਰਧਾਨ ਸ੍ਰੀ ਨੰਦ ਲਾਲ ਅਤੇ ਸਕੱਤਰ ਸ੍ਰੀ ਅਸ਼ਵਨੀ ਕੁਮਾਰ ਨੇ ਸਾਂਝੇ ਤੌਰ ਤੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਜੋ ਖੇਤੀ ਵਿਰੋਧੀ ਆਰਡੀਨੈਂਸ ਅਤੇ ਬਿਜਲੀ ਸੋਧ ਬਿੱਲ 2020 ਲੋਕ ਸਭਾ ਵਿੱਚ ਪੇਸ਼ ਕੀਤੇ ਹਨ, ਉਸਦੇ ਵਿਰੁੱਧ ਪੰਜਾਬ ਵਿੱਚ ਜੋਰਦਾਰ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ । ਇਹਨਾਂ ਆਰਡੀਨੈਂਸਾਂ ਅਤੇ ਬਿਜਲੀ ਸੋਧ ਬਿੱਲ ਖਿਲਾਫ ਲੜ ਰਹੀਆਂ ਕਿਸਾਨ ਮਜਦੂਰ ਜਥੇਬੰਦੀਆਂ ਦੇ ਘੋਲ ਦੀ ਟੈਕਨੀਕਲ ਸਰਵਿਸਿਜ਼ ਯੂਨੀਅਨ ਜੋਰਦਾਰ ਹਮਾਇਤ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਇਹ ਕਿਸਾਨ, ਮਜਦੂਰ ਅਤੇ ਆਮ ਲੋਕ ਵਿਰੋਧੀ ਆਰਡੀਨੈਂਸ ਰੱਦ ਕੀਤੇ ਜਾਣ ਅਤੇ ਬਿਜਲੀ ਸੋਧ ਬਿੱਲ 2020 ਵਾਪਿਸ ਲਿਆ ਜਾਵੇ। ਆਗੂਆਂ ਨੇ ਕਿਹਾ ਕਿ ਇਹ ਆਰਡੀਨੈਂਸ ਨਿੱਜੀਕਰਨ ਦੀ ਨੀਤੀ ਦਾ ਹੀ ਹਿੱਸਾ ਹਨ, ਕੇਂਦਰ ਸਰਕਾਰ ਇਹ ਆਰਡੀਨੈਂਸ ਪਾਸ ਕਰਕੇ ਨਿੱਜੀਕਰਨ ਦੀ ਨੀਤੀ ਨੂੰ ਹੀ ਅੱਗੇ ਵਧਾਉਣਾ ਚਾਹੁੰਦੀ ਹੈ।

ਲੋਕ ਰੋਹ ਨੂੰ ਦੇਖਦਿਆਂ ਭਾਵੇਂ ਕੁਝ ਸਿਆਸੀ ਪਾਰਟੀਆਂ ਇਹਨਾਂ ਆਰਡੀਨੈਂਸਾਂ ਦਾ ਵਕਤੀ ਵਿਰੋਧ ਕਰ ਰਹੀਆਂ ਹਨ ਪਰ ਨਿੱਜੀਕਰਨ ਦੀ ਨੀਤੀ ਨੂੰ ਅੱਗੇ ਵਧਾਉਣ ਲਈ ਸਮੁੱਚੀਆਂ ਵੋਟ ਬਟੋਰੂ ਪਾਰਟੀਆਂ ਇੱਕ ਮੱਤ ਹਨ। ਸਰਕਾਰ ਇਹ ਆਰਡੀਨੈਂਸ ਪਾਸ ਕਰਕੇ ਪਹਿਲਾਂ ਹੀ ਕਰਜੇ ਦੀ ਮਾਰ ਝੱਲ ਰਹੀ ਕਿਸਾਨੀ ਨੂੰ ਖੇਤੀ ਖੇਤਰ ਵਿਚੋਂ ਬਾਹਰ ਕੱਢ ਕੇ ਜਮੀਨਾਂ ਉੱਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਾਉਣਾ ਚਾਹੁੰਦੀ ਹੈ, ਸਰਕਾਰੀ ਮੰਡੀਆਂ ਬੰਦ ਕਰਕੇ ਮੰਡੀਆਂ ਦਾ ਨਿੱਜੀਕਰਨ ਕਰਨਾ ਚਾਹੁੰਦੀ ਹੈ।

ਆਗੂਆਂ ਨੇ ਕਿਹਾ ਕਿ ਇਸ ਦੇ ਨਾਲ ਹੀ ਬਿਜਲੀ ਸੋਧ ਬਿੱਲ ਪਾਸ ਕਰਕੇ ਬਿਜਲੀ ਖੇਤਰ ਦਾ ਮੁਕੰਮਲ ਨਿੱਜੀਕਰਨ ਕਰਨਾ ਚਾਹੁੰਦੀ ਹੈ, ਇਸ ਬਿੱਲ ਦੇ ਪਾਸ ਹੋਣ ਨਾਲ ਕਿਸਾਨਾਂ-ਮਜਦੂਰਾਂ ਨੂੰ ਮਿਲਦੀ ਸਬਸਿਡੀ ਨੇ ਖਤਮ ਹੋਣਾ ਹੈ, ਆਮ ਲੋਕਾਂ ਨੂੰ ਮਿਲਦੀ ਕਰੌਸ ਸਬਸਿਡੀ ਨੇ ਖਤਮ ਹੋਣਾ ਹੈ।

ਪੰਜਾਬ ਵਿੱਚ ਪਹਿਲਾਂ ਹੀ ਸਰਕਾਰੀ ਥਰਮਲ ਬੰਦ ਕਰਨ ਦਾ ਅਮਲ ਚਲਾਇਆ ਜਾ ਰਿਹਾ ਹੈ, ਬਠਿੰਡਾ ਥਰਮਲ ਬੰਦ ਕਰਕੇ ਉਸਦੀ ਜਮੀਨ ਵੇਚਣ ਲਈ ਬੋਲੀ ਵੀ ਹੋ ਚੁੱਕੀ ਹੈ, ਰੋਪੜ - ਲਹਿਰਾ ਮੁਹੱਬਤ ਥਰਮਲ ਪਲਾਂਟ ਬੰਦ ਕਰਨ ਦੀ ਤਿਆਰੀ ਹੈ। ਪ੍ਰਾਈਵੇਟ ਥਰਮਲਾਂ ਤੋਂ ਮਹਿੰਗੇ ਭਾਅ ਬਿਜਲੀ ਖਰੀਦ ਕੇ ਉਸਦਾ ਭਾਰ ਪੰਜਾਬ ਦੇ ਲੋਕਾਂ ਸਿਰ ਪਾਇਆ ਜਾ ਰਿਹਾ ਹੈ। ਬਿਨਾਂ ਬਿਜਲੀ ਖਰੀਦਿਆਂ ਕਰੋੜਾਂ ਰੁਪਏ ਸਰਕਾਰ ਵੱਲੋਂ ਬਿਜਲੀ ਕੰਪਨੀਆਂ ਨੂੰ ਲੁਟਾਏ ਜਾ ਰਹੇ ਹਨ।

ਇਸਦੇ ਨਾਲ ਹੀ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਿੱਖਿਆ ਨੀਤੀ ਵਿੱਚ ਬਦਲਾਅ ਕਰਕੇ ਸਿੱਖਿਆ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਮਿਤੀ 16 ਤੋਂ 25 ਸਤੰਬਰ ਤੱਕ ਭਾਰਤੀ ਕਿਸਾਨ ਯੂਨੀਅਨ ਏਕਤਾ ਵੱਲੋਂ ਦਿੱਤੇ ਜਾ ਰਹੇ ਸੂਬਾ ਪੱਧਰੀ ਧਰਨਿਆਂ ਵਿੱਚ ਟੈਕਨੀਕਲ ਸਰਵਿਸਿਜ਼ ਯੂਨੀਅਨ ਸਰਕਲ ਨਵਾਂਸ਼ਹਿਰ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ ਅਤੇ ਸਬ ਡਵੀਜ਼ਨ ,ਡਵੀਜ਼ਨ ਪੱਧਰ ਤੇ ਇਨ੍ਹਾਂ ਲੋਕ ਵਿਰੋਧੀ ਆਰਡੀਨੈਂਸਾ ਖਿਲਾਫ ਗੇਟ ਰੈਲੀਆਂ ਕੀਤੀਆਂ ਜਾਣਗੀਆਂ।

ਭਾਈ ਹਰਨਾਮ ਸਿੰਘ ਸ੍ਰੀ ਨਗਰ ਵਾਲਿਆਂ ਦੇ ਵਿਛੋੜਾ ਤੇ ਬੀਬੀ ਬਲਜੀਤ ਕੌਰ ਖਾਲਸਾ ਵਲੋਂ ਦੁੱਖ ਦਾ ਪ੍ਰਗਟਾਵਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਭਾਈ ਹਰਨਾਮ ਸਿੰਘ ਸ੍ਰੀ ਨਗਰ ਵਾਲੇ ਜੋ ਬੀਤੇ ਦਿਨ ਸਦੀਵੀ ਵਿਛੋੜਾ ਦੇ ਗਏ ਸਨ ਪ੍ਰਤੀ ਬੀਬੀ ਬਲਜੀਤ

ਕੌਰ ਖਾਲਸਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਉਨਾਂ ਕਿਹ ਕਿ ਭਾਈ ਹਰਨਾਮ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਗੁਰਬਾਣੀ ਨਾਲ ਜੁੜ ਬਤੀਤ ਕੀਤਾ। ਅਜਿਹੀ ਸਖਸ਼ੀਅਤ ਦਾ ਜਾਣਾ ਸਿੱਖ ਪੰਥ ਲਈ ਬਹੁਤ ਘਾਟੇ ਵਾਲੀ ਗੱਲ ਹੈ । ਬੀਬੀ ਬਲਜੀਤ ਕੌਰ ਖਾਲਸਾ ਨੇ ਕਿਹਾ ਕਿ ਪ੍ਰਸਿੱਧ ਕੀਰਤਨੀਏ ਭਾਈ ਹਰਨਾਮ ਸਿੰਘ ਸ੍ਰੀ ਨਗਰ ਵਾਲਿਆਂ ਦਾ ਸਾਰੇ ਕੀਰਤਨੀਏ ਭਾਈਚਾਰੇ ਵਿੱਚ ਬੇਹੱਦ ਸਤਿਕਾਰ ਸੀ। ਵਰਨਣਯੋਗ ਹੈ ਕਿ ਭਾਈ ਹਰਨਾਮ ਸਿੰਘ ਸ੍ਰੀ ਨਗਰ ਵਾਲਿਆਂ ਦਾ ਜਨਮ 4 ਦਸੰਬਰ ਨੂੰ 1962 ਨੂੰ ਬਰਨਾਲਾ (ਸੰਗਰੂਰ) ਵਿਖੇ ਹੋਇਆ ਸੀ ਅਤੇ ਉਹ ਇਸ ਵੇਲੇ ਬਸਤੀਆਂ ਲਾਗੇ ਜਲੰਧਰ ਰਹਿੰਦੇ ਸਨ। ਉਹਨਾਂ ਨੇ ਅਮਰੀਕਾ, ਕੈਨੇਡਾ, ਨਿਊਜ਼ੀਲੈਂਡ, ਮਾਸਕੋ, ਥਾਈਲੈਂਡ, , ਆਸਟਰੇਲੀਆ, ਫ੍ਰਾਂਸ, ਬੈਲਜ਼ੀਅਮ, ਨੀਦਰਲੈਂਡ ਮਲੇਸ਼ੀਆ, ਇੰਡੋਨੇਸ਼ੀਆ, ਪਾਕਿਸਤਾਨ, ਸਿੰਗਾਪੋਰ, ਡੁਬਈ, ਮਸਕਟ, ਨੇਪਾਲ ਹਾਂਗਕਾਂਗ, ਬੰਗਲਾਦੇਸ਼ ਅਤੇ ਇੰਗਲੈਂਡ ਆਦਿ ਦੇਸ਼ਾਂ ਦੇ ਵਿਚ ਕੀਰਤਨ ਕਰਕੇ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਉਨ੍ਹਾਂ ਨੇ ਗੁਰਮਤਿ ਸੰਗੀਤ ਡਿਪਲੋਮਾ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਹਾਸਿਲ ਕੀਤਾ ਹੋਇਆ ਸੀ। ਉਹ 30 ਸਾਲਾਂ ਤੋਂ ਕੀਰਤਨ ਕਰ ਰਹੇ ਸਨ ਅਤੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਸਨ।

ਭਾਰਤੀ ਮੂਲ ਦੀ ਅਮਰੀਕਨ ਲੇਖਿਕਾ ਦਾ ਨਾਵਲ 'ਏ ਬਰਨਿੰਗ' ਰਾਸ਼ਟਰੀ ਪੁਸਤਕ ਪੁਰਸਕਾਰ ਲਈ ਨਾਮਜ਼ਦ

ਨਿਊਯਾਰਕ (ਹੁਸਨ ਲੜੋਆ ਬੰਗਾ)— ਭਾਰਤੀ ਮੂਲ ਦੀ ਅਮਰੀਕਨ ਲੇਖਿਕਾ ਮੇਘਾ ਮਜੂਮਦਾਰ ਦੇ ਨਾਵਲ 'ਏ ਬਰਨਿੰਗ' ਨੂੰ ਰਾਸ਼ਟਰੀ ਪੁਸਤਕ ਪੁਰਸਕਾਰ



ਲਈ ਨਾਮਜ਼ਦ ਕੀਤਾ ਗਿਆ ਹੈ। ਜੱਜਾਂ ਨੇ ਬ੍ਰਿਟ ਬੈਨੇਟੀ ਦੇ ਨਾਵਲ ' ਦ ਵੈਨੀਸ਼ਿੰਗ ਹਾਫ਼ ਤੇ ਰੰਡਾਲ ਕੇਨਨ ਜਿਨਾਂ ਦੀ ਇਸ ਸਾਲ ਅਗਸਤ ਵਿਚ ਮੌਤ ਹੋ ਗਈ ਸੀ, ਦੀ ਕਹਾਣੀਆਂ ਦੀ ਪੁਸਤਕ' ਇਫ ਆਈ ਹੈਡ ਟੂ ਵਿੰਗਜ਼' ਨੂੰ ਵੀ ਰਾਸ਼ਟਰੀ ਪੁਰਸਕਾਰ ਲਈ ਨਾਮਜ਼ਦ ਕੀਤਾ ਹੈ। ਇਸ ਤੋਂ ਇਲਾਵਾ ਸਾਹਿਤ, ਅਨੁਵਾਦ, ਸ਼ਾਇਰੀ ਸਬੰਧੀ ਪੁਸਤਕਾਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। 6 ਅਕਤੂਬਰ ਨੂੰ ਨਾਮਜ਼ਦ ਪੁਸਤਕਾਂ ਦੀ ਛਾਂਟੀ ਹੋਵੇਗੀ ਤੇ ਹਰੇਕ ਸ਼੍ਰੇਣੀ ਦੀਆਂ ਪੁਸਤਕਾਂ 10 ਤੋਂ ਘਟਾ ਕੇ ਅੱਧੀਆਂ 5 ਕਰ ਦਿੱਤੀਆਂ ਜਾਣਗੀਆਂ। ਪੁਰਸਕਾਰ ਜੇਤੂਆਂ ਦਾ ਐਲਾਨ 18 ਨਵੰਬਰ ਨੂੰ ਹੋਵੇਗਾ। ' ਏ ਬਰਨਿੰਗ' ਨਾਵਲ ਇਕ ਔਰਤ ਦੀ ਕਹਾਣੀ ਹੈ ਜੋ ਭਾਰਤ ਵਿਚ ਅੱਤਵਾਦ ਦੀ ਦੋਸ਼ੀ ਹੈ। ਮੇਘਾ ਮਜੂਮਦਾਰ ਨਿ-ਊਯਾਰਕ ਵਿਚ ਰਹਿੰਦੀ ਹੈ।

"ਮਹਿੰਦੀ ਰੰਗਾ'' ਗੀਤ ਦੀ ਅਪਾਰ ਸਫ਼ਲਤਾ ਤੋਂ ਬਾਅਦ 'ਬੱਦਲਾਂ ਦੇ ਨਾਲ਼ -ਨਾਲ਼' ਗੀਤ ਲੈ ਕੇ ਇੱਕ ਵਾਰ ਫ਼ੇਰ ਹਾਜ਼ਰ ਹੋਏ ਨੇ ਸੁਖਪਾਲ ਦਰਸ਼ਨ ਦਾ ਜਾਦੂਮਈ ਸੰਗੀਤ ਤੇ ਘੁਰ ਅਗਅਨ ਦੀ ਮਿੱਠੜੀ ਅਵਾਜ਼

ਅਮਰ ਸਿੰਘ ਸਿੱਧੂ ਕਲਮ ਨਾਲ਼ ਉਕਰੇ ਗੀਤ ਸੰਗ, ਛੋਟੇ ਵੀਰ ਸੁਖਪਾਲ ਦੇ ਸੰਗੀਤ ਸੰਗ ਤੈਰਦੇ ਤੇ ਗੁਰਲਗਨ ਦੀ ਅਵਾਜ਼ ਵਿੱਚ ਘੁਲ਼ੇ ਕਦੇ ਬੱਦਲਾਂ ਦੇ ਨਾਲ਼ -ਨਾਲ਼ ਤੇ ਕਦੇ ਬੱਦਲਾਂ ਦੇ ਓਸ ਪਾਰ ਜਾ ਅਰਸ਼ਾਂ ਦੇ ਰਾਜ਼ ਜਾਣ ਮਨ ਅਨੰਦ ਹੈ। ਸੰਗੀਤ ਕੰਨਾਂ ਵਿੱਚ ਕਦੇ ਮਿਸ਼ਰੀ ਘੋਲਦੈ ਤੇ ਕਦੇ ਫਿਜ਼ਾ ਸੁਰ- ਸੁਖਾਵੀਂ ਲੱਗਦੀ ਹੈ। ਅਜਿਹੇ ਸੰਗੀਤ

ਨਾਲ਼ ਰਲ਼ ਗੁਰਲਗਨ ਦੀ ਅਵਾਜ਼ ਹੋਰ ਵੀ ਸੁਰੀਲੀ ਲੱਗਦੀ ਹੈ।

ਸਿਹਤਮੰਦ ਸੰਗੀਤ ਨੂੰ ਉਤਸ਼ਾਹਿਤ ਕਰਨ ਵਾਲ਼ਾ ਤੇ ਆਪਣੇ ਹੀ ਸੁਰਾਂ ਵਿੱਚ ਮਸਤ ਸੁਖਪਾਲ ਦਰਸ਼ਨ ਜਦੋਂ ਸੰਗੀਤ ਬੁਣਦੈ ਤਾਂ ਹਰ ਕੋਈ ਕੀਲਿਆ ਜਾਣਾ ਸੁਭਾਵਿਕ ਹੈ। ਇਹੋ ਉਸ ਦੇ ਸੰਗੀਤ ਦੀ ਸਿਫ਼ਤ ਹੈ। ਉਸ ਦਾ ਸੰਗੀਤ ਜਾਦੂਈ ਛੋਹ ਰੱਖਦੈ ਜੋ ਹਰ ਉਮਰ ਵਰਗ ਨੂੰ ਟੁੰਬਦੈ।

ਮੁਸਕਾਨ ਨੂੰ ਆਪਣੀ ਸਭ ਤੋਂ ਵੱਡੀ ਸਾਰਥਕ ਊਰਜਾ ਮੰਨਣ ਵਾਲ਼ੀ ਤੇ ਕੁਦਰਤ ਸੰਗ ਕੁਦਰਤ ਹੋ ਜਾਣ ਨੂੰ ਕਹਿੰਦੀ ਗੁਰਲਗਨ ਇਸ ਗੀਤ ਵਿੱਚ ਕਦੇ ਸੱਤਰੰਗੀ ਪੀਂਘ ਚੜ੍ਹਾ ਅਰਸ਼ਾਂ ਦੇ ਪਾਰ ਜਾਣ ਦੀ ਗੱਲ ਕਰਦੀ ਹੈ ਤੇ ਕਦੇ ਸਾਗਰ 'ਚੋਂ ਸਿੱਪੀਆਂ ਚੁਣਦੀ ਹੈ। ਪਰੀ ਦੇਸ਼ੋਂ ਆਈ ਕੋਈ ਪਰੀ ਸੁਰਾਂ ਦੇ ਸੂਹੇ ਰੰਗ ਬਿਖੇਰਣ ਜੋਗੀ ਓਦੋਂ ਹੁੰਦੀ ਹੈ ਜਦੋਂ ਸੰਗੀਤ ਨੂੰ ਸੁਰ ਕਰਦੇ ਹੱਥਾਂ ਦੀ ਛੋਹ ਉਸ ਨੂੰ ਪ੍ਰਾਪਤ ਹੁੰਦੀ ਹੈ। ਸੁਰੀਲੀਆਂ ਸੁਰ ਤੰਦਾਂ ਵਿੱਚ ਗੁੰਦੇ ਇਸ ਗੀਤ ਨੇ ਪੰਜਾਬੀ ਸੰਗੀਤ ਦੀ ਦੁਨੀਆਂ ਵਿੱਚ ਹੌਲ਼ੇ ਜਿਹੇ ਪੈਰ ਧਰਿਆ ਹੈ। ਸੁਰੀਲੇ ਸੁਰ -ਸੰਗੀਤ ਦਾ ਸੰਗਮ ਇਹ ਗੀਤ ਮਨ ਨੂੰ ਸਕੂਨ ਦਿੰਦਾ ਹੈ। ਅਜਿਹੀਆਂ ਕੋਸ਼ਿਸ਼ਾਂ ਭਵਿੱਖ ਵਿੱਚ ਵੀ ਹੁੰਦੀਆਂ ਰਹਿਣ ਇਹੋ ਆਸ ਹੈ ਤੇ ਬੱਸ ਇਹੋ ਦੁਆ ਹੈ। ਗੀਤ ਨੂੰ ਪਰੋਸਣ ਵਾਲੀ ਸਮੁੱਚੀ ਟੀਮ ਨੂੰ ਬਹੁਤ ਬਹੁਤ ਵਧਾਈ ਹੋਵੇ ਜੀਓ। ਅਖ਼ੀਰ ਸੰਗੀਤ ਤੇ ਅਵਾਜ਼ ਦੇ ਭਰਵੇਂ ਤੇ ਗੁੰਦਵੇਂ ਮਿਲਣ ਨੂੰ ਮੁਬਾਰਕਬਾਦ ਦਿੰਦੀ ਕਹਿਣਾ ਚਾਹਾਂਗੀ -

ਲੈਅ ਤਾਲ ਦਾ ਮਿਸ਼ਰੀ ਘੋਲ਼
ਸੁਰ -ਸੁਰੀਲੇ ਕੀਤੇ ਤਿਰੇ ਬੋਲ

- ਡਾ. ਹਰਦੀਪ ਕੌਰ ਸੰਧੂ

ਟਰੰਪ ਵੱਡੀਆਂ ਰੈਲੀਆਂ ਕਰਕੇ ਆਪਣੇ ਹਮਾਇਤਾਂ ਨੂੰ ਜ਼ੋਖਮ ਵਿਚ ਪਾ ਰਿਹਾ ਹੈ-ਬਿਡੇਨ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)– ਰਾਸ਼ਟਰਪਤੀ ਚੋਣ 'ਚ ਡੈਮੋਕਰੈਟਿਕ ਉਮੀਦਵਾਰ ਜੋ ਬਾਈਡੇਨ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਵੱਡੀਆਂ ਰੈਲੀਆਂ ਵਿਚ ਖੁਦ ਤਾਂ ਲੋਕਾਂ ਤੋਂ ਦੂਰ ਰਹਿੰਦਾ ਹੈ ਪਰ ਉਹ ਰੈਲੀ ਵਿਚ ਸ਼ਾਮਿਲ ਲੋਕਾਂ ਨੂੰ ਜ਼ੋਖਮ ਵਿਚ ਪਾ ਰਿਹਾ ਹੈ। ਉਨਾਂ ਕਿਹਾ ਕਿ ਸਾਬਕਾ ਰੀਅਲ ਇਸਟੇਟ ਕਾਰੋਬਾਰੀ ਟਰੰਪ ਇਕ ਬਹੁਤ ਨਿਰਦਈ ਕਿਸਮ ਦਾ ਆਗੂ ਹੈ ਜੋ ਦੂਸਰੇ ਲੋਕਾਂ ਦੇ ਹਿੱਤਾਂ ਨੂੰ ਅਣਗੌਲਿਆਂ ਕਰਦਾ ਹੈ। ਮੈਨਟੀਵੋਕ, ਵਿਸਕਾਨਸਿਨ ਦੇ ਦੌਰੇ ਦੌਰਾਨ ਬਾਈਡੇਨ ਨੇ ਦੋਸ਼ ਲਾਇਆ ਕਿ ਟਰੰਪ ਨੂੰ ਕਿਰਤੀ ਵਰਗ ਦੀ ਕੋਈ

ਪਰਵਾਹ ਨਹੀਂ ਹੈ ਜੋ ਉਸ ਦੇ ਸਮਰਥਨ ਦੀ ਬੁਨਿਆਦ ਹਨ। ਉਨਾਂ ਕਿਹਾ ਕਿ ਸੱਚਾਈ ਇਹ ਹੈ ਕਿ ਰਾਸ਼ਟਰਪਤੀ ਨੂੰ ਕਿਸੇ ਦੀ ਵੀ ਕੋਈ ਪਰਵਾਹ ਨਹੀਂ ਹੈ। ਬਾਈਡੇਨ ਨੇ ਕਿਹਾ ' ਉਹ ਰੈਲੀਆਂ ਨੂੰ ਪਿਆਰ ਕਰਦਾ ਹੈ। ਇਨਾਂ ਰੈਲੀਆਂ ਨੂ ਧਿਆਨ ਨਾਲ ਵੇਖੋ। ਟਰੰਪ ਖੁਦ ਰੈਲੀ ਵਿਚ ਸ਼ਾਮਿਲ ਲੋਕਾਂ ਤੋਂ ਦੂਰੀ ਬਣਾ ਕੇ ਰੱਖਦਾ ਹੈ ਜਦ ਕਿ ਰੈਲੀ ਵਾਲੀ ਥਾਂ ਖਚਾਖਚ ਭਰੀ ਹੁੰਦੀ ਹੈ। ਜਿਨਾਂ ਵਿਚ ਜਿਦਾਤਰ ਬਿਨਾਂ ਮਾਸਕ ਦੇ ਲੋਕ ਸ਼ਾਮਿਲ ਹੁੰਦੇ ਹਨ ਜਿਨਾਂ ਲਈ ਇਹ ਰੈਲੀਆਂ ਬਹੁਤ ਜ਼ੋਖਮ ਭਰੀਆਂ ਹੋ ਸਕਦੀਆਂ ਹਨ। ਟਰੰਪ ਨੂੰ ਲੋਕਾਂ ਦੀ ਕਦਰ ਨਹੀਂ ਹੈ। ਇਸ ਲਈ ਬੱਚੇ ਨਾ ਬਣੋ। ਇਹ ਰਾਹ ਇਕਤਰਫ਼ਾ ਹੈ।''

20 ਮਾਰਚ ਤੋਂ ਬੰਦ ਚੱਲ ਰਹੇ ਨਿਊਜ਼ੀਲੈਂਡ ਦੇ ਅੰਤਰਰਾਸ਼ਟਰੀ ਹਵਾਈ ਅੱਡਿਆਂ 'ਤੇ ਸੰਨਾਟਾ ਬਰਕਰਾਰ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ) – ਨਿਊਜ਼ੀਲੈਂਡ ਦੇ ਵਿਚ ਕਰੋਨਾ ਵਾਇਰਸ ਨੇ ਜਿੱਥੇ ਪੂਰੇ ਸੰਸਾਰ ਨੂੰ ਪ੍ਰਭਾਵਿਤ ਕਰਦਿਆਂ ਆਪਣੇ-ਆਪਣੇ ਮੁਲਕਾਂ ਤੱਕ ਸੀਮਤ ਕਰ ਦਿੱਤਾ ਹੈ ਉਥੇ ਦੁਨੀਆ ਦੇ ਇਕ ਕੋਨੇ



ਵਿਚ ਪਹਿਲਾਂ ਹੀ ਅਲੱਗ ਜਿਹੇ ਬੈਠੇ ਮੁਲਕ ਨਿਊਜ਼ੀਲੈਂਡ ਨੂੰ ਵੀ 20 ਮਾਰਚ ਨੂੰ ਆਪਣੇ ਅੰਤਰਰਾਸ਼ਟਰੀ ਹਵਾਈ ਅੱਡੇ ਬੰਦ ਕਰਨ ਲਈ ਮਜਬੂਰ ਕਰ ਦਿੱਤਾ ਸੀ। ਅੱਜ ਨਿਊਜ਼ੀਲੈਂਡ ਦੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਨੂੰ ਕਮਰਸ਼ੀਅਲ ਫਲਾਈਟਾਂ ਲਈ ਬੰਦ ਹੋਏ ਪੂਰੇ 6 ਮਹੀਨੇ ਹੋ ਗਏ ਹਨ। ਨਿਊਜ਼ੀਲੈਂਡ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ।

ਹਮੇਸ਼ਾਂ ਹੀ ਰੌਣਕਾਂ ਭਰੇ ਰਹਿਣ ਵਾਲੇ ਔਕਲੈਂਡ ਦੇ ਅੰਤਰਰਾਸ਼ਟਰੀ ਹਵਾਈ ਦੀਆਂ ਰੌਣਕਾਂ ਉਡੀਆਂ ਹੋਈਆਂ ਹਨ, ਡਿਪਾਰਚਰ ਅਤੇ ਆਰੀਆਵਲ ਗੇਟ ਉਤੇ ਨਾ ਕੋਈ ਛੱਡਣ ਜਾ ਰਿਹਾ ਹੈ ਅਤੇ ਨਾ ਹੀ ਕੋਈ ਕਿਸੀ ਨੂੰ ਲੈਣ ਜਾ ਰਿਹਾ ਹੈ, ਪੂਰੀ ਤਰ੍ਹਾਂ ਸਨਾਟਾ ਛਾਇਆ ਹੋਇਆ ਹੈ। ਪਰ ਇਸਦੇ ਉਲਟ ਕਰੋਨਾ ਦੇ ਨਿਯੰਤਰਣ ਨੇ ਘਰੇਲੂ ਉਡਾਣਾਂ ਨੂੰ ਹੋਰ ਉਤਸ਼ਾਹਿਤ ਕਰ ਦਿੱਤਾ ਹੈ ਅਤੇ ਘਰੇਲੂ ਹਵਾਈ ਅੱਡੇ ਉਤੇ ਰੌਣਕਾਂ ਪਰਤਣ ਲੱਗੀਆਂ ਹਨ। ਸਥਾਨਕ ਏਅਰ ਲਾਈਨਾਂ ਸਸਤੇ ਭਾਅ ਟਿਕਟਾਂ ਦੀ ਵਿਕਰੀ ਕਰਕੇ ਕੁਝ ਨਾ ਕੁਝ ਖੱਟਣ ਦੇ ਵਿਚ ਲੱਗੀ ਹੋਈ ਹੈ।

7 ਘੰਟੇ ਦੀ ਫਲਾਈਟ ਜਾਣਾ ਕਿਤੇ ਨਹੀਂ: ਅਗਲੇ ਮਹੀਨੇ ਆਸਟਰੇਲੀਆ ਦੀ ਇਕ ਏਅਰਲਾਈਨ ਨੇ ਪੈਸੇ ਕਮਾਉਣ ਲਈ ਇਕ ਨਵੀਂ ਸਕੀਮ ਕੱਢੀ ਹੈ। ਅੰਤਰਰਾਸ਼ਟਰੀ ਹਵਾਈ ਉਡਾਣ ਦੇ ਲਈ ਵਰਤਿਆ ਜਾਣ ਵਾਲਾ ਵੱਡਾ ਜਹਾਜ਼ 7 ਘੰਟੇ ਲਈ ਆਕਾਸ਼ ਦੇ ਵਿਚ ਉਡੇਗਾ ਅਤੇ ਆਸਟਰੇਲੀਆ ਦੀ ਧਰਤੀ ਦੇ ਦਰਸ਼ਨ ਕਰਾਏਗਾ। ਸੀਨਕ ਫਲਾਈਟ ਦਾ ਇਸ ਨੂੰ ਨਾਂਅ ਦਿੱਤਾ ਗਿਆ ਹੈ। ਇਹ ਫਲਾਈਟ ਆਸਟਰੇਲੀਆ ਦੇ ਜਿਸ ਅੱਡੇ ਤੋਂ ਚੱਲੇਗੀ ਉਥੇ ਹੀ ਵਾਪਿਸ ਆ ਜਾਵੇਗੀ। ਟਿਕਟਾਂ ਵੀ ਐਨੀਆ ਸਸਤੀਆਂ ਨਹੀਂ ਪਰ ਫਿਰ ਵੀ 10 ਮਿੰਟਾਂ ਦੇ ਵਿਚ ਇਸ ਜਹਾਜ਼ ਦੀਆਂ ਸਾਰੀਆਂ ਟਿਕਟਾਂ ਵਿਕ ਗਈਆਂ ਜੋ ਕਿ ਹੁਣ ਤੱਕ ਦਾ ਏਅਰ ਲਾਈਨ ਦਾ ਰਿਕਾਰਡ ਹੈ। ਇਹ ਫਲਾਈਟ 10 ਅਕਤੂਬਰ ਨੂੰ ਉਡੇਗੀ।

ਬੀਕਾਨੇਰ: ਖੜ੍ਹੀ ਮੁੱਛ ਰੱਖਣ 'ਤੇ ਦਲਿਤ ਦੀ ਗੋਲੀ ਮਾਰ ਕੇ ਹੱਤਿਆ

ਬੀਕਾਨੇਰ– ਰਾਜਸਥਾਨ ਦੇ ਬੀਕਾਨੇਰ 'ਚ ਇਕ ਦਲਿਤ ਵਿਅਕਤੀ ਦੀ ਖੜ੍ਹੀ ਮੁੱਛ ਕਾਰਨ ਹੱਤਿਆ ਕਰ ਦਿੱਤੀ ਗਈ ਹੈ। ਮੰਗਲਵਾਰ ਸ਼ਾਮ ਸ੍ਰੀਗੰਗਾਨਗਰ 'ਚ ਪੁਲਿਸ ਨੇ ਇਸ ਮਾਮਲੇ 'ਚ 3 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ 'ਚ 2 ਨਾਬਾਲਗ ਵੀ ਹਨ। ਉਹਨਾਂ 'ਤੇ ਦੋਸ਼ ਹੈ ਕਿ ਉਹਨਾਂ ਨੇ ਦਲਿਤ ਵਿਅਕਤੀ ਦੇ ਸਿਰ 'ਚ ਗੋਲੀ ਮਾਰ ਦਿੱਤੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮੇਘਵਾਲ ਭਾਈਚਾਰੇ ਨਾਲ ਸਬੰਧ ਰੱਖਣ ਵਾਲਾ ਪ੍ਰਦੀਪ ਕੁਮਾਰ ਫਤੋਹੀ ਪਿੰਡ ਦਾ

ਰਹਿਣ ਵਾਲਾ ਸੀ। ਸਥਾਨਕ ਲੋਕਾਂ ਦਾ ਇਕ ਸਮੂਹ ਉਸ ਦੀ ਖੜ੍ਹੀ ਮੁੱਛ ਤੋਂ ਨਰਾਜ਼ ਸੀ, ਜਿਹਨਾਂ ਨੇ ਉਸ ਨੂੰ ਲੜਾਈ ਲਈ ਚੁਣੌਤੀ ਦਿੱਤੀ ਸੀ।

22 ਸਤੰਬਰ 2020 ਨੂੰ ਬਾਬਾ ਗੁਰੂ ਨਾਨਕ ਸਾਹਿਬ ਜੀ ਦਾ 481ਵਾਂ ਜੋਤੀ ਜੋਤ ਗੁਰਪੁਰਬ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਨਾਰੋਵਾਲ ਵਿਚ ਸ਼ਰਧਾ ਨਾਲ ਮਨਾਇਆ ਗਿਆ।
ਪਹਿਲੀ ਵਾਰੀ ਇਤਿਹਾਸ ਵਿਚ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਵਿਖੇ ਸਭ ਨੂੰ ਭਾਰਤ-ਪਾਕਿਸਤਾਨ ਬਾਰਡਰ ਜ਼ੀਰੋ ਲਾਈਨ ਤੇ ਲਿਜਾਇਆ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨੇ ਸ਼ਮੂਲੀਅਤ ਕੀਤੀ।
ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਸਤਵੰਤ ਸਿੰਘ ਜੀ ਆਖਿਆ ਕਿ ਅਸੀਂ ਚਾਹੁੰਦੇ ਹਾਂ ਕਿ ਭਾਰਤ ਤੋਂ ਵੀ ਸੰਗਤ ਪਾਕਿਸਤਾਨ ਇਸ ਜੋਤੀ-ਜੋਤ ਨਗਰ ਕੀਰਤਨ ਵਿਚ ਹਹਾਜ਼ਰੀ ਭਰੇ।
ਇਸ ਸਾਲ ਨਵੰਬਰ 2020 ਵਿਚ ਬਾਬਾ ਨਾਨਕ ਜੀ ਦੇ ਪ੍ਰਕਾਸ਼ ਦਿਹਾੜੇ ਤੇ ਭਾਰਤ ਤੋਂ ਅਤੇ ਸਾਰੇ ਜਗਤ ਦੀ ਸੰਗਤ ਪਾਕਿਸਤਾਨ ਆਵੇ ਅਤੇ ਗੁਰਪੁਰਬ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇ।

– ਬਾਬਰ ਜਲੰਧਰੀ
ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਨਾਰੋਵਾਲ, ਪਾਕਿਸਤਾਨ

ਗੁਰੂ ਨਾਨਕ ਦੇਵ ਜੀ ਦੀ ਸਮਾਧ ਦੀ ਇਕ ਝਲਕ

ਗੁਰੂ ਨਾਨਕ ਦੇਵ ਜੀ ਦੀ ਮਜਾਰ ਦੀ ਇਕ ਝਲਕ

ਦਿਹਾੜੀਦਾਰ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ: ਸਰਕਾਰ ਅਤੇ ਸਮਾਜ ਦੇ ਜਾਗਣ ਦਾ ਵੇਲ਼ਾ

ਨੈਸ਼ਨਲ ਕਰਾਇਮ ਰਿਕਾਰਡਜ਼ ਬਿਓਰੋ (ਐੱਨ.ਸੀ.ਆਰ.ਬੀ.) ਵੱਲੋਂ ਹਾਲ ਵਿਚ ਹੀ ਬਹੁਤ ਦੇਰ ਕਰਕੇ ਭਾਰਤ ਵਿਚ ਵੱਖ ਵੱਖ ਵਰਗਾਂ ਦੇ ਲੋਕਾਂ ਵੱਲੋਂ 2017, 2018 ਅਤੇ 2019 ਦੌਰਾਨ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਅੰਕੜੇ ਜਾਰੀ ਕੀਤੇ ਹਨ। ਇਨ੍ਹਾਂ ਅੰਕੜਿਆਂ ਤੋਂ ਸਰਕਾਰ ਅਤੇ ਸਮਾਜ ਦੇ ਜਾਗਣ ਲਈ ਬਹੁਤ ਜ਼ਬਰਦਸਤ ਸੁਨੇਹੇ ਮਿਲਦੇ ਹਨ। ਕਿਸੇ ਵੀ ਵਿਅਕਤੀ ਦੁਆਰਾ ਕੀਤੀ ਗਈ ਖ਼ੁਦਕੁਸ਼ੀ ਦੀ ਖ਼ਬਰ ਮਨਾਂ ਨੂੰ ਉਦਾਸ ਕਰ ਦਿੰਦੀ ਹੈ, ਪਰ ਇਨ੍ਹਾਂ ਅੰਕੜਿਆਂ ਦਾ ਮਨਾਂ ਨੂੰ ਵਲੂੰਧਰ ਵਾਲ਼ਾ ਤੱਥ ਇਹ ਹੈ ਕਿ ਭਾਰਤੀ ਸਮਾਜ ਦੇ ਵੱਖ ਵੱਖ ਵਰਗਾਂ ਵਿਚੋਂ ਸਭ ਤੋਂ ਵੱਧ ਖ਼ੁਦਕੁਸ਼ੀਆਂ ਦਿਹਾੜੀਦਾਰਾਂ ਦੀਆਂ ਹਨ। ਐੱਨ. ਸੀ. ਆਰ. ਬੀ. ਅਨੁਸਾਰ 2019 ਦੌਰਾਨ ਮੁਲਕ ਵਿਚ 139123 ਵਿਅਕਤੀਆਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ ਜਿਨ੍ਹਾਂ ਵਿਚੋਂ ਇਕੱਲੇ ਦਿਹਾੜੀਦਾਰ ਮਜ਼ਦੂਰਾਂ (ਖੇਤ ਮਜ਼ਦੂਰਾਂ ਨੂੰ ਛੱਡਕੇ) ਦੀਆਂ ਦਰਜ ਹੋਈਆਂ ਖ਼ੁਕਕੁਸ਼ੀਆਂ ਦੀ ਗਿਣਤੀ 32563 ਜੋ ਕੁੱਲ ਖ਼ੁਦਕੁਸ਼ੀਆਂ ਦਾ ਇੱਕ-ਚੌਥਾਈ ਦੇ ਕਰੀਬ (23.4 ਫ਼ੀਸਦ) ਬਣਦਾ ਹੈ। 2014 ਤੋਂ ਪਹਿਲੀ ਵਾਰ ਮੁਲਕ ਵਿਚ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਅੰਕੜਿਆਂ ਵਿਚ ਐੱਨ.ਸੀ.ਆਰ.ਬੀ. ਵੱਲੋਂ ਦਿਹਾੜੀਦਾਰ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਦਰਜ ਹੋਈਆਂ ਖ਼ੁਦਕੁਸ਼ੀਆਂ ਦੇ ਅੰਕੜੇ ਜਾਰੀ ਕਰਨੇ ਸ਼ੁਰੂ ਕੀਤੇ ਗਏ ਹਨ।

ਭਾਰਤ ਵਿਚ ਦਿਹਾੜੀਦਾਰ ਮਜ਼ਦੂਰਾਂ ਵੱਲੋਂ 2014 ਦੌਰਾਨ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਕੁੱਲ ਖ਼ੁਦਕੁਸ਼ੀਆਂ ਦਾ 12 ਫ਼ੀਸਦ ਸੀ। ਉਸ ਸਾਲ ਤੋਂ ਬਾਅਦ ਇਹ ਫ਼ੀਸਦ ਅੰਕੜਾ ਲਗਾਤਾਰ ਵਧਦਾ ਗਿਆ ਹੈ। ਇਹ ਅੰਕੜਾ 2015 ਦੌਰਾਨ 17.8, 2016 ਦੌਰਾਨ 19.2, 2017 ਦੌਰਾਨ 22.1, 2018 ਦੌਰਾਨ 22.4 ਅਤੇ 2019 ਦੌਰਾਨ 23.4 ਫ਼ੀਸਦ ਬਣਦਾ ਹੈ। ਦਿਹਾੜੀਦਾਰ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਇਹ ਅੰਕੜੇ ਉਨ੍ਹਾਂ ਦੀਆਂ ਦਰਜ ਹੋਈਆਂ ਖ਼ੁਦਕੁਸ਼ੀਆਂ ਦੇ ਹਨ। ਇਸ ਮਜ਼ਦੂਰ ਵਰਗ ਦੇ ਲੋਕਾਂ ਦੁਆਰਾ ਕੀਤੀਆਂ ਹੋਰ ਖ਼ੁਦਕੁਸ਼ੀਆਂ ਦੇ ਅੰਕੜੇ ਇਸ ਵਿਚ ਸ਼ਾਮਲ ਨਹੀਂ ਹਨ। ਇਨ੍ਹਾਂ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਉਹ ਖ਼ੁਦਕੁਸ਼ੀਆਂ ਜਿਨ੍ਹਾਂ ਬਾਰੇ ਉਨ੍ਹਾਂ ਦੇ ਵਾਰਸਾਂ ਨੇ ਕਾਨੂੰਨੀ-ਸਮਾਜਿਕ ਉਲਝਣਾਂ ਕਰਕੇ ਰਿਪੋਰਟਾਂ ਦਰਜ ਨਹੀਂ ਕਰਵਾਈਆਂ ਜਾਂ ਜਿਹੜੇ ਮਜ਼ਦੂਰਾਂ ਨੇ ਜ਼ਿੰਦਗੀ ਦੇ ਹਰੇਕ ਦੀ ਪੱਖ ਤੋਂ ਨਿਰਾਸ਼ ਹੋ ਕੇ ਆਪਣੇ ਘਰ/ਝੁੱਗੀਆਂ ਛੱਡਕੇ ਕਿਸੇ ਹੋਰ ਥਾਂ ਉੱਤੇ ਜਾਕੇ ਆਪਣਾ ਜੀਵਨ ਸਮਾਪਤ ਕਰ ਲਿਆ ਅਤੇ ਜਿਨ੍ਹਾਂ ਦੀਆਂ ਲਾਸ਼ਾਂ ਦਾ ਲਾਵਾਰਸ ਲਾਸ਼ਾਂ ਵਜੋਂ ਸਸਕਾਰ ਕਰ ਦਿੱਤਾ ਗਿਆ ਉਨ੍ਹਾਂ ਨੂੰ ਇਸ ਗਿਣਤੀ ਵਿਚ ਸ਼ਾਮਲ ਕੀਤਾ ਗਿਆ ਹੁੰਦਾ ਤਾਂ ਇਹ ਅੰਕੜਾ ਅਤੇ ਇਸ ਦੀ ਫ਼ੀਸਦੀ ਹੋਰ ਜ਼ਿਆਦਾ ਹੁੰਦੀ। ਪਿਛਲੇ ਛੇ ਸਾਲਾਂ ਦੌਰਾਨ ਦਿਹਾੜੀਦਾਰ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੀ ਫ਼ੀਸਦੀ 12 ਤੋਂ ਲਗਾਤਾਰ ਵਧਦੀ ਹੋਈ 23.4 ਭਾਵ ਦੁੱਗਣੀ ਹੋ ਗਈ ਹੈ। ਜਿਹੜੇ ਦਿਹਾੜੀਦਾਰ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਉਨ੍ਹਾਂ ਵਿਚੋਂ 89 ਫ਼ੀਸਦ ਮਰਦ ਅਤੇ 11 ਫ਼ੀਸਦ ਔਰਤਾਂ ਸਨ।

ਦਿਹਾੜੀਦਾਰ ਮਜ਼ਦੂਰਾਂ ਬਾਰੇ ਇਹ ਜਾਣਨਾ ਉੱਚਿਤ ਹੋਵੇਗਾ ਕਿ ਇਸ ਵਰਗ ਵਿਚ ਕਿਹੜੇ ਵਿਅਕਤੀ ਆਉਂਦੇ ਹਨ ਅਤੇ ਉਨ੍ਹਾਂ ਦੀ ਗਿਣਤੀ ਕਿਉਂ ਵਧ ਰਹੀ ਹੈ। ਐੱਨ. ਸੀ. ਆਰ. ਬੀ. ਦੁਆਰਾ ਮੁਲਕ ਵਿਚ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਅੰਕੜਿਆਂ ਵਿਚ ਦਿਹਾੜੀਦਾਰ ਮਜ਼ਦੂਰਾਂ ਵਿਚ ਖੇਤੀਬਾੜੀ ਖੇਤਰ ਵਿਚ ਦਿਹਾੜੀ-ਦੱਪਾ ਕਰਨ ਵਾਲੇ ਮਜ਼ਦੂਰਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਇਨ੍ਹਾਂ ਮਜ਼ਦੂਰਾਂ ਵਿਚ ਗ਼ੈਰ-ਰਸਮੀ ਰੁਜ਼ਗਾਰ ਵਾਲ਼ੇ ਮਜ਼ਦੂਰਾਂ ਵਿਚੋਂ ਵੱਡੀ ਗਿਣਤੀ ਨੂੰ, ਜੋ ਸ਼ਹਿਰਾਂ ਅਤੇ ਪਿੰਡਾਂ ਵਿਚ ਉਦਯੋਗਾਂ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਦਿਹਾੜੀ-ਦੱਪਾ ਕਰਦੇ ਹਨ, ਸ਼ਾਮਲ ਕੀਤਾ ਗਿਆ ਹੈ। ਮੁਲਕ ਵਿਚ ਘੱਟੋ-ਘੱਟ ਮਜ਼ਦੂਰੀ ਕਾਨੂੰਨਾਂ ਦੇ ਬਾਵਜੂਦ ਇਨ੍ਹਾਂ ਮਜ਼ਦੂਰਾਂ ਨੂੰ ਤਨਖਾਹ ਸਕੇਲ, ਡੀ.ਏ., ਮਕਾਨ ਭੱਤਾ, ਅਤੇ ਹੋਰ ਸਹੂਲਤਾਂ ਤਾਂ ਕਿੱਥੋਂ ਮਿਲਣੀਆਂ ਹਨ, ਇਨ੍ਹਾਂ ਨੂੰ ਤਾਂ ਅੱਜ ਰੁਜ਼ਗਾਰ ਵਿਚ ਹੁੰਦੇ ਕੱਲ੍ਹ ਨੂੰ ਮਿਲਣ ਵਾਲ਼ੇ ਰੁਜ਼ਗਾਰ ਬਾਰੇ ਵੀ ਅਨਿਸ਼ਚਿਤਤਾ ਬਣੀ ਰਹਿੰਦੀ ਹੈ

ਭਾਰਤ ਵਿਚ ਦਿਹਾੜੀਦਾਰ ਮਜ਼ਦੂਰਾਂ ਦੀ ਵਧਦੀ ਗਿਣਤੀ ਪਿੱਛੇ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦਾ ਲਗਾਤਾਰ ਘਟਣਾ ਹੈ। 1950-51 ਦੌਰਾਨ ਮੁਲਕ ਦੀ ਕੁੱਲ ਅਬਾਦੀ ਵਿਚੋਂ 82 ਫ਼ੀਸਦ ਲੋਕ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਸਨ। ਵਰਤਮਾਨ ਸਮੇਂ ਦੌਰਾਨ ਮੁਲਕ ਦੇ ਲੋਕਾਂ ਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰਤਾ 50 ਫ਼ੀਸਦ ਦੇ ਕਰੀਬ ਹੈ। ਖੇਤੀਬਾੜੀ ਖੇਤਰ ਉੱਪਰ ਮਜ਼ਦੂਰਾਂ ਦੀ ਨਿਰਭਰਤਾ ਵਿਚ ਆਈ ਵੱਡੀ ਕਮੀ ਦਿਹਾੜੀਦਾਰ ਮਜ਼ਦੂਰਾਂ ਦੀ ਗਿਣਤੀ ਵਿਚ ਵਾਧੇ ਦਾ ਇਕ ਮੁੱਖ ਕਾਰਨ ਬਣੀ ਹੈ। ਖੇਤੀਬਾੜੀ ਖੇਤਰ ਵਿਚ ਲਗਾਤਾਰ ਰੁਜ਼ਗਾਰ ਘਟਣ ਪਿੱਛੇ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਵਧਦੀ ਵਰਤੋਂ ਅਤੇ ਸਰਕਾਰੀ ਨੀਤੀਆਂ ਦੇ ਖੇਤੀਬਾੜੀ ਖੇਤਰ ਦੇ ਵਿਰੁੱਧ ਬਣਾਏ ਜਾਣ ਕਾਰਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਦੁਰਕਾਰਨਾ ਅਤੇ ਉਜਾੜਨਾ ਹਨ। ਖੇਤੀਬਾੜੀ ਖੇਤਰ ਵਿਚੋਂ ਉਜਾੜੇ ਕਿਰਤੀ ਸ਼ਹਿਰਾਂ ਦੇ ਲੇਬਰ ਚੌਂਕਾਂ ਵਿਚ ਰੁਜ਼ਗਾਰ ਦੀ ਭਾਲ ਵਿਚ ਬੈਠੇ ਅਕਸਰ ਮਿਲਦੇ ਹਨ। ਇਨ੍ਹਾਂ ਕਾਰਨਾਂ ਤੋਂ ਬਿਨਾਂ ਜਨਤਕ ਖੇਤਰ ਦੇ ਅਦਾਰਿਆਂ ਨੂੰ ਸਰਮਾਏਦਾਰ ਜਗਤ ਨੂੰ ਕੌਡੀਆਂ ਦੇ ਮੁੱਲ ਵੇਚਣਾ ਅਤੇ ਉਦਯੋਗਿਕ ਅਤੇ ਸੇਵਾਵਾ ਦੇ ਖੇਤਰਾਂ ਵਿਚ ਵਧਦਾ ਮਸ਼ੀਨੀਕਰਨ ਅਤੇ ਸਵੈ-ਚਾਲਤ ਮਸ਼ੀਨਾਂ ਦਿਹਾੜੀਦਾਰ ਮਜ਼ਦੂਰਾਂ ਦੀ ਵਧਦੀ ਗਿਣਤੀ ਦੇ ਕਾਰਨ ਹਨ।

ਭਾਰਤ ਵਿਚ ਦਿਹਾੜੀਦਾਰ ਮਜ਼ਦੂਰਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਦੇ ਅਨੇਕਾਂ ਕਾਰਨਾ ਵਿਚੋਂ ਆਰਥਿਕ, ਸਮਾਜਿਕ, ਸਭਿਆਚਾਰਕ, ਰਾਜਸੀ ਅਤੇ ਬੌਧਿਕ ਪ੍ਰਦੂਸ਼ਣ ਪ੍ਰਮੁੱਖ ਹਨ। ਮੁਲਕ ਨੇ ਅਜ਼ਾਦੀ ਤੋਂ ਬਾਅਦ ਲਗਾਤਾਰ ਆਰਥਿਕ ਵਿਕਾਸ ਕੀਤਾ ਹੈ। 1991 ਦੌਰਾਨ ਮੁਲਕ ਵਿਚ ਅਪਣਾਈਆਂ ਗਈਆਂ ਉਦਾਰੀਕਰਨ, ਨਿੱਜੀਕਰਨ ਅਤੇ ਦੀਆਂ 'ਨਵੀਆਂ ਆਰਥਿਕ ਨੀਤੀਆਂ', ਜੋ ਸਰਮਾਏਦਾਰ/ਕਾਰਪੋਰੇਟ ਜਗਤ ਪੱਖੀ ਹਨ, ਤੋਂ ਬਾਅਦ ਆਰਥਿਕ ਵਿਕਾਸ ਦੀ ਦਰ ਵਿਚ ਕੁਝ ਸਮੇਂ ਦੌਰਾਨ ਤੇਜ਼ੀ ਆਈ ਜਿਸ ਨੂੰ ਮੁਲਕ ਦੇ ਹੁਕਮਰਾਨਾਂ ਨੇ ਆਪਣੀ ਪਿੱਠ ਥਪਥਪਾਉਣ ਲਈ ਖ਼ੂਬ ਵਰਤਿਆ ਅਤੇ ਦੁਨੀਆ ਦੀ ਮਹਾ-ਆਰਥਿਕ ਸ਼ਕਤੀ ਬਣਨ ਦੇ ਦਾਅਵੇ ਕਰਨੇ ਵੀ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਦੀ ਆਰਥਿਕ ਵਿਕਾਸ ਦੀ ਦਰ ਵਿਚ ਆਈ ਤੇਜ਼ੀ ਲਈ ਮੁਲਕ ਦੇ ਕੁਦਰਤੀ ਸਾਧਨਾਂ ਨੂੰ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਤਰੀਕਿਆ ਨਾ਼ਲ ਸਰਮਾਏਦਾਰ/ਕਾਰਪੋਰੇਟ ਜਗਤ ਦੇ ਪੱਖ ਵਰਤਣ ਦੀ ਖੁੱਲ੍ਹ, ਵਰਤਮਾਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਦੇ ਹਿੱਤਾਂ ਦੀ ਅਣਦੇਖੀ, ਵਾਤਾਵਰਨ ਦਾ ਘਾਣ ਆਦਿ ਅਨੇਕਾ ਕਾਰਨ ਜ਼ਿੰਮੇਵਾਰ ਹਨ। ਜਿੱਥੇ ਆਰਥਿਕ ਵਿਕਾਸ ਦੀ ਦਰ ਵਿਚ ਆਈ ਤੇਜ਼ੀ ਨਾ਼ਲ ਸਰਮਾਏਦਾਰ/ਕਾਰਪੋਰੇਟ ਜਗਤ ਮਾਲੋ-ਮਾਲ ਹੋਇਆ, ਉੱਥੇ ਕਿਰਤੀ ਵਰਗ ਮੁਕਾਬਲਤਨ ਹੋਰ ਗ਼ਰੀਬ ਹੋਇਆ। ਇਸ ਤੱਥ ਦੀ ਗਵਾਹੀ ਭਾਰਤ ਵਿਚ ਵਧਦੀਆਂ ਆਰਥਿਕ ਅਸਮਾਨਤਾਵਾਂ ਦੀਆਂ ਔਕਸਫੈਮ ਅਤੇ ਹੋਰ ਕੌਮਾਂਤਰੀ ਅਤੇ ਮੁਲਕ ਦੀਆਂ ਰਿਪੋਰਟਾਂ ਹਨ ਜੋ ਅੱਤ ਦੇ ਅਮੀਰ 1 ਫ਼ੀਸਦ ਅਤੇ ਬਾਕੀ ਦੇ 99 ਫ਼ੀਸਦ ਲੋਕਾਂ ਵਿਚਕਾਰ ਲਗਾਤਾਰ ਵਧ ਰਹੇ ਆਰਥਿਕ ਪਾੜੇ ਨੂੰ ਆਏ ਸਾਲ ਸਾਹਮਣੇ ਲਿਆਉਂਦੀਆਂ ਹਨ। ਦਿਹਾੜੀਦਾਰ ਮਜ਼ਦੂਰਾਂ ਦੇ ਗ਼ੈਰ-ਰਸਮੀ ਰੁਜ਼ਗਾਰ ਵਿਚ ਹੋਣ ਕਾਰਨ ਉਨ੍ਹਾਂ ਨੂੰ ਨਾ ਤਾਂ ਪੱਕੇ ਤੌਰ ਉੱਤੇ ਰੁਜ਼ਗਾਰ ਮਿਲਦਾ ਹੈ ਅਤੇ ਨਾ ਹੀ ਘੱਟੋ-ਘੱਟ ਮਜ਼ਦੂਰੀ। ਜਦੋਂ ਇਨ੍ਹਾਂ ਮਜ਼ਦੂਰਾਂ ਨੂੰ ਕੰਮ ਕਰਨ ਦੌਰਾਨ ਬਿਮਾਰ ਹੋਣ ਕਰਕੇ ਬਿਨਾਂ ਤਨਖਾਹ ਤੋਂ ਛੁੱਟੀ ਲੈਣੀ ਪੈਂਦੀ ਹੈ ਤਾਂ ਜ਼ਿੰਦਗੀ ਦੇ ਹੋਰ ਵੱਖ ਵੱਖ ਪੱਖਾਂ ਤੋਂ ਸਮਾਜਿਕ ਸੁਰੱਖਿਆ ਕਿੱਥੋਂ ਮਿਲਣੀ ਹੈ। ਇਸ ਤਰ੍ਹਾਂ ਇਹ ਮਜ਼ਦੂਰ ਅਨਿਸ਼ਚਿਤ ਰੁਜ਼ਗਾਰ, ਘੱਟੋ-ਘੱਟ ਮਜ਼ਦੂਰੀ ਦੇ ਨਾ-ਮਿਲਣ ਅਤੇ ਸਮਾਜਿਕ ਸੁਰੱਖਿਆ ਦੀ ਘਾਟ ਕਾਰਨ ਆਰਥਿਕ ਪ੍ਰਦੂਸ਼ਣ ਹੰਢਾਉਣ ਲਈ ਮਜ਼ਬੂਰ ਹਨ।

ਕਿਸੇ ਵੀ ਮੁਲਕ ਵਿਚ ਵੱਖ ਵੱਖ ਵਰਗਾਂ ਦੇ ਸਮਾਜਿਕ-ਸਭਿਆਚਾਰਕ ਪੱਖ ਆਮ ਤੌਰ ਉੱਤੇ ਉਨ੍ਹਾਂ ਵਰਗਾਂ ਦੀਆਂ ਆਰਥਿਕ ਹਾਲਤਾਂ ਦੁਆਰਾ ਪ੍ਰਭਾਵਿਤ ਹੁੰਦੇ ਹਨ। ਦਿਹਾੜੀਦਾਰ ਮਜ਼ਦੂਰ ਆਰਥਿਕ ਪੱਖੋਂ ਸਭ ਤੋਂ ਹੇਠਲੇ ਵਰਗਾਂ ਵਿਚ ਹੋਣ ਕਾਰਨ ਸਮਾਜਿਕ ਪ੍ਰਦੂਸ਼ਣ ਹੰਢਾਉਣ ਲਈ ਮਜ਼ਬੂਰ ਹਨ। ਬਹੁਤ ਨੇੜੇ ਦੀਆਂ ਰਿਸ਼ਤੇਦਾਰੀਆਂ ਹੋਣ ਦੇ ਬਾਵਜੂਦ ਅਮੀਰ ਰਿਸ਼ਤੇਦਾਰ ਨਾ ਤਾਂ ਉਨ੍ਹਾਂ ਨੂੰ ਆਪਣਾ ਰਿਸ਼ਤੇਦਾਰ ਮੰਨਣ ਲਈ ਅਤੇ ਨਾ ਹੀ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ ਹੁੰਦੇ ਹਨ, ਜਦੋਂ ਇਹੀ ਅਮੀਰ ਰਿਸ਼ਤੇਦਾਰ ਆਪ ਤੋਂ ਵੱਧ ਅਮੀਰ ਅਤੇ ਰਸੂਖਵਾਨ ਲੋਕਾਂ ਨਾ਼ਲ ਕੋਈ ਵੀ ਰਿਸ਼ਤੇਦਾਰੀ ਨਾ ਹੋਣ ਦੇ ਬਾਵਜੂਦ ਜਬਰਾਂ-ਤਕਸੀਮਾਂ ਵਾ਼ਲੀਆਂ ਰਿਸ਼ਤੇਦਾਰੀਆਂ ਕੱਢਕੇ ਉਨ੍ਹਾਂ ਕੋ਼ਲ ਪੇਸ਼ ਹੋ ਕੇ ਅਤੇ ਉਨ੍ਹਾਂ ਦੇ ਵੱਖ ਵੱਖ ਕੰਮ ਕਰਕੇ ਆਪਣੀ ਹਾਜ਼ਰੀ ਲਵਾਉਂਦੇ ਅਕਸਰ ਦੇਖੇ ਜਾਂਦੇ ਹਨ। ਭਾਰਤੀ ਸਮਾਜ ਵਿਚ ਬੇਲੋੜੇ ਵਧਦੇ ਨਿੱਜਵਾਦ ਅਤੇ ਪਦਾਰਥਵਾਦ ਦੇ ਰੁਝਾਨਾਂ ਨੇ ਹੋਰ ਲੋਕਾਂ ਦੇ ਨਾ਼ਲ ਨਾ਼ਲ ਦਿਹਾੜੀਦਾਰ ਮਜ਼ਦੂਰਾਂ ਨੂੰ ਸੰਘਰਸ਼ਾਂ ਦੇ ਰਾਹ ਤੋਂ ਹਟਾਕੇ ਬਚਾ ਦੀ ਨੀਤੀ ਵੱਲ ਧੱਕਿਆ ਹੈ।

ਮੁਲਕ ਦੇ ਅਜ਼ਾਦ ਹੋਣ ਤੋਂ ਲੈਕੇ ਹੁਣ ਤੱਕ ਵੱਖ ਵੱਖ ਰਾਜਸੀ ਪਾਰਟੀਆਂ ਚੋਣਾਂ ਤੋਂ ਪਹਿਲਾਂ ਆਪਣੀ ਜਿੱਤ ਯਕੀਨੀ ਬਣਾਉਣ ਲਈ ਵੋਟਰਾਂ ਨਾ਼ਲ ਇਸ ਤਰ੍ਹਾਂ ਦੇ ਵਾਅਦੇ ਕਰਦੀਆਂ ਹਨ ਜਿਨ੍ਹਾਂ ਤੋਂ ਇਹ ਲੱਗਣ ਲੱਗ ਜਾਂਦਾ ਹੈ ਕਿ ਚੋਣਾਂ ਤੋਂ ਬਾਅਦ ਸਰਕਾਰ ਬਣਨ ਉਪਰੰਤ ਕਿਰਤੀ ਵਰਗਾਂ ਦੀ ਚੁਰਾਸੀ ਕੱਟੀ ਹੀ ਨਹੀਂ ਜਾਵੇਗੀ, ਸਗੋਂ ਉਨ੍ਹਾਂ ਵਰਗਾਂ ਦੇ ਲੋਕ ਭਾਰਤੀ ਨਾਗਰਿਕ ਹੋਣ ਉੱਪਰ ਮਾਣ ਕਰ ਸਕਣਗੇ। ਹਰੇਕ ਚੋਣ ਤੋਂ ਬਾਅਦ ਰਾਜਸੀ ਪਾਰਟੀਆਂ ਨੇ ਵਾਅਦੇ ਤਾਂ ਕੀ ਪੂਰੇ ਕਰਨੇ ਹੁੰਦੇ ਹਨ, ਸਗੋਂ ਉਹ ਹੁਕਮਰਾਨ ਬਣਨ ਉਪਰੰਤ 'ਕਿਰਤ ਸੁਧਾਰਾਂ' ਦੇ ਨਾਮ ਥੱਲੇ ਕਿਰਤੀਆਂ ਨੂੰ ਹੋਰ ਰਗੜੇ ਲਗਾਉਣੇ ਸ਼ੁਰੂ ਕਰਦੇ ਹੋਏ ਭੋਰਾ ਵੀ ਕਿਰਕ ਨਹੀਂ ਕਰਦੇ। ਅਗਲੀਆਂ ਚੋਣਾਂ ਦੌਰਾਨ ਉਹੀ ਰਾਜਸੀ ਪਾਰਟੀਆਂ ਲੋਕਾਂ ਦੀ ਯਾਦ-ਸ਼ਕਤੀ ਨੂੰ ਕੰਮਜ਼ੋਰ ਸਮਝਦੇ ਹੋਏ ਆਪਣੇ ਨਾ-ਕੀਤੇ ਕੰਮਾਂ ਦੇ ਝੂਠੇ ਦਾਅਵੇ ਅਤੇ ਆਉਣ ਵਾਲੇ ਸਮੇਂ ਲਈ ਨਵੇਂ ਵਾਅਦੇ ਠੋਕਦੇ ਹੋਏ ਰਾਜਸੀ ਪ੍ਰਦੂਸ਼ਣ ਵਧਾਉਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ ਅਤੇ ਇਹ ਪ੍ਰਦੂਸ਼ਣ ਵੀ ਦਿਹਾੜੀਦਾਰ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦਾ ਇਕ ਮਹੱਤਵਪੂਰਨ ਕਾਰਨ ਬਣਦਾ ਹੈ। ਆਮ ਤੌਰ ਉੱਤੇ ਵੱਧ ਪੜ੍ਹੇ-ਲਿਖੇ ਲੋਕਾਂ ਨੂੰ ਬੁੱਧੀਜੀਵੀ ਆਖਿਆ ਜਾਂਦਾ ਹੈ ਜਦੋਂ ਕਿ ਅਸਲੀਅਤ ਵਿਚ ਬੁੱਧੀਜੀਵੀ ਉਹ ਲੋਕ ਹੁੰਦੇ ਹਨ ਜੋ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਆਮ ਲੋਕਾਂ ਨਾਲੋਂ ਵਧੀਆ ਤਰੀਕੇ ਨਾਲ ਵੱਧ ਸਮਝਦੇ ਹੋਏ ਉਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਸਦਾ ਤੱਤਪਰ ਰਹਿੰਦੇ ਹਨ। ਕੁਝ ਵੱਧ ਪੜ੍ਹੇ-ਲਿਖੇ ਤੇਜ਼ ਦਿਮਾਗ ਲੋਕ ਆਪਣੇ ਲਈ ਵਿਅਰਥ ਨਿੱਕੀਆਂ-ਨਿੱਕੀਆਂ ਰਿਆਇਤਾਂ ਪ੍ਰਾਪਤ ਕਰਨ ਲਈ ਹੁਕਮਰਾਨਾਂ ਅਤੇ ਸਰਮਾਏਦਾਰ/ਕਾਰਪੋਰੇਟ ਜਗਤ ਲਈ ਨਤੀਜਾ-ਪ੍ਰਮੁੱਖ ਅਧਿਐਨ ਪ੍ਰਚਾਰਨ ਲਈ ਆਪਣੇ ਕੋਲੋ ਅੰਕੜੇ ਬਣਾਉਣ ਵਿਚ ਆਪਣੀ ਸਮਰੱਥਾ ਤੋਂ ਵੀ ਵੱਧ ਜ਼ੋਰ ਲਗਾਉਂਦੇ ਦੇਖੇ ਜਾਂਦੇ ਹਨ। ਇਨ੍ਹਾਂ ਅਖੌਤੀ ਬੁੱਧੀਜੀਵੀਆਂ ਦਾ ਇਕ ਨਤੀਜਾ-ਪ੍ਰਮੁੱਖ ਅਧਿਐਨ ਇਹ ਹੁੰਦਾ ਹੈ ਕਿ ਹਾਸ਼ੀਏ ਉੱਪਰਲੇ ਲੋਕਾਂ ਦਾ ਉਜੜਨਾ ਉਨ੍ਹਾਂ ਲੋਕਾਂ ਦੇ ਹੱਕ ਵਿਚ ਹੀ ਹੁੰਦਾ ਹੈ। ਤੇਜ਼ ਦਿਮਾਗ ਵਿਅਕਤੀਆਂ ਦੇ ਅਜਿਹੇ ਵਰਤਾਰੇ ਨੂੰ ਬੌਧਿਕ ਪ੍ਰਦੂਸ਼ਣ ਕਿਹਾ ਜਾਂਦਾ ਹੈ ਜੋ ਦਿਹਾੜੀਦਾਰ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਇਕ ਕਾਰਨ ਬਣਦਾ ਹੈ। ਇਸ ਸੰਬੰਧ ਇਕ ਤੱਥ ਜਾਨਣਾ ਬਹੁਤ ਜ਼ਰੂਰੀ ਹੈ ਕਿ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਰੋਸ਼ਨ ਦਿਮਾਗ ਵਾ਼ਲਿਆਂ ਦੀ ਭੂਮਿਕਾ ਹੀ ਬੇੜਾ ਪਾਰ ਲਗਾਉਂਦੀ ਹੈ। ਫਰਾਂਸ ਦੇ ਇਕ ਮਹਾਨ ਚਿੰਤਕ ਸਿਸਮੌਂਡੀ, ਜਿਸ ਦੀਆਂ ਲਿਖਤਾਂ 18ਵੀਂ ਸਦੀ ਦੇ ਆਖ਼ੀਰ ਅਤੇ 19ਵੀਂ ਸਦੀ ਦੇ ਸ਼ੁਰੂ ਵਿਚ ਮਿਲਦੀਆਂ ਹਨ, ਅਨੁਸਾਰ ਮੁਲਕ ਦਾ ਇਕ ਵੀ ਕਿਰਤੀ ਮਰਨ ਨਾ਼ਲ ਮੁਲਕ ਨੂੰ ਕਦੇ ਵੀ ਨਾ-ਪੂਰਾ ਹੋ ਸਕਣ ਵਾ਼ਲਾ ਘਾਟਾ ਪੈਂਦਾ ਹੈ। ਕਾਰਲ ਮਾਰਕਸ, ਰਿਕਾਰਡੋ ਅਤੇ ਹੋਰ ਅਨੇਕਾਂ ਵਿਦਵਾਨਾਂ ਨੇ ਉਤਪਾਦਨ ਪ੍ਰਕਿਰਿਆ ਵਿੱਚ ਕਿਰਤੀਆਂ ਦੀ ਭੂਮਿਕਾ ਬਾਰੇ ਬਹੁਤ ਚਾਨਣਾ ਪਾਇਆ ਹੈ। ਭਾਰਤ ਵਿਚ ਦਿਹਾੜੀਦਾਰ ਮਜ਼ਦੂਰਾਂ ਦੀ ਭੂਮਿਕਾ ਨੂੰ ਸਮਝਦੇ ਹੋਏ ਉਨ੍ਹਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਨੂੰ ਰੋਕਣਾ ਅਤਿਅੰਤ ਜ਼ਰੂਰੀ ਹੈ। ਅਜਿਹਾ ਕਰਨ ਲਈ ਸਰਕਾਰ ਅਤੇ ਸਮਾਜ ਦੇ ਜਾਗਣ ਦਾ ਵੇ਼ਲਾ ਹੈ, ਨਹੀਂ ਤਾਂ ਇਸ ਦੇ ਸਿੱਟੇ ਅਕਿਹ ਅਤੇ ਅਸਿਹ ਹੋਣਗੇ। ਭਾਰਤ ਵਿਚ ਆਰਥਿਕ ਵਿਕਾਸ ਮਾਡਲ ਨੂੰ ਲੋਕ ਅਤੇ ਕੁਦਰਤ-ਪੱਖੀ ਬਣਾਉਣਾ ਪਵੇਗਾ ਜਿਸ ਵਿਚ ਜਨਤਕ ਖੇਤਰ ਲਈ ਪ੍ਰਮੁੱਖ ਥਾਂ ਯਕੀਨੀ ਬਣਾਉਣ ਦੇ ਨਾ਼ਲ ਨਾ਼ਲ ਨਿੱਜੀ ਖੇਤਰ ਦੀ ਸਖ਼ਤ ਨਿਗਰਾਨੀ ਹੋਵੇ ਤਾਂ ਕਿ ਮੁਲਕ ਦੇ ਮਜ਼ਦੂਰ ਆਪਣੀਆਂ ਬੁਨਿਆਦੀ ਲੋੜਾਂ ਸਤਿਕਾਰਤ ਢੰਗਾਂ ਨਾ਼ਲ ਪੂਰੀਆਂ ਕਰਦੇ ਹੋਏ ਭਾਰਤ ਦੇ ਨਾਗਰਿਕ ਹੋਣ ਉੱਪਰ ਮਾਣ ਕਰ ਸਕਣ। ਅਜਿਹਾ ਆਰਥਿਕ ਪ੍ਰਬੰਧ ਮਜ਼ਦੂਰਾਂ ਦੇ ਸੰਘਰਸ਼ਾਂ ਦੁਆਰਾ ਹੀ ਸੰਭਵ ਹੋ ਸਕੇਗਾ, ਪਰ ਮਜ਼ਦੂਰਾਂ ਦੁਆਰਾ ਸੰਘਰਸ਼ ਲੋਕਤੰਤਰਿਕ ਅਤੇ ਸ਼ਾਂਤਮਈ ਢੰਗਾਂ ਨਾਲ ਕਰਨੇ ਬਣਦੇ ਹਨ।

ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਕੇਂਦਰੀ ਖੇਤੀਬਾੜੀ ਮੰਤਰੀ ਵੱਲੋਂ ਖੇਤੀ ਆਰਡੀਨੈਂਸਾਂ ਦੇ ਸਮਰਥਨ 'ਚ ਦਿੱਤੇ ਤਰਕਾਂ 'ਤੇ ਮਾਹਿਰਾਂ ਦੀ ਰਾਇ ਵੱਖਰੀ

ਲੁਧਿਆਣਾ- ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਖੇਤੀਬਾੜੀ ਆਰਡੀਨੈਂਸਾਂ ਨੂੰ ਸਹੀ ਠਹਿਰਾਉਂਦੇ ਹੋਏ ਕਿਸਾਨ ਅਤੇ ਖੇਤੀਬਾੜੀ ਦੀ ਭਲਾਈ ਲਈ ਚੁੱਕਿਆ ਗਿਆ ਕਦਮ ਦੱਸਿਆ ਹੈ। ਉਹਨਾਂ ਇਹ ਵੀ ਕਿਹਾ ਕਿ ਇਏ ਖੇਤੀਬਾੜੀ ਆਰਡੀਨੈਂਸ ਸਮੇਂ ਦੀ ਲੋੜ ਸਨ। ਹਰ ਇਕ ਉਤਪਾਦਕ ਆਪਣੇ ਉਤਪਾਦ ਦਾ ਖੁਦ ਮੁੱਲ ਤਹਿ ਕਰਦਾ ਹੈ, ਸਿਰਫ ਕਿਸਾਨ ਹੀ ਨਹੀਂ ਕਰਦਾ, ਹਿਸ ਵਿਚ ਕਿਸਾਨਾਂ ਨੂ ਆਪਣੀ ਜਿਣਸ ਦਾ ਮੁੱਲ ਆਪ ਤਹਿ ਕਰਨ ਦਾ ਹੱਕ ਮਿਲੇਗਾ। ਜੇਕਰ ਕਿਸੇ ਵੱਡੇ ਵਪਾਰੀ ਨਾਲ ਕਿਸਾਨ ਦਾ ਰੌਲਾ ਹੁੰਦਾ ਹੈ ਤਾਂ ਐਸ. ਡੀ. ਐਮ. 30 ਦਿਨਾਂ ਵਿਚ ਹੱਲ ਕਰਵਾ ਦੇਵੇਗਾ। ਸਮਰਥਨ ਮੁੱਲ ਨਹੀਂ ਹਟੇਗਾ ਅਤੇ ਮੰਡੀ ਬੋਰਡ ਵੀ ਨਹੀਂ ਟੁੱਟੇਗਾ। ਜ਼ਰੂਰੀ ਵਸਤਾਂ ਨਿਯਮ ਨੂੰ ਢਿੱਲ ਦੇਣ ਨਾਲ ਕੋਈ ਨੁਕਸਾਨ ਨਹੀਂ ਹੋਵੇਗਾ ਕਿਉਂਕਿ ਇਹ ਉਸ ਸਮੇਂ ਬਣਿਆ ਸੀ ਜਦੋਂ ਅਨਾਜ ਦੀ ਥੋੜ੍ਹ ਸੀ ਪਰ ਹੁਣ ਸਾਡੇ ਕੋਲ ਭਰਪੂਰ ਅਨਾਜ ਹੈ। ਕੇਂਦਰੀ ਖੇਤੀਬਾੜੀ ਮੰਤਰੀ ਵੱਲੋਂ ਕਹੀਆਂ ਗਈਆਂ ਇਹ ਗੱਲਾਂ ਵਿਚ ਕਿੰਨੀ ਸਚਾਈ ਹੈ, ਇਸ ਸਬੰਧੀ ਮਾਹਿਰ ਵੱਖਰੀ ਸੋਚ ਰੱਖਦੇ ਹਨ।

ਕੀ ਖੁੱਲ੍ਹੀ ਮੰਡੀ ਸਹੀ ਹੱਲ ਹੈ?

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋ. ਡਾ. ਗਿਆਨ ਸਿੰਘ ਨੇ ਦੱਸਿਆ ਕਿ ਸਮੇਂ ਦੀ ਲੋੜ ਇਹ ਸੀ ਕਿ ਕਰੋਨਾ ਮਹਾਂਮਾਰੀ ਦੇ ਬਾਵਜੂਦ ਕਿਸਾਨਾਂ ਨੇ ਕਣਕ ਦੀ ਵਾਢੀ ਕੀਤੀ ਅਤੇ ਬਹੁਤ ਹੀ ਤੇਜ਼ੀ ਨਾਲ ਪੰਜਾਬ, ਹਰਿਆਣਾ ਸਰਕਾਰ ਨੇ ਮੰਡੀਆਂ ਵਿਚ ਕਣਕ ਦੀ ਖਰੀਦ ਕੀਤੀ। ਇਸ ਤੋਂ ਬਾਅਦ ਝੋਨੇ ਦੀ ਲਵਾਈ ਲਈ ਮਜ਼ਦੂਰਾਂ ਦੀ ਕਮੀ ਦਾ ਵੀ ਡਰ ਸੀ। ਇਸ ਸਭ ਦੇ ਬਾਵਜੂਦ ਅਜਿਹੀ ਕਿਹੜੀ ਐਮਰਜੈਂਸੀ ਸੀ ਕਿ ਖੇਤੀ ਆਰਡੀਨੈਂਸ ਜਾਰੀ ਕਰਨੇ ਪਏ। ਜੇਕਰ ਸਰਕਾਰ ਖੇਤੀਬਾੜੀ ਜਿਨਸਾਂ ਦੀ ਖਰੀਦ ਵਿਚੋਂ ਆਪਣਾ ਹੱਥ ਖਿੱਚਦੀ ਹੈ ਅਤੇ ਕਹਿੰਦੀ ਹੈ ਕਿ ਖੁੱਲ੍ਹੀ ਮੰਡੀ ਨਾਲ ਆਪਣੇ-ਆਪ ਕੀਮਤਾਂ ਤਹਿ ਹੋਣਗੀਆਂ, ਮੰਡੀ ਸਾਰੀਆਂ ਸਮੱਸਿਆਵਾਂ ਦਾ ਹੱਲ ਆਪਣੇ-ਆਪ ਕਰ ਲੈਂਦੀ ਹੈ। ਇਤਿਹਾਸ ਗਵਾਹ ਹੈ ਕਿ ਇਹ ਵਾਰ ਵਾਰ ਫੇਲ ਹੋਇਆ। 1930 ਦੀ ਮਹਾਂਮੰਦੀ ਇਸ ਦੇ ਕਾਰਨ ਹੀ ਹੋਈ ਸੀ। ਫਿਰ ਮਾਹਿਰਾਂ ਨੇ ਮੰਨਿਆ ਕਿ ਖੁੱਲ੍ਹੀ ਮੰਡੀ ਸਹੀ ਹੱਲ ਨਹੀਂ ਹੈ।

ਕੀ ਲਾਜ਼ਮੀ ਵਸਤੂ ਨਿਯਮ 'ਚ ਢਿੱਲ ਦੀ ਲੋੜ ਸੀ?

ਡਾ. ਗਿਆਨ ਸਿੰਘ ਨੇ ਕਿਹਾ ਕਿ ਲਾਜ਼ਮੀ ਵਸਤੂ ਨਿਯਮ 1957 ਵਿਚ ਢਿੱਲ ਕਰਨ ਲਈ ਸਾਨੂੰ ਪਹਿਲਾਂ ਹੀ ਸੋਚਣਾ ਜ਼ਰੂਰੀ ਹੈ ਕਿਉਂਕਿ ਪਿਛਲੇ ਹਫਤੇ ਤੋਂ ਹੀ ਪਿਆਜ ਅਤੇ ਆਲੂ ਦੀਆਂ ਕੀਮਤਾਂ ਵਧ ਰਹੀਆਂ ਹਨ। ਇਹ ਬਾਕੀ ਖਪਤਕਾਰਾਂ ਲਈ ਤਾਂ ਮੁਸ਼ਕਿਲ ਪੈਦਾ ਕਰੇਗਾ ਹੀ ਕਿਸਾਨ ਲਈ ਵੀ ਕਰੇਗਾ। ਕਿਉਂਕਿ ਬਹੁਤ ਸਾਰੇ ਕਿਸਾਨ ਆਪਣੀਆਂ ਮੁਢਲੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਫਸਲ ਆਉਣ 'ਤੇ ਲੱਗਭੱਗ ਸਾਰੀ ਫਸਲ ਵੇਚ ਦਿੰਦੇ ਹਨ ਅਤੇ ਲੋੜ ਮੁਤਾਬਕ ਖਰੀਦਦੇ ਰਹਿੰਦੇ ਹਨ। ਪਰ ਇਸ ਆਰਡੀਨੈਂਸ ਕਰਕੇ ਭਵਿੱਖ ਵਿਚ ਕਿਸਾਨਾਂ ਨੂੰ ਆਪਣਾ ਹੀ ਅਨਾਜ ਮਹਿੰਗੇ ਭਾਅ ਖਰੀਦਣਾ ਪਵੇਗਾ। ਉਹਨਾਂ ਕਿਹਾ ਕਿ ਜੇਕਰ ਸਰਕਾਰ ਇਹ ਸੋਚਦੀ ਹੈ ਕਿ ਹੁਣ ਸਾਡੇ ਕੋਲ ਭਰਪੂਰ ਅਨਾਜ ਹੈ ਤਾਂ ਇਹ ਬਿਲਕੁਲ ਗਲਤ ਹੈ। ਕਿਉਂਕਿ ਬਹੁਤ ਵੱਡੇ ਤਬਕੇ ਕੋਲ ਅਨਾਜ ਖਰੀਦਣ ਦੀ ਸਮਰੱਥਾ ਵੀ ਨਹੀਂ ਹੈ। ਜੇਕਰ ਅਸੀਂ ਉਹਨਾਂ ਲੋਕਾਂ ਦੀ ਸਮਰੱਥਾ ਵਧਾਉਂਦੇ ਹਾਂ ਫਿਰ ਪਤਾ ਲੱਗੇਗਾ ਕਿ ਸਾਡੇ ਕੋਲ ਭਰਪੂਰ ਅਨਾਜ ਹੈ ਜਾਂ ਨਹੀਂ। ਜੇਕਰ ਨਿੱਜੀ ਵਪਾਰੀ ਭੰਡਾਰ ਕਰੇਗਾ ਤਾਂ ਭਵਿੱਖ ਵਿਚ ਮਹਿੰਗੇ ਮੁੱਲ ਵੇਚੇਗਾ।

ਕੀ ਕਿਸਾਨ ਆਪਣੀ ਫਸਲ ਦਾ ਮੁੱਲ ਆਪ ਤੈਅ ਕਰੇਗਾ?

ਉਹਨਾਂ ਕਿਹਾ ਕਿ ਇਹ ਗੱਲ ਹਜ਼ਮ ਹੋਣ ਵਾਲੀ ਨਹੀਂ ਹੈ ਕਿਉਂਕਿ ਇਕ ਪਾਸੇ ਵੱਡਾ ਵਪਾਰੀ ਹੋਵੇਗਾ ਅਤੇ ਦੂਜੇ ਪਾਸੇ ਕਿਸਾਨ। ਇਹ ਬੱਕਰੀ ਅਤੇ ਸ਼ੇਰ ਦੇ ਮੁਕਾਬਲੇ ਵਾਲੀ ਗੱਲ ਹੈ। ਇੱਥੇ ਮੁੱਲ ਵੱਡੇ ਵਪਾਰੀ ਤਹਿ ਕਰਨਗੇ ਅਤੇ ਇਹਨਾਂ ਵਪਾਰੀਆਂ ਨੇ ਆਪਣੀ ਗੱਲ ਤੋਂ ਭੱਜਣਾ ਵੀ ਜ਼ਰੂਰ ਹੈ। ਇਸ ਲਈ ਕਿਸਾਨ ਅਦਾਲਤਾਂ 'ਚ ਵੀ ਨਹੀਂ ਜਾ ਸਕਦਾ। ਕਿਉਂ ਐਸ. ਡੀ. ਐਮ. ਦੀ ਡਿਊਟੀ ਲਾਈ ਹੈ ਇਸਦਾ ਹੱਲ ਕਰਨ ਲਈ। ਝਗੜਿਆਂ ਦਾ ਹੱਲ ਕਾਨੂੰਨੀ ਤੌਰ 'ਤੇ ਹੀ ਹੋ ਸਕਦਾ ਹੈ।

ਕੀ ਮੰਡੀ ਬੋਰਡ ਅਤੇ ਸਮਰਥਨ ਮੁੱਲ ਖਤਮ ਹੋਵੇਗਾ?

ਉਹਨਾਂ ਕਿਹਾ ਕਿ ਮੰਡੀ ਬੋਰਡ ਬਿਲਕੁਲ ਨਹੀਂ ਟੁੱਟੇਗਾ ਅਤੇ ਨਾ ਹੀ ਸਮਰਥਨ ਮੁੱਲ ਖਤਮ ਹੋਵੇਗਾ। ਇਹਨਾਂ ਖੇਤੀ ਆਰਡੀਨੈਂਸਾਂ ਮੁਤਾਬਕ ਮੰਡੀ ਬੋਰਡ ਦਾ ਨਹੀਂ ਸਗੋਂ ਉਸਦੀ ਹੋਂਦ ਦਾ ਕੋਈ ਅਰਥ ਨਹੀਂ ਰਹੇਗਾ। ਕਿਸਾਨ ਨੂੰ ਨਿੱਜੀ ਮੰਡੀ ਵਿਚ ਸਰਕਾਰੀ ਮੰਡੀ ਦੇ ਮੁਕਾਬਲੇ ਜਿਣਸ ਦਾ ਵੱਧ ਮੁੱਲ ਮਿਲੇਗਾ। ਕਿਉਂਕਿ ਜੋ ਟੈਕਸ ਸਰਕਾਰੀ ਮੰਡੀਆਂ ਚ ਜਿਨਸ ਨਹੀਂ ਆਵੇਗੀ ਤਾਂ ਮੰਡੀ ਬੋਰਡ ਦਾ ਬੁਨਿਆਦੀ ਢਾਂਚਾ ਵਿਅਰਥ ਹੈ। **(ਧੰਨਵਾਦ ਸਹਿਤ ਜੱਗ ਬਾਣੀ)**

ਪੰਜਾਬੀਆਂ ਦੀਆਂ ਨਜ਼ਰਾਂ 'ਚ ਪੂਨਾ ਪੈਕਟ

24 ਸਤੰਬਰ 1932 ਨੂੰ ਯਾਦ ਕਰਦਿਆਂ

1. ਅਸਲ 'ਚ ਸਵਾਲ, ਗਾਂਧੀ ਜੀ ਦੇ ਮਰਨ ਜੀਵਨ ਦਾ ਹੀ ਨਹੀਂ ਸੀ ਸਗੋਂ ਡਾ: ਸਾਹਿਬ ਦੀ ਜ਼ਿੰਦਗੀ ਮੌਤ ਦਾ ਵੀ ਸੀ। ਅਗਰ ਬਾਬਾ ਸਾਹਿਬ ਆਪਣੀ ਸੰਘਰਸ਼ ਨਾਲ ਪ੍ਰਾਪਤ ਕੀਤੀ ਮੰਗ ਤੇ ਅੜੇ ਰਹਿੰਦੇ ਤਾਂ ਅੱਜ ਹਿੰਦੂ ਲੋਕ, ਉਹਨਾਂ ਦਾ ਨਾਂ ਤੱਕ ਸੁਣਨਾ ਵੀ ਗਵਾਰਾ ਨਾ ਕਰਦੇ।

– ਵੈਦ ਗੁਰਸ਼ਰਨ ਦਾਸ, ਨਵਾਂ ਸ਼ਹਿਰ

2. ਅਗਰ ਵੱਖਰੇ ਚੋਣ ਅਧਿਕਾਰ ਦੀ ਵਿਵਸਥਾ ਨਹੀਂ ਕਰਨੀ ਤਾਂ ਪ੍ਰੋਪੇਰਸ਼ਨਲ ਰੀਪਰੈਜੈਂਟੇਸ਼ਨ (ਅਨੁਪਾਤਕ ਪ੍ਰਤੀਨਿਧਤਾ) ਦੀ ਵਿਵਸਥਾ ਜ਼ਰੂਰੀ ਹੋਵੇ ਤਾਂ ਹੀ ਦਲਿਤਾਂ ਲਈ ਰਾਹਤ ਦਾ ਕੋਈ ਰਸਤਾ ਨਿਕਲ ਸਕਦਾ ਹੈ। ਇਸ ਪ੍ਰਣਾਲੀ ਤੋਂ ਭਾਵ ਇਹ ਹੈ ਕਿ ਮੰਨ ਲਓ ਇਕ ਲੱਖ ਵੋਟਰਾਂ ਲਈ ਇਕ ਐਮ ਐਲ ਏ ਚੁਣਨ ਦਾ ਪ੍ਰਬੰਧ ਹੈ ਅਤੇ ਕਿਸੇ ਪਾਰਟੀ ਨੂੰ ਕੁੱਲ ਦਸ ਲੱਖ ਵੋਟ ਪੈਂਦੇ ਹਨ, ਇਸ ਤਰ੍ਹਾਂ ਉਸ ਪਾਰਟੀ ਦੇ ਦਸ ਮੈਂਬਰ ਅਸੈਂਬਲੀ ਵਿਚ ਜ਼ਰੂਰ ਲਏ ਜਾਣ।

– ਕੈਪਟਨ ਭਾਗੂ ਰਾਮ, ਪਿੰਡ ਹੀਓਂ (ਜਲੰਧਰ)

3. ਪੂਨਾ ਪੈਕਟ ਸਮੇਂ ਵਿਸ਼ੇਸ਼ ਹਲਚਲ, ਉਤਰ ਪ੍ਰਦੇਸ਼ 'ਚ ਦੇਖਣ ਨੂੰ ਆਈ ਜਿੱਥੇ ''ਪੂਨਾ ਪੈਕਟ ਕਾ ਜਨਾਜ਼ਾ'' ਪੈਂਫਲਿਟ ਵੰਡਿਆ ਗਿਆ। ਪੂਨਾ ਪੈਕਟ ਦੁਆਰਾ ਦਿੱਤੇ ਚੋਣ ਸਿਸਟਮ ਦੀ ਬਦੌਲਤ ਹੀ, ਸ਼ਡੂਲਡ ਕਾਸਟਸ ਫੈਡਰੇਸ਼ਨ ਅਤੇ ਆਦਿ-ਧਰਮ ਲਹਿਰ ਦੇ ਆਗੂ, ਕਾਂਗਰਸ ਵਿਚ ਸ਼ਾਮਲ ਹੋ ਗਏ। ਅਗਰ ਵੱਖਰੀ ਚੋਣ ਪ੍ਰਣਾਲੀ ਦਾ ਹੱਕ ਸਾਨੂੰ ਪ੍ਰਾਪਤ ਰਹਿੰਦਾ ਤਾਂ ਅਜਿਹੀ ਸੰਭਾਵਨਾ ਨਹੀਂ ਸੀ ਕਿ ਏਦਾਂ ਦਰ-ਬ-ਦਰ ਨੱਸੇ ਫਿਰਦੇ।

– ਬਾਬੂ ਸੰਗੂ ਰਾਮ, ਪਿੰਡ ਰਾਇਪੁਰ ਡੱਬਾ (ਜਲੰਧਰ)

5. ਡਾਕਟਰ ਅੰਬੇਦਕਰ, ਇਕ ਕਾਬਲੇ-ਤਾਰੀਫ ਲੀਡਰ ਅਤੇ ਸ਼ੇਰੇ-ਮਰਦ ਹਸਤੀ ਸਨ ਪਰ ਇਸ ਗੱਲ ਦਾ ਡਾਢਾ ਦੁੱਖ ਹੈ ਕਿ ਕਸਤੂਰਬਾ ਦੇ ਵਾਸਤੇ ਸੁਣ ਕੇ, ਉਹਨਾਂ ਪੂਨਾ ਪੈਕਟ ਤੇ ਦਸਤਖਤ ਕੀਤੇ। ਪੂਨਾ ਪੈਕਟ ਨਾਲ ਅਸੀਂ ਬੇਵੱਸ ਹੋ ਕੇ ਰਹਿ ਗਏ।

– ਕਵੀ ਮੰਗੂ ਰਾਮ ਜੀ, ਬਾਹੜੇ ਵਾਲ (ਬੰਗਾ)

6. ਗੋਲਮੇਜ਼ ਕਾਨਫਰੰਸਾਂ ਅਤੇ ਪੂਨਾ ਪੈਕਟ ਸਮੇਂ ਸਾਡੇ ਲੋਕਾਂ ਵਿਚ ਬੇਸ਼ੁਮਾਰ ਕੌਮੀ ਉਤਸ਼ਾਹ ਸੀ। ਉਸ ਵੇਲੇ ''ਖਾਲੀ ਗਾਂਧੀ ਨੂੰ ਲੰਡਨੋਂ ਮੋੜ ਦਿੱਤਾ'' ਜਿਹੀਆਂ ਕਵਿਤਾਵਾਂ ਸਟੇਜਾਂ ਦਾ ਸ਼ਿੰਗਾਰ ਹੁੰਦੀਆਂ ਸਨ। ਕਮਿਊਨਲ ਐਵਾਰਡ ਵੇਲੇ ਥਾਂ ਥਾਂ ਖੁਸ਼ੀ ਵਿਚ ਮੁਜ਼ਾਹਰੇ ਕੀਤੇ ਗਏ। ਪੂਨਾ ਪੈਕਟ ਨੂੰ ਮੰਨਣ ਤੋਂ ਸਿਵਾ ਬਾਬਾ ਸਾਹਿਬ ਕੋਲ ਕੋਈ ਚਾਰਾ ਨਹੀਂ ਸੀ। ਕਿਉਂਕਿ ਸਾਡੇ ਵਿਚੋਂ ਹੀ ਕੁਝ ਝੋਲੀ ਚੁੱਕ, ਹਿੰਦੂਆਂ ਦੀ ਬੋਲੀ ਬੋਲ ਕੇ, ਵਾਤਾਵਰਣ ਨੂੰ ਹੋਰ ਜ਼ਹਿਰੀਲਾ ਬਣਾ ਰਹੇ ਸਨ। ਜੇਕਰ ਪੂਨਾ ਪੈਕਟ ਨਾ ਹੁੰਦਾ ਤਾਂ ਅਸੀਂ ਵੀ, ਮੁਸਲਮਾਨਾਂ ਅਤੇ ਸਿੱਖਾਂ ਵਾਂਗ ਇੱਕਮੁਠ ਰਹਿੰਦੇ, ਸਾਡੀ ਏਕਤਾ ਹੁਣ ਵਾਂਗ ਖੇਰੂ-ਖੇਰੂ ਨਾ ਹੁੰਦੀ।

– ਲੋਕ ਕਵੀ ਗੁਰਦਾਸ ਰਾਮ ਆਲਮ

7. 24 ਅਕਤੂਬਰ 1931 ਨੂੰ ਆਕਸਫੋਰਡ ਵਿਖੇ ਭਾਰਤੀ ਵਿਦਿਆਰਥੀਆਂ ਸਾਹਮਣੇ ਭਾਸ਼ਣ ਦਿੰਦਿਆਂ ਗਾਂਧੀ ਜੀ ਨੇ ਕਿਹਾ, ''ਮੈਂ ਅਛੂਤਾਂ ਨੂੰ ਅਲੱਗ ਅਧਿਕਾਰ ਦੇਣ ਦੇ ਇਸ ਲਈ ਵਿਰੁੱਧ ਹਾਂ ਕਿ ਉਹਨਾਂ ਵਿਚਕਾਰ ਪਾੜਾ ਹੋਰ ਵਧੇਗਾ ਅਤੇ ਸਵਰਨ ਹਿੰਦੂ, ਅਛੂਤਾਂ ਦਾ ਜੀਣਾ ਹਰਾਮ ਕਰ ਦੇਣਗੇ।'' ਕੀ ਗਾਂਧੀ ਜੀ ਦੀ ਇਸ ਦਲੀਲ ਵਿਚ ਕੋਈ ਵਜ਼ਨ ਸੀ?

ਪੂਨਾ ਪੈਕਟ ਦੇ ਦਿਲਾਂ ਵਿਚ ਹਿੰਦੂ ਜਾਣ ਬੁੱਝ ਕੇ ਖਤਰਨਾਕ ਪ੍ਰਚਾਰ ਕਰ ਰਹੇ ਸਨ, ਜਿਵੇਂ ਰੋਜ਼ਾਨਾ ਪ੍ਰਤਾਪ ਨੇ 25 ਸਤੰਬਰ 1932 ਨੂੰ ਲਿਖਿਆ, ''ਗਾਂਧੀ ਜੀ ਦੀ ਮੌਤ, ਵਿਰੋਧੀਆਂ ਲਈ ਸੁੱਖ ਦਾ ਸਾਹ ਨਹੀਂ ਸਗੋਂ ਮੁਸੀਬਤ ਦਾ ਕਾਰਨ ਬਣੇਗੀ।''

ਏਥੇ ਸਾਨੂੰ ਇਕ ਗੱਲ ਨੋਟ ਕਰਨੀ ਚਾਹੀਦੀ ਹੈ। ਜਿਵੇਂ ਹਿੰਦੂ, ਗਾਂਧੀ ਜੀ ਪਿੱਛੇ ਇੱਕਮੁਠ ਹੋਏ ਪਏ ਸਨ, ਜੇ ਅਸੀਂ ਵੀ ਆਪਣੇ ਰਹਿਬਰ ਦੇ ਨਾਲ ਇੱਕ ਮੁੱਠ ਹੋ ਕੇ ਖੜ੍ਹੇ ਹੋ ਦਾ ਸਬੂਤ ਦਿੰਦੇ ਤਾਂ ਗਾਂਧੀ ਜੀ, ਨਾ ਤਾਂ ਕਦੇ ਮਰਨ ਵਰਤ ਰੱਖਣ ਦਾ ਫੈਸਲਾ ਕਰਦੇ ਤੇ ਨਾ ਹੀ ਮੇਰੇ ਮੁਕਤੀਦਾਤਾ ਆਪਣੇ ਦ੍ਰਿੜ੍ਹ ਇਰਾਦਿਆਂ 'ਚ ਕੋਈ ਢਿੱਲ ਲਿਆਉਂਦੇ।

– ਚਰਨ ਦਾਸ ਨਿਧੜਕ

8. ਪੂਨਾ ਪੈਕਟ, ਪੰਜਾਬ ਪ੍ਰਾਂਤ ਲਈ ਵਿਸ਼ੇਸ਼ ਕਰਕੇ ਲਾਹੇਵੰਦ

ਸੀ। ਕਮਿਊਨਲ ਐਵਾਰਡ ਵਿਚ ਪੰਜਾਬ ਦੇ ਦਲਿਤਾਂ ਨੂੰ ਇਕ ਵੀ ਸੀਟ ਅਲਾਟ ਨਹੀਂ ਸੀ। ਅਜਿਹਾ ਖਾਸ ਕਰਕੇ ਆਰੀਆ ਸਮਾਜੀਆਂ, ਜਿਹਾਂ ਦਾ ਸਾਡੇ ਆਪਣੇ ਕੁਝ ਲੋਕਾਂ ਨੇ ਵੀ ਸਾਥ ਦਿੱਤਾ, ਵੱਲੋਂ ਕੀਤੇ ਗਏ ਝੂਠੇ ਪ੍ਰਚਾਰ ਨਾਲ ਹੋਇਆ ਪਰਚਾਰ ਇਹ ਕੀਤਾ ਗਿਆ ਕਿ ਸਾਡੇ ਵਿਚ ਕੋਈ ਵੀ ਅਛੂਤ ਨਹੀਂ। ਪੂਨਾ ਪੈਕਟ ਨੇ ਪੰਜਾਬ ਵਿਚ ਅਛੂਤਾਂ ਦੀ ਹੋਂਦ ਨੂੰ ਮੰਨ ਕੇ, ਉਹਨਾਂ ਲਈ ਅੱਠ ਸੀਟਾਂ ਅਲਾਟ ਕੀਤੀਆਂ। ਇਸ ਤਰ੍ਹਾਂ ਪੰਜਾਬ ਦੇ ਅਛੂਤਾਂ ਨੇ ਸੁੱਖ ਦਾ ਸਾਹ ਲਿਆ।

– ਆਈ ਡੀ ਪਵਾਰ, ਚੰਡੀਗੜ੍ਹ

ਵਿਦਵਾਨਾਂ ਦੀਆਂ ਟਿੱਪਣੀਆਂ

ਪੂਨਾ ਪੈਕਟ ਬਾਰੇ ਕੁਝ ਇਕ ਵਿਦਵਾਨ ਲੇਖਕਾਂ ਦੀਆਂ ਟਿੱਪਣੀਆਂ, ਉਹਨਾਂ ਦੁਆਰਾ ਲਿਖਤ ਕਿਤਾਬਾਂ ਵਿਚੋਂ ਧੰਨਵਾਦ ਸਹਿਤ ਦੇ ਰਹੇ ਹਾਂ:-

1. ਇਹ ਸਮਝੌਤਾ, ਸਾਰੇ ਦੇਸ਼ ਅਤੇ ਦੁਨੀਆਂ ਭਰ ਵਿਚ ਚਰਚਿਤ ਹੋ ਗਿਆ, ਇਸਨੇ ਇਕ ਵਾਰੀ ਫਿਰ ਸਾਬਤ ਕਰ ਦਿੱਤਾ ਕਿ ਜਿਸ ਅੰਬੇਦਕਰ ਨੂੰ ਕਾਂਗਰਸੀ ਆਗੂ ਅਤੇ ਹਿੰਦੁਸਤਾਨੀ ਪ੍ਰੈਸ, ਦਲਿਤਾਂ ਦਾ ਰਹਿਨੁਮਾ ਨਹੀਂ ਮੰਨਦੇ ਸਨ, ਅਸਲ ਵਿਚ ਦੇਸ਼ ਦੇ ਸਾਰੇ ਦਲਿਤਾਂ ਦਾ ਉਹ ਹੀ ਇਕ ਮੰਨਿਆ ਪ੍ਰਮੰਨਿਆ ਰਹਿਬਰ ਹੈ।

– ਧਾਨੰਜੇ ਕੀਰ

2. ਪੂਨਾ ਪੈਕਟ ਦਾ ਪਹਿਲਾ ਸਿੱਟਾ ਇਹ ਨਿਕਲਿਆ ਕਿ ਪੂਰੇ ਮੁਲਕ ਦਾ ਧਿਆਨ, ਇਸ ਵੱਲ ਖਿੱਚਿਆ ਗਿਆ।
ਦੂਜਾ, ਦੋਹਾਂ ਧਿਰਾਂ ਨੂੰ ਕੁਝ ਨਾ ਕੁਝ ਗੁਆਉਣਾ ਪਿਆ।

ਤੀਜਾ, ਗਾਂਧੀ ਜੀ ਅੰਦਰਲੇ ਰਾਜਨੀਤਿਕ ਨੇ ਜਦੋਂ ਚਾਹਿਆ, ਸਧਾਰਨ ਤੋਂ ਸਧਾਰਨ ਮਾਮਲਿਆਂ ਨੂੰ ਗੁੰਝਲਦਾਰ ਬਣਾ ਕੇ ਰੱਖ ਦਿੱਤਾ।

ਚੌਥਾ, ਦਲਿਤਾਂ ਦੀ ਸਮੱਸਿਆ, ਮੁਲਕ ਭਰ ਵਿਚ ਉਭਰ ਕੇ ਸਾਹਮਣੇ ਆਈ ਅਤੇ ਅਖੌਤੀ ਉੱਚ ਜਾਤੀ ਹਿੰਦੂ, ਦਲਿਤਾਂ ਦੀ ਹੋਣੀ ਪ੍ਰਤੀ ਸੋਚਣ ਲਈ ਨੈਤਿਕ ਤੌਰ ਤੇ ਮਜਬੂਰ ਹੋ ਗਏ।

– ਡਾ: ਡੀ ਆਰ ਜਾਟਵ

4. ਪੂਨਾ ਪੈਕਟ ਪ੍ਰਤੀ ਡਾ: ਅੰਬੇਦਕਰ ਦੀ ਟਿੱਪਣੀ ਸੀ, ਕਮਿਊਨਲ ਐਵਾਰਡ ਦੁਆਰਾ ਦਿੱਤੀ ਦੂਹਰੀ ਵੋਟ ਅਣਮੋਲ ਹੱਕ ਸੀ। ਕੋਈ ਵੀ ਅਖੌਤੀ ਉੱਚ ਜਾਤੀ ਉਮੀਦਵਾਰ ਆਪਣੇ ਹਲਕੇ ਦੇ ਦਲਿਤਾਂ ਦੇ ਖਿਲਾਫ ਨਹੀਂ ਜਾ ਸਕਦਾ ਸੀ ਜੇ ਉਸ ਨੂੰ ਅਛੂਤਾਂ ਦੀਆਂ ਵੋਟਾਂ ਤੇ ਨਿਰਭਰ ਰਹਿਣਾ ਪੈਂਦਾ।

22-7-1946 ਦੀ ਟਾਈਮਜ਼ ਆਫ ਇੰਡੀਆ ਵਿਚ ਛਪੀ ਇਕ ਇੰਟਰਵਿਊ ਵਿਚ ਬਾਬਾ ਸਾਹਿਬ ਨੇ ਕਿਹਾ, ''ਪੂਨਾ ਪੈਕਟ ਖਤਮ ਹੋਣਾ ਚਾਹੀਦਾ ਹੈ। ਇਸਨੇ ਇਕ ਤਰ੍ਹਾਂ ਨਾਲ ਅਛੂਤਾਂ ਨੂੰ ਵੋਟ ਦੇ ਹੱਕ ਤੋਂ ਵਿਰਵੇ ਕਰ ਦਿੱਤਾ ਹੈ। ਅੰਤਰ- ਰਾਸ਼ਟਰੀ ਕਾਨੂੰਨ ਅਨੁਸਾਰ ਕੋਈ ਵੀ ਸਮਝੌਤਾ ਸਦੀਵੀ ਜਾਂ ਅੰਤਿਮ ਨਹੀਂ ਹੁੰਦਾ।''

22 ਸਤੰਬਰ 1953 ਨੂੰ ਰਾਜ ਸਭਾ ਵਿਚ ਅੰਬੇਦਕਰ ਨੇ ਮੰਨਿਆ ਕਿ ਉਹਨਾਂ ਪੂਨਾ ਪੈਕਟ ਤੇ ਦਸਤਖਤ ਇਸ ਲਈ ਕੀਤੇ ਕਿਉਂਕਿ ਇਸ ਤੋਂ ਵੱਧ ਹੋਰ ਕੁਝ ਪ੍ਰਾਪਤ ਕਰਨਾ ਸੰਭਵ ਹੀ ਨਹੀਂ ਸੀ। ਉਹਨਾਂ ਅਨੁਸਾਰ, ਪੂਨਾ ਪੈਕਟ ਨੇ ਦਲਿਤਾਂ ਦੀਆਂ ਆਤਮ-ਨਿਰਭਰਤਾ ਨੂੰ ਸਮਰਪਿਤ ਲਹਿਰਾਂ ਨੂੰ ਕਰੜੀ ਸੱਟ ਮਾਰੀ।

ਡਾ: ਅੰਬੇਦਕਰ ਅਨੁਸਾਰ, ਇਕ ਸਾਜ਼ਿਸ਼ ਤਹਿਤ ਪੂਨਾ ਪੈਕਟ ਨੂੰ ਇਸ ਤਰ੍ਹਾਂ ਦਾ ਕਰ ਦਿੱਤਾ ਗਿਆ ਕਿ ਇਹ ਦਲਿਤਾਂ ਲਈ ਫਾਇਦੇਮੰਦ ਰਹੇ ਹੀ ਨਾ। ਕਾਂਗਰਸ ਨੇ ਦਲਿਤਾਂ ਲਈ ਰਾਖਵੀਆਂ ਸੀਟਾਂ ਤੇ ਝੂਠੇ ਮੂਠੇ ਬੰਦੇ ਖੜ੍ਹੇ ਕਰ ਦਿੱਤੇ ਭਾਵੇਂ ਕਿ ਪੂਨਾ ਪੈਕਟ ਵਿਚ ਇਸ ਤਰ੍ਹਾਂ ਨਾ ਕੀਤੇ ਜਾਣ ਦੇ ਵਾਅਦੇ ਕੀਤੇ ਗਏ ਸਨ।

– ਡਬਲਿਊ ਐਨ ਕੁਬੇਰ

5. ਪੂਨਾ ਪੈਕਟ ਬਾਰੇ ਮਿਲਿਆ ਜੁਲਿਆ ਪ੍ਰਤੀਕਰਮ ਹੋਇਆ। ਕਈ ਇਸਨੂੰ ਦਲਿਤਾਂ ਲਈ ਲਾਹੇਵੰਦਾ ਕਹਿੰਦੇ ਰਹਿੰਦੇ ਸਨ ਕਈ ਨੁਕਸਾਨਦੇਹ। ਅਸਲ ਵਿਚ ਇਸਨੂੰ ਸਮਝੌਤਾ ਕਰਨ ਵਾਲੀਆਂ ਦੋਹਾਂ ਧਿਰਾਂ ਨੇ ਨਾ-ਪਸੰਦ ਕੀਤਾ। ਇਹ ਤਾਂ ਜਿਵੇਂ ਗਾਂਧੀ ਜੀ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਹਿੱਤ ਕੀਤਾ ਗਿਆ ਸੀ। ਇਸ ਤੋਂ ਇਕ ਗੱਲ ਤਾਂ ਸਪਸ਼ਟ ਹੋ ਗਈ ਕਿ ਗਾਂਧੀ ਜੀ ਅਛੂਤਾਂ ਦੇ ਓਪਰੇ ਜਿਹੇ ਨੇਤਾ ਹਨ ਜਦੋਂ ਕਿ ਡਾ: ਅੰਬੇਦਕਰ ਦਲਿਤਾਂ ਦੇ ਕੁਦਰਤੀ ਅਤੇ ਅਸਲ ਰਹਿਬਰ ਹਨ।

– ਡਾ. ਏ ਐਸ ਰਾਜਾਸੇਖੜੀਆ

6. ਪੂਨਾ ਪੈਕਟ ਨਾਲ ਗਾਂਧੀ ਜੀ ਦੀ ਜਾਨ ਬਚ ਗਈ। ਸਮਝੌਤੇ ਵਿਚਲੇ ਵਾਅਦੇ ਅਨੁਸਾਰ ਗਾਂਧੀ ਜੀ ਨੇ ਦਲਿਤਾਂ ਦੇ ਕਲਿਆਣ ਲਈ ਅੰਦੋਲਨ ਸ਼ੁਰੂ ਕੀਤਾ। ਛੂਤ- ਛਾਤ ਦੇ ਖਾਤਮੇ ਲਈ ਬੜੇ ਮਨਮੋਹਕ ਸੁਝਾਅ ਅਤੇ ਸੁਗੰਧਾਂ ਸਾਹਮਣੇ ਆਈਆਂ।

ਪਰ ਇਸ ਵਿਚ ਰੱਤੀ ਭਰ ਵੀ ਸ਼ੱਕ ਨਹੀਂ ਕਿ ਇਹ ਸਭ ਦਿਖਾਵਾ ਮਾਤਰ ਸੀ। ਅਸਲ ਵਿਚ ਪੂਨਾ ਪੈਕਟ ਡਾ: ਅੰਬੇਦਕਰ ਦੀ ਖੁੱਲ੍ਹਦਿਲੀ ਅਤੇ ਉਹਨਾਂ ਦੇ ਇਨਸਾਨੀ ਜਜ਼ਬਿਆਂ ਨਾਲ ਓਤਪ੍ਰੋਤ ਦਿਲ ਦਿਮਾਗ ਦਾ ਪ੍ਰਤੀਕਰਮ ਸੀ।

– ਸ੍ਰੀ ਸੋਹਣ ਲਾਲ ਸ਼ਾਸਤਰੀ

7. ਪੂਨਾ ਪੈਕਟ ਬਾਹਮਣਵਾਦੀ ਸਾਜ਼ਿਸ਼ ਦਾ ਸਿੱਟਾ ਸੀ। ਬਾਬਾ ਸਾਹਿਬ ਦੇ ਇਨਸਾਨੀਅਤ ਭਰਪੂਰ ਜਜ਼ਬੇ ਨੂੰ ਉਹਨਾਂ ਦੀ ਕਮਜ਼ੋਰੀ ਸਮਝ ਲਿਆ ਗਿਆ। ਬਾਬਾ ਸਾਹਿਬ ਨੇ ਹਿੰਦੂਆਂ ਨੂੰ ਇਕ ਮੌਕਾ ਦਿੱਤਾ ਕਿ ਉਹ ਆਪਣਾ ਮਨ ਅਤੇ ਸੋਚਣੀ ਤਬਦੀਲ ਕਰ ਲੈਣ, ਪਰ ਅਫਸੋਸ, ਅਜਿਹਾ ਹੋਇਆ ਨਹੀਂ।

– ਸ਼ੰਕਰਾਨੰਦ ਸ਼ਾਸਤਰੀ

8. ਪੂਨਾ ਪੈਕਟ ਦੇ ਵਾਦ-ਵਿਵਾਦ ਮੌਕੇ, ਬਾਬਾ ਸਾਹਿਬ ਨੇ ਅਦਭੁਤ ਦ੍ਰਿੜ੍ਹਤਾ ਤੋਂ ਕੰਮ ਲਿਆ। ਇਕ ਪਾਸੇ ਤਾਂ ਉਹ ਇਕੱਲੇ ਸਨ ਪਰ ਦੂਜੇ ਪਾਸੇ ਦੇਸ਼ ਦੇ ਸਾਰੇ ਨੇਤਾ ਅਤੇ ਉਪਰੋਂ ਗਾਂਧੀ ਜੀ ਮਰਨ ਵਰਤ ਰੱਖੀ ਬੈਠੇ ਸਨ। ਇਸ ਤਰ੍ਹਾਂ ਦੀ ਨਾਜ਼ੁਕ ਸਥਿਤੀ ਵਿਚ ਵੀ ਅੰਬੇਦਕਰ ਨੇ ਝੁਕ ਕੇ ਜਾਂ ਗਿਰ ਕੇ ਸਮਝੌਤਾ ਨਹੀਂ ਕੀਤਾ।

– ਵਿਜੇ ਕੁਮਾਰ ਪੁਜਾਰੀ

9. ਗੋਲਮੇਜ਼ ਕਾਨਫਰੰਸ ਦੀ ਕਾਰਵਾਈ ਤੋਂ ਪਤਾ ਲੱਗਦਾ ਹੈ ਕਿ ਗਾਂਧੀ ਜੀ ਦਲਿਤਾਂ ਲਈ ਕਿਸੇ ਵੀ ਤਰ੍ਹਾਂ ਦੀ ਰਿਜ਼ਰਵੇਸ਼ਨ ਦੇ ਖਿਲਾਫ ਸਨ। ਪ੍ਰੰਤੂ ਪੂਨਾ ਪੈਕਟ ਵਿਚ ਉਹ ਰਾਖਵੇਂਕਰਨ ਲਈ ਰਜ਼ਾਮੰਦ ਹੋ ਗਏ।

ਸਪਸ਼ਟ ਹੈ ਕਿ ਗਾਂਧੀ ਜੀ, ਅੰਬੇਦਕਰ ਤੋਂ ਮਾਤ ਖਾ ਗਏ ਅਤੇ ਉਹਨਾਂ ਨੂੰ ਅਛੂਤਾਂ ਦੇ ਰਾਜਨੀਤਿਕ ਅਧਿਕਾਰਾਂ ਨੂੰ ਮਾਨਤਾ ਦੇਣੀ ਹੀ ਪਈ।

– ਦੀਵਾਨ ਚੰਦ ਆਹੀਰ

10. ਗਾਂਧੀ ਜੀ, ਅੰਬੇਦਕਰ ਨਾਲ ਬਹਿਸ ਮੁਬਾਹਿਸਾ ਕਰਨ ਤੋਂ ਹਮੇਸ਼ਾ ਕਤਰਾਉਂਦੇ ਸਨ। ਈਸ਼ਵਰ ਇੱਛਾ ਅਤੇ ਆਪਣੇ ਮੰਦੇ ਭਾਗਾਂ ਦੀ ਦੁਹਾਈ ਦੇ ਕੇ ਉਹ ਬਾਬਾ ਸਾਹਿਬ ਦੇ ਪ੍ਰਸ਼ਨਾਂ ਨੂੰ ਟਾਲ ਜਾਂਦੇ ਸਨ।

– ਡਾ: ਰਾਜੇਂਦਰ ਮੋਹਨ ਭਟਨਾਗਰ

(ਪੂਨਾ ਪੈਕਟ ਦੀ ਰਾਜਨੀਤੀ ਸੋਹਣ ਸਹਿਜਲ ਦੇ ਧੰਨਵਾਦ ਸਹਿਤ)

ਡਾ.ਅੰਬੇਡਕਰ ਅਤੇ ਗਾਂਧੀ ਜੀ ਵਿਚਾਲੇ ਸਮਝੌਤੇ ਨਾਲ ਹੋ ਗਿਆ ਪੂਨਾ ਪੈਕਟ 24 ਸਤੰਬਰ 1932

ਬਲਬੀਰ ਮਾਧੋਪੁਰੀ
91-93505-48100

ਪੂਨਾ ਪੈਕੇਟ ਦਾ ਪੰਜਾਬੀ ਰੂਪ ਹੇਠ ਲਿਖੇ ਅਨੁਸਾਰ ਹੈ :

1) ਆਮ ਚੋਣ ਹਲਕਿਆਂ ਵਿਚੋਂ ਪਛੜੀਆਂ - ਸ੍ਰੇਣੀਆਂ (ਅਛੂਤਾਂ) ਵਾਸਤੇ ਪ੍ਰਦੇਸਕ ਵਿਧਾਨ ਸਭਾਵਾਂ ਵਿਚ ਸੀਟਾਂ ਰਿ}ਰਵ ਹੋਣਗੀਆਂ ਜੋ ਇਸ ਤਰ੍ਹਾਂ ਹੋਣਗੀਆਂ :

ਮਦਰਾਸ - 30,
ਬੰਬਈ ਤੇ ਸਿੰਧ - 15
ਪੰਜਾਬ - 8
ਬਿਹਾਰ ਤੇ ਉੜੀਸਾ - 18
ਕੇਂਦਰੀ ਸੂਬੇ (ਸੈਂਟਰ ਪ੍ਰੋਵਿੰਸੇਸ) - 20
ਅਸਮ - 7
ਬੰਗਾਲ - 30
ਯੂਨਾਈਟਡ ਪ੍ਰੋਵਿੰਸੇਸ - 20
ਕੁੱਲ - 148

ਇਹ ਅੰਕੜੇ (ਹਿੰਦੋਸਤਾਨੀ ਮਾਮਲਿਆਂ ਦੇ) ਪ੍ਰਧਾਨ ਮੰਤਰੀ ਦੇ ਫੈਸਲੇ ਵਿਚ ਐਲਾਨੇ ਪ੍ਰਾਂਤਕ ਪਰਿਸ਼ਦਾਂ ਦੀ ਕੁੱਲ ਗਿਣਤੀ ਦੇ ਆਧਾਰ ਉਤੇ ਦਿਤੇ ਗਏ ਹਨ।

2) ਇਨ੍ਹਾਂ ਸੀਟਾਂ ਵਾਸਤੇ ਚੋਣਾਂ ਨਿਮਨ ਲਿਖਤ ਵਿਧੀ ਅਨੁਸਾਰ ਸਾਂਝੇ ਚੋਣ ਖੇਤਰਾਂ ਰਾਹੀਂ ਹੋਣਗੀਆਂ।

ਕਿਸੇ ਚੋਣ ਹਲਕੇ ਦੇ ਵੋਟਰ ਸੂਚੀ ਵਿਚ ਦਰਜ ਅਛੂਤ ਵੋਟਰ ਇਕਹਿਰੀ ਵੋਟ ਨਾਲ, ਚਾਰ ਅਛੂਤ ਉਮੀਦਵਾਰਾਂ ਦੀ ਮੰਡਲੀ ਚੁਣਨਗੇ। ਇਹੋ ਚਾਰ ਵਿਅਕਤੀ ਜੋ ਪ੍ਰਥਮ (ਪ੍ਰਾਇਮਰੀ) ਚੋਣ ਵਿਚ ਸਭ ਤੋਂ ਵੱਧ ਵੋਟਾਂ ਲੈਣਗੇ, ਚੋਣ ਖੇਤਰ ਵਾਸਤੇ ਉਮੀਦਵਾਰ ਹੋ ਸਕਣਗੇ।

3) ਕੇਂਦਰੀ ਅਤੇ ਪ੍ਰਾਂਤਕ ਵਿਧਾਨ ਸਭਾਵਾਂ ਵਾਸਤੇ ਵੀ ਅਛੂਤਾਂ ਦੇ ਪ੍ਰਤਿਨਿਧੀ ਸਾਂਝੇ ਚੋਣ ਖੇਤਰਾਂ ਦੇ ਅਸੂਲਾਂ ਅਨੁਸਾਰ, ਜਿਵੇਂ ਉਪਰੋਕਤ ਖੰਡ ਵਿਚ ਪ੍ਰਦੇਸ਼ਿਕ ਵਿਧਾਨ ਸਭਾਵਾਂ ਵਾਸਤੇ ਦੱਸਿਆ ਗਿਆ ਹੈ, ਚੁਣੇ ਜਾਣਗੇ।

4) ਕੇਂਦਰੀ ਵਿਧਾਨ ਸਭਾ ਵਿਚ ਬ੍ਰਤਾਨਵੀ ਹਿੰਦੋਸਤਾਨ ਵਾਸਤੇ ਆਮ ਚੋਣ ਖੇਤਰਾਂ ਵਿਚ ਨਿਸਚਤ ਸੀਟਾਂ ਵਿਚੋਂ ਅਛੂਤਾਂ ਵਾਸਤੇ 18 !ਸਦੀ ਸੀਟਾਂ ਰਾਖਵੀਆਂ ਹੋਣਗੀਆਂ।

5) ਕੇਂਦਰੀ ਤੇ ਪ੍ਰਾਂਤਕ ਵਿਧਾਨ ਸਭਾਵਾਂ ਲਈ ਚੋਣ ਵਾਸਤੇ ਉਮੀਦਵਾਰਾਂ ਦੇ ਪੈਨਲ ਲਈ ਪ੍ਰਾਇਮਰੀ (ਪ੍ਰਾਥਮਿਕ) ਚੋਣ ਪ੍ਰਣਾਲੀ, ਜਿਵੇਂ ਕਿ ਇਸ ਵਿਚ ਪਹਿਲਾਂ ਕੀਤਾ ਗਿਆ ਹੈ, ਪਹਿਲੇ ਦਸ ਸਾਲਾਂ ਤੋਂ ਬਾਅਦ, ਜੋ ਹੇਠਾਂ ਦਿਤੇ ਗਏ ਖੰਡ 6 ਦੇ ਪ੍ਰਾਵਧਾਨ ਅਧੀਨ ਆਪਸੀ ਸਹਿਮਤੀ ਨਾਲ ਇਸ ਤੋਂ ਪਹਿਲਾ ਸਮਾਪਤ ਨਾ ਕੀਤੀ ਗਈ ਹੋਵੇ, ਸਮਾਪਤ ਹੋ ਜਾਵੇਗੀ।

6) ਜਿਵੇਂ ਕਿ ਖੰਡ 1 ਅਤੇ 4 ਵਿਚ ਪ੍ਰਾਵਧਾਨ ਕੀਤਾ ਗਿਆ ਹੈ, ਪ੍ਰਾਂਤਕ ਤੇ ਕੇਂਦਰੀ ਵਿਧਾਨ ਸਭਾਵਾਂ ਵਿਚ ਸੀਟਾਂ- ਰਾਖਵੀਆਂ ਕਰ ਕੇ ਪਛੜੀਆਂ -ਸ਼੍ਰੇਣੀਆਂ (ਅਛੂਤਾਂ) ਲਈ ਪ੍ਰਤਿਨਿਧਤਾ ਪ੍ਰਣਾਲੀ, ਜੋ ਸਮਝੌਤੇ ਨਾਲ ਸੰਬੰਧਤ ਸਮੁਦਾਇਆਂ ਵਿਚਾਲੇ ਆਪਸੀ ਸਹਿਮਤੀ ਨਾਲ ਨਿ-ਚਤ ਨਾ ਕੀਤੀ ਗਈ ਹੋਵੇ, ਤਾਂ ਜਾਰੀ ਰਹਿਣਗੀਆਂ।

7) ਅਛੂਤਾਂ ਲਈ ਕੇਂਦਰੀ ਅਤੇ ਪ੍ਰਾਂਤਕ ਵਿਧਾਨ ਸਭਾਵਾਂ ਵਾਸਤੇ ਵੋਟ ਦੇ ਅਧਿਕਾਰ ਲੋਥੀਅਨ ਕਮੇਟੀ ਦੀ ਰਿਪੋਰਟ ਅਨੁਸਾਰ ਹੋਣਗੇ।

8) ਸਥਾਨਕ ਸੰਸਥਾਵਾਂ (ਲੋਕਲ ਬਾਡੀ}) ਲਈ ਚੋਣ ਜਾਂ ਸਰਕਾਰੀ ਸੇਵਾਵਾਂ ਵਿਚ ਨਿਯੁਕਤੀ ਦੇ ਸੰਬੰਧ ਵਿਚ ਕਿਸੇ ਵਿਅਕਤੀ ਦਾ ਪਛੜੀਆਂ -ਸ਼੍ਰੇਣੀਆਂ (ਅਛੂਤਾਂ) ਨਾਲ ਸੰਬੰਧਤ ਹੋਣਾ ਕੋਈ ਅਯੋਗਤਾ ਨਹੀਂ ਹੋਵੇਗੀ। ਸਰਕਾਰੀ ਸੇਵਾਵਾਂ ਵਿਚ ਨਿਯੁਕਤੀ ਲਈ ਜਾਂ ਨਿਰਧਾਰਤ ਵਿੱਦਿਅਕ ਯੋਗਤਾਵਾਂ ਦੇ ਤਹਿਤ ਇਨ੍ਹਾਂ ਦੇ ਸੰਬੰਧ ਵਿਚ ਦਲਿਤ ਵਰਗਾਂ- ਊਚਿਤ ਪ੍ਰਤਿਨਿਧਤਾ ਦੇਣ ਦਾ ਹਰ ਸੰਭਵ ਯਤਨ ਕੀਤਾ ਜਾਵੇਗਾ।

9) ਹਰੇਕ ਪ੍ਰਾਂਤ ਵਿਚ ਵਿੱਦਿਅਕ ਅਨੁਦਾਨ ਵਿਚੋਂ ਪਛੜੀਆਂ ਸ਼੍ਰੇਣੀਆਂ (ਅਛੂਤਾਂ) ਦੇ ਮੈਂਬਰਾਂ ~ ਸਿੱਖਿਆ ਸਹੂਲਤਾਂ ਦਿਤੇ ਜਾਣ ਲਈ ਕਾਫੀ ਮਾਤਰਾ ਵਿਚ ਰਕਮ ਰਾਸ਼ੀ ਨਿਸ਼ਚਤ ਕੀਤੀ ਜਾਵੇਗੀ।

ਮਦਰਾਸ ਸਮੇਤ ਸਾਰੀਆਂ ਪਛੜੀਆਂ-ਸ਼੍ਰੇਣੀਆਂ ਦਾ ਸਮਰਥਨ ਪ੍ਰਾਪਤ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਇਸ ਸਮਝੌਤੇ- ਤੁਰੰਤ ਲਾਗੂ ਕੀਤੇ ਜਾਣ ਲਈ ਮੰਨ ਲਿਆ ਜਾਵੇ ਜਿਸ ਨਾਲ ਗਾਂਧੀ ਜੀ ਦਾ ਮਰਨ-ਵਰਤ ਤੋੜਿਆ ਜਾ ਸਕੇ।

ਉਪਰੋਕਤ ਸੂਚਨਾ 24 ਸਤੰਬਰ, 1932 ~ ਇੰਗਲੈਂਡ ਵਿਚ ਹਿ-ਂਦੋਸਤਾਨ ਵਾਸਤੇ ਮੰਤਰੀ ਲਾਰਡ ਚਾਂਸਲਰ ਅਤੇ ਇਰਵਨ ਵਾਇਸਰਾਇ ਅਤੇ ਰੈਮਸੇ ਮੈਕਡੋਨਲਡ ਭੇਜੀ ਗਈ ਸੀ। 25 ਸਤੰਬਰ, 1932 - ਪੰਡਿਤ ਮਦਨ ਮੋਹਨ ਮਾਲਵੀਆ ਅਤੇ ਤੇ ਜ ਬਹਾਦਰ ਸਪਰੂ, ਐਮ.ਆਰ. ਜੈਕਰ ਅਤੇ ਬੀ.ਐਸ.ਮੁੰਜੇ ਨੇ ਹਿੰਦੂਆਂ ਵੱਲੋਂ ਅਤੇ ਅਛੂਤਾਂ ਵੱਲੋਂ ਡਾ. ਅੰਬੇਡਕਰ ਅਤੇ ਉਨ੍ਹਾਂ ਦੇ ਸਾਥੀਆਂ ਐਮ. ਸੀ. ਰਾਜਾ, ਐਮ. ਸ਼ਿਵਤਕਰ, ਪੀ. ਐਨ. ਰਾਜਭੋਜ, ਜੀ.ਏ. ਗਵਈ ਆਦਿ ਨੇ ਦਸਤਖਤ ਕੀਤੇ।

26 ਸਤੰਬਰ 1932 (ਸੋਮਵਾਰ)- ਕੌਂਸਲ ਦੀ ਬੈਠਕ ਵਿਚ ਹੋਮ ਮੈਂਬਰ, ਹਿੰਦ ਸਰਕਾਰ, ਸਰ ਐਚ. ਜੀ. ਹੈਗ ਦੀ ਪ੍ਰਧਾਨਗੀ ਵਿਚ ਸਹਿਮਤੀ ਵਾਲੇ ਸਮਝੌਤੇ ਪੜ੍ਹਿਆ ਗਿਆ ਅਤੇ ਉਸ ਦਾ ਸਮਰਥਨ ਕੀਤਾ ਗਿਆ।

ਇਉਂ ਇਹ ਪੂਨਾ ਪੈਕੇਟ ਭਵਿੱਖ ਦੇ ਭਾਰਤ ਦਾ ਦਸਤਾਵੇ} ਸਰਕਾਰੀ ਮਾਨਤਾ ਪ੍ਰਵਾਨ ਚੜ੍ਹ ਗਿਆ ਅਤੇ ਗੌਰਮਿੰਟ ਆ! ਇੰਡੀਆ ਐਕਟ ਆਫ 1935 ਲਈ ਰਾਹ ਪੱਧਰਾ ਹੋ ਗਿਆ ਸੀ।

ਦਲਿਤ ਗੁਲਾਮੀ ਲਮਿਆਉਣ ਦਾ ਵਸੀਲਾ-- ਪੂਨਾ ਪੈਕਟ

ਲਾਲ ਸਿੰਘ ਸੁਲਹਾਣੀ
91-98721-55120

ਭਾਰਤ ਦੇ ਇਤਿਹਾਸ ਵਿੱਚ ਪੂਨਾ ਪੈਕਟ ਇਕ ਅਜਿਹੀ ਘਟਨਾ ਹੈ ਜਿਸਨੇ ਇਕ ਚੌਥਾਈ ਆਬਾਦੀ ਦੀ ਤਕਦੀਰ ਦਾ ਫੈਸਲਾ ਕੀਤਾ। ਕਰੋੜਾਂ ਅਛੂਤ ਕਹੇ ਜਾਣ ਵਾਲੇ ਲੋਕਾਂ ਦੀ ਹੋਂਦ ਨੂੰ ਹਜਾਰਾਂ ਸਾਲਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਵੀਕਾਰਿਆ ਗਿਆ। ਪਸ਼ੂਆਂ ਤੇ ਕੁੱਤਿਆਂ ਨਾਲੋਂ ਵੀ ਬਦਤਰ ਜਿੰਦਗੀ ਬਤੀਤ ਕਰਦੇ ਅਛੂਤਾਂ ਨੂੰ ਕਾਨੂੰਨੀ ਹੱਕ ਦੇਣਾ ਮੰਨਕੇ ਸਦੀਆਂ ਬਾਅਦ ਉਨ੍ਹਾਂ ਨਾਲ ਇਨਸਾਨਾਂ ਵਾਂਗ ਵਰਤਾਓ ਕਰਨ ਦਾ ਸਮਝੌਤਾ ਕੀਤਾ ਗਿਆ। ਆਰੀਆ ਵੱਲੋਂ ਅਨਾਰੀਆਂ ਤੋਂ ਖੋਹੇ ਗਏ ਮਨੁੱਖੀ ਅਧਿਕਾਰਾਂ ਨੂੰ ਸੈਂਕੜੇ ਸਾਲਾਂ ਬਾਅਦ ਬਹਾਲ ਕਰਵਾਇਆ ਗਿਆ। ਪੂਨਾ ਪੈਕਟ ਦਲਿਤ ਸਮਾਜ ਦੀ ਜਿੰਦਗੀ ਦਾ ਇਕ ਅਹਿਮ ਮੋੜ ਹੈ। ਇਸ ਸਮਝੌਤੇ ਨਾਲ ਬਾਬਾ ਸਾਹਿਬ ਡਾ ਅੰਬੇਦਕਰ ਦਲਿਤਾਂ ਦੇ ਮਸੀਹਾ ਬਣਕੇ ਵਿਸ਼ਵ ਗਗਨ ਵਿਚ ਚਮਕੇ।

ਬਾਬਾ ਸਾਹਿਬ ਵਲੋਂ ਕੀਤੇ ਗਏ ਲਗਾਤਾਰ ਸੰਘਰਸ਼ ਅਤੇ ਉਨ੍ਹਾਂ ਦੀਆਂ ਵਿਦਵਤਾ ਭਰਪੂਰ, ਦਰਦ ਭਿੰਨ੍ਹੀਆਂ ,ਰੌਂਗਟੇ ਖੜ੍ਹੇ ਕਰਨ ਵਾਲੀਆਂ ਤਰਕਮਈ ਤਕਰੀਰਾਂ ਸੁਣ ਕੇ ਅੰਗਰੇਜ਼ ਸਰਕਾਰ ਨੇ ਦਲਿਤਾਂ ਦੀ ਤਰਸਯੋਗ ਹਾਲਤ ਦੀ ਸਹੀ ਜਾਣਕਾਰੀ ਪ੍ਰਾਪਤ ਕਰਨ ਲਈ ਸਾਈਮਨ ਕਮਿਸ਼ਨ ਨਿਯੁਕਤ ਕੀਤਾ । ਭਾਰੀ ਵਿਰੋਧ ਦੇ ਬਾਵਜੂਦ ਸਾਈਮਨ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਦਲਿਤਾਂ ਨੂੰ ਇੱਕ ਕੌਮ ਵਜੋਂ ਮਾਨਤਾ ਮਿਲੀ ਤੇ ਇੰਗਲੈਂਡ ਵਿਖੇ ਹੋਈਆਂ ਗੋਲ਼ ਮੇਜ਼ ਕਾਨਫਰੰਸਾਂ ਵਿੱਚ ਦਲਿਤਾਂ ਦੇ ਪ੍ਰਤੀਨਿਧ ਡਾਕਟਰ ਅੰਬੇਦਕਰ ਅਤੇ ਸ੍ਰੀ ਨਿਵਾਸਨ ਨੂੰ ਸੱਦਾ ਪੱਤਰ ਭੇਜੇ ਗਏ। ਜੋ ਇਕ ਇਤਿਹਾਸਕ ਜਿੱਤ ਸੀ। ਗਾਂਧੀ ਐਂਡ ਕੰਪਨੀ ਨੂੰ ਇਸ ਦਾ ਬਹੁਤ ਜਿਆਦਾ ਦੁੱਖ ਹੋਇਆ। ਪਹਿਲੀ ਗੋ਼ਲਮੇਜ਼ ਕਾਨਫਰੰਸ ਦਾ ਕਾਂਗਰਸ ਵਲੋਂ ਬਾਈਕਾਟ ਕੀਤਾ ਗਿਆ। ਦੂਜੀ ਗੋ਼ਲ ਮੇਜ਼ ਕਾਨਫਰੰਸ ਵਿਚ ਗਾਂਧੀ ਜੀ ਕਾਂਗਰਸ ਦੇ ਪ੍ਰਮੁੱਖ ਪ੍ਰਤਿਨਿਧ ਦੇ ਤੌਰ ਤੇ ਸ਼ਾਮਲ ਹੋਏ। 7 ਸਤੰਬਰ 1931 ਨੂੰ ਬਾਬਾ ਸਾਹਿਬ ਨੇ ਇਸ ਮੌਕੇ 'ਤੇ ਬੋਲਦਿਆਂ ਕਿਹਾ ਸੀ ਕਿ "ਸੱਤਾ ਵੱਸੋਂ ਦੇ ਹਿਸਾਬ ਨਾਲ ਸੱਭ ਨੂੰ ਬਰਾਬਰ ਰੂਪ ਵਿੱਚ ਮਿਲਣੀ ਚਾਹੀਦੀ ਹੈ ਅਤੇ ਅਛੂਤਾਂ ਨੂੰ ਵੱਖਰੇ ਚੋਣ ਦਾ ਅਧਿਕਾਰ ਜਰੂਰ ਮਿਲਣਾ ਚਾਹੀਦਾ ਹੈ। "ਅੰਗਰੇਜ਼ ਹਕੂਮਤ ਅਤੇ ਇਸ ਦੇ ਬਹੁਤੇ ਪ੍ਰਤਿਨਿਧ ਬਾਬਾ ਸਾਹਿਬ ਦੇ ਦਲੀਲਾਂ ਅਤੇ ਤੱਥਾਂ ਤੇ ਆਧਾਰਿਤ ਵਿਦਵਤਾ ਭਰਪੂਰ ਵਿਚਾਰਾਂ ਨਾਲ ਕੀਲੇ ਗਏ। ਪਰ ਗਾਂਧੀ ਜੀ ਤੜਫ਼ ਉੱਠੇ। ਉਹਨਾਂ ਨੇ ਕਿਹਾ "ਅਛੂਤ ਮੁਸਲਮਾਨ ਬਣ ਜਾਣ, ਈਸਾਈ ਬਣ ਜਾਣ ਕੋਈ ਪ੍ਰਵਾਹ ਨਹੀਂ ਪਰ ਇਹਨਾਂ ਨੂੰ ਵੱਖਰੇ ਰਾਜਨੀਤਕ ਅਧਿਕਾਰ ਦਿੱਤੇ ਜਾਣ ਦਾ ਵਿਰੋਧ ਮੈਂ ਜਾਨ ਦੀ ਬਾਜ਼ੀ ਲਾ ਕੇ ਕਰਾਂਗਾ। " ਇਕ ਪਾਸੇ ਹੱਕ ਸੱਚ ਤੇ ਇਨਸਾਫ਼ ਦਾ ਢੰਢੋਰਚੀ ਤੇ ਦਲਿਤਾਂ ਦਾ ਮਸੀਹਾ ਡਾਕਟਰ ਭੀਮ ਰਾਓ ਅੰਬੇਡਕਰ ਕਰੋੜਾਂ ਅਛੂਤ ਕਹਿ ਕੇ ਦੁਰਕਾਰਦੇ ਲੋਕਾਂ ਨੂੰ ਮਾਨਵ ਅਧਿਕਾਰ ਦਿਵਾਉਣ ਲਈ ਜੂਝ ਰਿਹਾ ਸੀ ਦੂਜੇ ਪਾਸੇ ਬ੍ਰਾਹਮਣਵਾਦ ਮੁਦੱਈ ਬੇਈਮਾਨੀ, ਮਕਾਰੀ ਕਰਕੇ ਦਲਿਤ ਗੁਲਾਮੀ ਲਮਿਆਉਣ ਲਈ ਕਾਂਗਰਸ ਦੇ ਸਮਰਾਟ ਵਜੋਂ ਨਹੁੰ ਅੜਾ ਰਿਹਾ ਸੀ । ਆਖਰ ਬ੍ਰਿਟਿਸ਼ ਪ੍ਰੀਮੀਅਰ ਨੂੰ ਅਧਿਕਾਰ ਦਿੱਤਾ ਗਿਆ ਕਿ ਉਹਨਾਂ ਦਾ ਫੈਸਲਾ ਅੰਤਮ ਹਵੇਗਾ ਪਰ ਬਾਬਾ ਸਾਹਿਬ ਨੇ ਦਸਤਖ਼ਤ ਨਾ ਕੀਤੇ ਕਿਉਂਕਿ ਉਹ ਦਲਿਤਾਂ ਦੀ ਤਕਦੀਰ ਕੇਵਲ ਅੰਗਰੇਜ਼ਾਂ ਦੇ ਹੱਥ ਵੀ ਨਹੀਂ ਦੇਣਾ ਚਾਹੁੰਦੇ ਸਨ।

17 ਸਤੰਬਰ 1932 ਨੂੰ ਅੰਗਰੇਜ਼ ਪ੍ਰਧਾਨ ਮੰਤਰੀ ਰੈਮਜੇ ਮੈਕਡੋਨਾਲਡ ਨੇ " ਕਮਿਊਨਲ ਅਵਾਰਡ" ਜਾਰੀ ਕਰ ਦਿੱਤਾ । ਜਿਸ ਨਾਲ ਕਰੋੜਾਂ ਅਛੂਤਾਂ ਨੂੰ ਵੱਖਰੇ ਚੋਣ ਖੇਤਰ ਤੋਂ ਇਲਾਵਾ ਹੋਰ ਜਿਆਦਾ ਸੀਟਾਂ ਜਨਰਲ ਚੋਣ ਹਲਕਿਆਂ ਤੋਂ ਵੀ ਚੋਣ ਲੜਨ ਦਾ ਅਧਿਕਾਰ ਦੇ ਦਿੱਤਾ ਗਿਆ। ਗਾਂਧੀ ਜੀ ਕਿਸੇ ਹਾਲਤ ਵਿੱਚ ਵੀ ਅਛੂਤਾਂ ਦੀ ਆਜਾਦੀ ਦੇ ਹਾਮੀ ਨਹੀਂ ਸਨ। ਇਸ ਲਈ ਉਹਨਾਂ ਨੇ ਅਛੂਤਾਂ ਨੂੰ ਮਿਲੇ ਮਾਨਵ ਅਧਿਕਾਰਾਂ ਦੇ ਖਿਲਾਫ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਦਿੱਤਾ। ਬੰਬਈ ਤੋਂ ਬਾਬਾ ਸਾਹਿਬ ਨੇ ਗਾਂਧੀ ਦੇ ਮਰਨ ਵਰਤ ਬਾਰੇ ਬਿਆਨ ਦਿੱਤਾ :-

" ਮੈਂ ਇਸ ਤਰ੍ਹਾਂ ਦੀਆਂ ਰਾਜਸੀ ਬੇਹੂਦਗੀਆਂ ਦੀ ਪ੍ਰਵਾਹ ਨਹੀਂ ਕਰਦਾ। ਇਹ ਧਮਕੀ ਕਿ ਉਹ ਭੁੱਖਾ ਰਹਿਕੇ ਮਰ ਜਾਵੇਗਾ, ਕੋਈ ਇਖਲਾਕੀ ਜੰਗ ਨਹੀਂ ਸਗੋਂ ਨਿਰੀ ਰਾਜਸੀ ਬੇਹੂਦਗੀ ਹੈ। ਜੇਕਰ ਉਨ੍ਹਾਂ ਜਿਦ ਕੀਤੀ ਤਾਂ ਉਹ ਕੁਦਰਤੀ ਮੌਤ ਦੀ ਥਾਂ ਬਨਾਵਟੀ ਮੌਤ ਮਰਨਗੇ।"

"ਗਾਂਧੀ ਜੀ ਦੀ ਜਾਨ ਬਚਾਉਣ ਲਈ ਮੈਂ ਕਿਸੇ ਵੀ ਉਸ ਮਸ਼ਵਰੇ ਤੇ ਸਹਿਮਤ ਨਹੀਂ ਹੋ ਸਕਦਾ ਜੋ ਮੇਰੇ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਜਾਂਦਾ ਹੋਵੇ ।

ਅੰਗਰੇਜ਼ਾਂ ਨੂੰ ਹੱਥ ਵੱਢ ਕੇ ਦੇਣ ਦੇ ਬਾਵਜੂਦ ਵੀ "ਕਮਿਊਨਲ ਅਵਾਰਡ" ਤੋਂ ਮੁੱਕਰ ਕੇ ਗਾਂਧੀ ਨੇ ਥੁੱਕ ਕੇ ਚੱਟਿਆ। "ਵਾਅਦਾ ਖਿਲਾਫੀ" ਗਾਂਧੀ ਜੀ ਲਈ ਮਮੂਲੀ ਗੱਲ ਸੀ। ਬਾਬਾ ਸਾਹਿਬ ਉਹਨਾਂ ਬੇਸਹਾਰਾ, ਦੱਬੇ ਕੁਚਲੇ ਤੇ ਅਪਮਾਨਤ ਹੋ ਰਹੇ ਕਰੋੜਾਂ ਲੋਕਾਂ ਲਈ ਚਿੰਤਤ ਸਨ। ਉਹਨਾਂ ਨੇ ਗਰਜ ਕੇ ਕਿਹਾ:--

"ਓ ਆਦਰਸ਼ਵਾਦੀ ਪੰਡਤੋ! ਦੇਸ ਭਗਤੋ!! ਜੇ ਤੁਸੀਂ ਸਾਡੇ ਨਾਲ ਆਪਣਿਆਂ ਵਰਗੀ ਸਮਾਨਤਾ ਦਾ ਵਰਤਾਓ ਨਹੀਂ ਕਰ ਸਕਦੇ ਤਾਂ ਤੁਹਾਨੂੰ ਕੋਈ ਅਧਿਕਾਰ ਨਹੀ ਕਿ ਤੁਸੀਂ ਸਾਡੇ ਤੇ ਸਾਂਝੀ ਚੋਣ ਪ੍ਰਣਾਲੀ ਠੋਸੋ ਤੇ ਸਾਨੂੰ ਆਪਣੇ ਮਜ਼ਹਬ ਨਾਲ ਜੁੜੇ ਰਹਿਣ ਲਈ ਮਜਬੂਰ ਕੀਤਾ ਜਾਵੇ।"

ਪਰ ਗਾਂਧੀ ਜੀ ਨਹੀਂ ਚਾਹੁੰਦੇ ਸਨ ਕਿ ਸਦੀਆਂ ਤੋਂ ਹਿੰਦੂਆਂ ਦੇ ਗੁਲਾਮ (ਅਛੂਤ) ਗੰਦ ਚੁਕਣਾ ਬੰਦ ਕਰਕੇ ਗੰਦੇ ਕੰਮਾਂ ਨੂੰ ਤਿਲਾਂਜਲੀ ਦੇਕੇ ਛੂਤ-ਛਾਤ ਤੇ ਜਾਤ- ਪਾਤ ਦੇ ਕੋਹੜ ਤੋਂ ਉੱਪਰ ਉੱਠ ਕੇ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਸਕਣ।

ਗਾਂਧੀ ਨੇ ਕਮਿਊਨਲ ਅਵਾਰਡ ਅਧੀਨ ਅਛੂਤਾਂ ਨੂੰ ਮਿਲੇ ਮਾਨਵ ਅਧਿਕਾਰਾਂ ਵਿਰੁੱਧ ਹਿੰਦੁਸਤਾਨ ਦੀ ਯੂਨਿਟੀ ਦੀ ਦੁਹਾਈ ਪਾਈ। ਕੌਮ-ਪ੍ਰਸਤੀ ਦੇ ਵਾਸਤੇ ਪਾਏ। ਦੇਸ ਭਗਤੀ ਦੇ ਨਾਂ ਤੇ ਰੋਇਆ ਅਤੇ "ਹਿੰਦੂ ਧਰਮ ਖਤਰੇ ਮੇਂ ਹੈ" ਕੁਰਲਾ ਉਠਿਆ।

ਉਹ ਕਮਿਊਨਲ ਅਵਾਰਡ ਨੂੰ ਹਿੰਦੂਆਂ ਦੀ ਘਟਦੀ ਗਿਣਤੀ ਵਜੋਂ ਵੇਖ ਕੇ ਚਿੰਤਤ ਸਨ । ਇਸ ਚਿੰਤਾ ਦਾ ਇਜ਼ਹਾਰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾਕਟਰ ਰਜਿੰਦਰ ਪਰਸ਼ਾਦ ਨੇ ਆਪਣੀ ਕਿਤਾਬ "ਡਿਵਾਡਿਡ ਇੰਡੀਆ" ਵਿਚ ਪੰਜਾਬ ਦੇ ਅਛੂਤਾਂ ਚੋਂ ਹਿੰਦੂਆਂ ਤੋਂ ਵੱਖਰਾ ਹੋ ਕੇ "ਆਦਿ ਧਰਮ" ਅਪਣਾਏ ਜਾਣ ਕਾਰਨ 1931 ਦੀ ਮਰਦਮਸ਼ੁਮਾਰੀ ਦੇ ਅੰਕੜੇ ਦਿੰਦਿਆਂ ਕੀਤਾ ਹੈ:-

Source Courtesy: India Divided , Authored by Dr. Rajendra Prasad First Published in 1946

This book by Dr. Rajendra Prasad has information about the Ad-Dharmis.

Before analysing the figures given in the above table it is worth noting that under `others` are included Adidharmis, Jains, Parsis, Jews and those who returned no specified religion or community. Of these the most numerous are the Adidharmis, who according to the Census Commissioner though included in scheduled castes do not claim to be Hindus and are hence recorded separately not only from the Hindus but also from the scheduled castes. They number 3,43,685 or 1.21 per cent of the total population of the Punjab. They are concentrated very largely in the Jullundur Division where their number is 2,50,267 or 4.60 per cent of the population of that Division[Their next largest concentrations are in the Multan Division and Lahore Division where they number 68,641 or 20,488 respectively[



Their number is negligible in the Ambala and Rawalpindi Divisions being only 2,795 and 1,534 respectively. As has been pointed out in the Census Report of 1931: `The most notable feature of the present (1931) census from the stand-point of returns of religion has been the adoption of the term Adi Dharmi by numerous Chamars and Chuhras and other Untouchables[At previous censuses Chuhras unless they returned some recognized religion were always included among Hindus. The 1941 Census Report also notes that all those who are recorded as Adi dharmis belong to the scheduled castes but have not claimed to be Hindus. The last two census days have thus succeeded in reducing the number of Hindus in the Province by excluding the Adidharmis from amongst them.

ਟੇਬਲ 11 ਵਿਚ ਦਿੱਤੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਹ ਧਿਆਨ ਦੇਣ ਯੋਗ ਹੈ ਕਿ 'ਹੋਰਾਂ ਵਿਚ ਆਦਿ -ਧਰਮੀ, ਜੈਨ, ਪਾਰਸੀ, ਯਹੂਦੀ ਅਤੇ ਉਹ ਲੋਕ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੇ ਕੋਈ ਨਿਰਧਾਰਤ ਧਰਮ ਜਾਂ ਫਿਰਕੇ ਨਹੀਂ ਅਪਨਾਏ. ਇਨ੍ਹਾਂ ਵਿੱਚੋਂ ਬਹੁਤ ਸਾਰੇ ਆਦਿ -ਧਰਮੀ ਹਨ, ਜੋ ਮਰਦਮਸ਼ੁਮਾਰੀ ਕਮਿਸ਼ਨਰ ਦੇ ਅਨੁਸਾਰ ਅਨੁਸੂਚਿਤ ਜਾਤੀਆਂ ਵਿੱਚ ਸ਼ਾਮਲ ਹਨ। ਇਸ ਲਈ (ਹੁਣ) ਨਾ ਸਿਰਫ ਹਿੰਦੂਆਂ ਤੋਂ, ਬਲਕਿ ਅਨੁਸੂਚਿਤ ਜਾਤੀਆਂ ਤੋਂ ਵੀ ਵੱਖਰੇ ਤੌਰ ਤੇ ਦਰਜ ਹਨ. ਇਨ੍ਹਾਂ ਦੀ ਗਿਣਤੀ ਪੰਜਾਬ ਦੀ ਕੁੱਲ ਆਬਾਦੀ ਦੇ ਹਿਸਾਬ ਨਾਲ 3, 43, 685 ਜਾਂ 1.21% ਹੈ। ਇਹ ਬਹੁਤ ਵੱਡੇ ਪੱਧਰ ਤੇ ਜਲੰਧਰ ਡਵੀਜ਼ਨ ਵਿਚ ਕੇਂਦ੍ਰਿਤ ਹਨ ਜਿੱਥੇ ਇਨਾਂ ਦੀ ਆਬਾਦੀ ਦੀ 2,50,267 ਜਾਂ 4.60 ਪ੍ਰਤੀਸ਼ਤ ਹੈ. ਉਨ੍ਹਾਂ ਦੀ ਅਗਲੀ ਸਭ ਤੋਂ ਵੱਡੀ ਤਵੱਜੋ ਮੁਲਤਾਨੀ ਡਵੀਜ਼ਨ ਅਤੇ ਲਾਹੌਰ ਡਵੀਜ਼ਨ ਵਿਚ ਹੈ ਜਿਥੇ ਉਨ੍ਹਾਂ ਦੀ ਗਿਣਤੀ ਕ੍ਰਮਵਾਰ 68641 ਅਤੇ 20488 ਹੈ. ਅੰਬਾਲਾ ਅਤੇ ਰਾਵਲਪਿੰਡੀ ਡਿਵੀਜ਼ਨਾਂ ਵਿਚ ਕ੍ਰਮਵਾਰ ਸਿਰਫ 2,795 ਅਤੇ 1534 ਹੋਣ ਦੀ ਸੰਖਿਆ ਘੱਟ ਹੈ।

ਜਿਵੇਂ ਕਿ 1931 ਦੀ ਮਰਦਮਸ਼ੁਮਾਰੀ ਰਿਪੋਰਟ ਵਿਚ ਪ੍ਰਕਾਸ਼ਤ ਕੀਤਾ ਗਿਆ ਹੈ: 'ਧਰਮ ਦੀ ਵਾਪਸੀ ਦੀ ਸਥਿਤੀ ਤੋਂ ਮੌਜੂਦਾ (1931) ਦੀ ਸਭ ਤੋਂ ਵੱਡੀ ਖ਼ਾਸ ਗੱਲ ਇਹ ਹੈ ਕਿ ਆਦਿ-ਧਰਮੀਆਂ ਦਾ ਵੱਖਰੇ ਧਰਮ ਨੂੰ ਅਪਣਾਉਣਾ ਹੈ ਜਿਹਨਾਂ ਵਿਚ ਬਹੁਤ ਸਾਰੇ ਚਮਾਰ ਅਤੇ ਚੂਹੜੇ ਅਤੇ ਹੋਰ ਅਛੂਤ ਹਨ। ਪਿਛਲੀਆਂ ਜਨਗਣਨਾਵਾਂ ਵਿਚ ਚੂਹੜੇ ਜਦ ਤਕ ਉਹ ਕੁਝ ਮਾਨਤਾ ਪ੍ਰਾਪਤ ਧਰਮਾਂ ਚ ਵਾਪਸੀ ਨਹੀਂ ਕਰਦੇ ਸਨ ਤਾਂ ਹਮੇਸ਼ਾ ਹਿੰਦੂਆਂ ਵਿਚ ਸ਼ਾਮਲ ਹੁੰਦੇ ਸਨ. 1941 ਦੀ ਮਰਦਮਸ਼ੁਮਾਰੀ ਦੀ ਰਿਪੋਰਟ ਵਿਚ ਇਹ ਵੀ ਨੋਟ ਕੀਤਾ ਗਿਆ ਹੈ ਕਿ ਉਹ ਸਾਰੇ ਜਿਹੜੇ ਆਦਿ - ਧਰਮੀਆਂ ਵਜੋਂ ਦਰਜ ਹਨ ਉਹ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹਨ ਪਰ ਉਨ੍ਹਾਂ ਨੇ ਹਿੰਦੂ ਹੋਣ ਦਾ ਦਾਅਵਾ ਨਹੀਂ ਕੀਤਾ ਹੈ। ਪਿਛਲੀਆਂ ਦੋ ਜਨਗਣਨਾਵਾਂ ਨੇ ਇਸ ਤਰ੍ਹਾਂ ਆਦਿ ਧਰਮੀਆਂ ਨੂੰ ਆਪਣੇ ਵਿੱਚੋਂ ਬਾਹਰ ਕੱਢ ਕੇ ਸੂਬੇ ਵਿੱਚ ਹਿੰਦੂਆਂ ਦੀ ਗਿਣਤੀ ਘਟਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ ।"

ਉਹ ਇਹ ਮਹਿਸੂਸ ਕਰਦੇ ਸਨ ਵੱਖਰੇ ਚੋਣ ਪਰਬੰਧ ਤੇ ਆਦਿ ਧਰਮੀਆਂ ਵਰਗਾ ਵਖਰਾ ਧਰਮ "ਆਦਿ ਧਰਮ" ਅਪਣਾਏ ਜਾਣ ਸਦਕਾ ਅਛੂਤ ਉਹਨਾਂ ਦੇ ਹੱਥੋਂ ਨਿਕਲਦੇ ਗਏ ਤਾਂ ਉਹਨਾ ਦੀ ਆਬਾਦੀ ਘਟਦੀ ਘਟਦੀ ਘਟ ਜਾਵੇਗੀ ਇਸ ਕਰਕੇ ਸਾਰਾ ਹਿੰਦੂ ਜਗਤ ਗਾਂਧੀ ਦੀ ਪਿੱਠ ਪਿੱਛੇ ਖੜ੍ਹਾ ਹੋ ਗਿਆ। ਇਸ ਦੌਰਾਨ ਦਲਿਤਾਂ ਦੇ ਮਸੀਹਾ ਡਾ: ਅੰਬੇਡਕਰ ਨੂੰ ਖੂਨ ਨਾਲ ਲਿਖੇ ਧਮਕੀ ਪੱਤਰ ਮਿਲਣ ਲੱਗੇ। ਜਲੰਧਰ ਦੇ ਵੀਰ ਪ੍ਰਤਾਪ ਅਖ਼ਬਾਰ ਨੇ ਡਾ: ਅੰਬੇਡਕਰ ਦੀ 'ਗਦਾਰੀ ਦਾ' ਕੁੱਝ ਵਧੇਰੇ ਈ ਮੁੱਲ ਤਾਰਨਾ ਪਵੇਗਾ ਦਾ ਧਮਕੀ ਭਰਪੂਰ ਲੇਖ ਲਿਖ ਕੇ ਬਲਦੀ ਤੇਲ ਪਾ ਦਿੱਤਾ। ਜੇ ਗਾਂਧੀ ਜੀ ਦੀ ਜਾਨ ਚਲੀ ਗਈ ਤਾਂ ਕਰੋੜਾਂ ਅਛੂਤਾਂ ਦੀਆਂ ਕੁੱਲੀਆਂ ਸਾੜਨ ਤੇ ਕਤਲੇਆਮ ਕਰਨ ਦੀਆਂ ਗੋਂਦਾਂ ਗੁੰਦੀਆਂ ਗਈਆਂ। ਇਕ ਪਾਸੇ ਕਮਿਊਨਲ ਅਵਾਰਡ ਖਤਮ ਕਰਵਾਉਣ ਲਈ ਧਮਕੀਆਂ ਤੇ ਡਰਾਵਿਆਂ ਦਾ ਬਜ਼ਾਰ ਗਰਮ ਸੀ ਦੂਜੇ ਪਾਸੇ ਗਾਂਧੀ ਦੀ ਜਾਨ ਬਚਾਉਣ ਲਈ ਡਾਕਟਰ ਅੰਬੇਦਕਰ ਦੇ ਤਰਲੇ ਕੀਤੇ ਜਾ ਰਹੇ ਸਨ। ਕਸਤੂਰਬਾ ਬਾਈ ਵਲੋਂ ਬਾਬਾ ਸਾਹਿਬ ਦੇ ਪੈਰਾਂ ਵਿੱਚ ਆਪਣੀ ਚੁੰਨੀ ਰੱਖਕੇ ਪਤੀ ਪ੍ਰਾਣਾਂ ਦੀ ਭੀਖ ਦੀ ਜਾਚਨਾ ਕੀਤੀ ਗਈ।

ਦੇਵਦਾਸ (ਗਾਂਧੀ ਦਾ ਪੁੱਤਰ) ਪਿਓ ਦੀ ਜਾਨ ਬਖਸ਼ੀ ਲਈ ਗਿੜਗਿੜਾਇਆ। ਪੰਡਤ ਮਦਨ ਮੋਹਨ ਮਾਲਵੀਆ ਨੇ ਬ੍ਰਾਹਮਣ ਹੋਣ ਦੇ ਬਾਵਜੂਦ ਵੀ ਗ਼ਲ 'ਚ ਪੱਲਾ ਪਾਕੇ ਗਾਂਧੀ ਦੇ ਪ੍ਰਾਣ ਬਚਾਏ ਜਾਣ ਲਈ ਅਛੂਤ ਲੀਡਰ ਬਾਬਾ ਸਾਹਿਬ ਦੇ ਸਾਹਮਣੇ ਵਾਸਤੇ ਪਾਏ। ਇਸ ਸੱਭ ਕੁੱਝ ਤੋਂ ਇਲਾਵਾ ਬਾਬਾ ਸਾਹਿਬ, ਗਾਂਧੀ ਵੱਲੋਂ ਆਪ ਭੇਜੀ ਚਿੱਟ ਨਾਲ ਪਸੀਜ ਗਏ।

"ਡਾਕਟਰ ਅੰਬੇਦਕਰ, ਮੇਰੀ ਜਿੰਦਗੀ ਬਚਾਉਣ, ਹਿੰਦੂਆਂ ਨੂੰ ਆਪਣੇ ਪਾਪ ਧੋਣ ਦਾ ਆਖਰੀ ਮੌਕਾ ਦੇ ਦਿਓ ਅਸੀਂ ਛੂਆ ਛਾਤ ਦਾ ਬੀਜ਼ ਨਾਸ਼ ਕਰ ਦਿਆਂਗੇ।"

ਬਾਬਾ ਸਾਹਿਬ ਨੇ ਮਾਨਵੀ ਕਦਰਾਂ-ਕੀਮਤਾਂ ਦੇ ਆਧਾਰ 'ਤੇ ਗਾਂਧੀ ਦੀ ਜਾਨ ਬਚਾਉਣ ਲਈ 24 ਸਤੰਬਰ 1932 ਨੂੰ ਪੂਨੇ ਦੀ ਯਰਵਦਾ ਜੇਲ੍ਹ ਵਿਚ ਬੰਦ ਗਾਂਧੀ ਜੀ ਦੀ ਜਾਨ ਬਚਾਉਣ ਲਈ ਜੋ ਸਮਝੌਤਾ ਕੀਤਾ ਉਹ ਹੈ "ਪੂਨਾ ਪੈਕਟ" ਜਿਸ ਨਾਲ "ਕਮਿਊਨਲ ਅਵਾਰਡ" ਦਾ ਭੋਗ ਤਾਂ ਪੈ ਗਿਆ ਪਰ ਇਸ ਨਾਲ ਕਰੋੜਾਂ ਅਛੂਤਾਂ ਨੂੰ ਸਵਰਨਾਂ (ਹਿੰਦੂਆਂ) ਦੇ ਪ੍ਰਕੋਪ ਦਾ ਸ਼ਿਕਾਰ ਹੋਣੋ ਬਚਾ ਲਿਆ। ਪੂਨਾ ਪੈਕਟ ਨਾਲ ਦਲਿਤ ਸਮਾਜ ਕੁੱਝ ਅਧਿਕਾਰ ਹਥਿਆਉਣ 'ਚ ਤਾਂ ਕਾਮਯਾਬ ਹੋ ਗਿਆ ਪਰ ਦਲਿਤਾਂ ਦੀ ਆਜ਼ਾਦੀ ਦਾ ਪੰਧ ਹੋਰ ਲੰਮੇਰਾ ਹੋ ਗਿਆ।

ਕਮਿਊਨਲ ਅਵਾਰਡ ਨਾਲ ਫੈਸਲਾ ਇਹ ਹੋਇਆ ਸੀ ਕਿ ਅਨੁਸੂਚਿਤ ਜਾਤੀਆਂ ਜਨ ਜਾਤੀਆਂ ਦੇ ਲੋਕ ਸਾਂਝੇ ਚੋਣ ਖੇਤਰਾਂ 'ਚ ਵੋਟ ਦੀ ਵਰਤੋਂ ਕਰਦਿਆਂ ਉਹਨਾਂ ਦੀ ਆਬਾਦੀ ਦੇ ਆਧਾਰ 'ਤੇ ਸੂਬੇ ਦੀਆਂ ਵਿਧਾਨ ਸਭਾਵਾਂ ਤੇ ਪਾਰਲੀਮੈਂਟ ਵਿੱਚ ਉਹਨਾਂ ਦੇ ਨੁਮਾਇੰਦੇ ਚੋਣ ਲੜਨਗੇ ਅਤੇ ਅਨੁਸੂਚਿਤ ਜਾਤੀ ਦੀਆਂ ਸੀਟਾਂ ਰਾਖਵੀਆਂ ਹੋਣਗੀਆਂ। ਇਸ ਨਾਲ ਅਨੁਸੂਚਿਤ ਜਾਤੀਆਂ ਦੇ ਲੋਕ ਆਪਣੀ ਬਰਾਦਰੀ ਵਿੱਚੋਂ ਆਪਣੀ ਹੀ ਵੋਟ ਨਾਲ ਸਮਝਦਾਰ, ਇਮਾਨਦਾਰ, ਉਨ੍ਹਾਂ ਦੇ ਦੁੱਖ ਸੁੱਖ ਦੇ ਭਾਈਵਾਲ ਉਹਨਾਂ ਦੇ ਹੱਕਾਂ ਦੀ ਸਹੀ ਤਰਜਮਾਨੀ ਕਰਨ ਵਾਲੇ ਵਿਅਕਤੀ ਚੁਣ ਸਕਦੇ ਸਨ। ਇਸ ਤਰ੍ਹਾਂ ਸਾਰੇ ਭਾਰਤ ਵਿੱਚੋਂ ਘੱਟੋ-ਘੱਟ 71 ਸਹੀ ਨੁਮਾਇੰਦੇ ਚੁਣੇ ਜਾਣੇ ਸਨ ਭਾਵੇਂ ਕਿ ਪੂਨਾ ਪੈਕਟ ਵਿਚ ਇਸ ਦੇ ਮੁਕਾਬਲੇ 148 ਸੀਟਾਂ ਉਪਲੱਬਧ ਹੋ ਗਈਆਂ। ਪੰਜਾਬ ਦੇ ਅਛੂਤਾਂ ਨੂੰ ਵੀ ਇਹਨਾਂ ਵਿਚੋਂ ਅੱਠ ਰਾਖਵੀਆਂ ਸੀਟਾਂ ਮਿਲ ਗਈਆਂ। ਸਾਂਝੀ ਚੋਣ ਪ੍ਰਣਾਲੀ, ਵੋਟ ਦਾ ਅਧਿਕਾਰ ਦਸ ਸਾਲ ਲਈ ਰਾਜਸੀ ਰਿਜਰਵੇਸ਼ਨ ਤੇ ਨੌਕਰੀਆਂ ਵਿੱਚ ਦਲਿਤਾਂ ਨੂੰ ਯੋਗ ਪ੍ਰਤੀਨਿਧਤਾ ਦਾ ਅਧਿਕਾਰ ਮਿਲ ਗਿਆ ਪਰ ਇਹ ਸੱਭ ਕੁੱਝ ਮਿਲਾਕੇ ਵੀ ਕਮਿਊਨਲ ਅਵਾਰਡ ਦੁਆਰਾ ਮਿਲੇ ਵੱਖਰੇ ਚੋਣ ਅਧਿਕਾਰ ਅਤੇ ਦੂਹਰੀ ਵੋਟ ਦੇ ਮੁਕਾਬਲੇ ਕੁੱਝ ਵੀ ਨਹੀਂ ਸੀ। ਪੂਨਾ ਪੈਕਟ ਪਿਛੋਂ ਸਾਂਝੇ ਚੋਣ ਖੇਤਰਾਂ ਰਾਂਹੀ ਜੋ ਨੁਮਾਇੰਦੇ ਚੁਣੇ ਜਾਂਦੇ ਹਨ ਉਹ ਆਮ ਤੌਰ 'ਤੇ ਦਲਿਤਾਂ ਦੇ ਰੂਪ ਵਿੱਚ ਜ਼ਰ ਖਰੀਦ, ਗੋਲ਼ੂ ਗੁਲਾਮ, ਚਮਚੇ, ਹਾਂ 'ਚ ਹਾਂ ਮਿਲਾਉਣ ਵਾਲੇ ਕੌਲੀ ਚੱਟ ਤੇ ਮਾਲਕ ਦੀ ਬੁਸ਼ਕਰ ਤੇ ਪੂਛ ਹਿਲਾਉਣ ਵਾਲੇ ਹੀ ਸਾਬਤ ਹੋਏ ਹਨ। ਉਹ ਅਛੂਤਾਂ ਲਈ ਕੋਈ ਵਰਨਣਯੋਗ ਕਾਰਨਾਮਾ ਨਹੀਂ ਕਰ ਸਕੇ।

ਬਾਬਾ ਸਾਹਿਬ ਨੇ ਕਰੋੜਾਂ ਅਛੂਤਾਂ ਦੀ ਆਜ਼ਾਦੀ ਨੂੰ ਕੁੱਝ ਸਮੇਂ ਲਈ ਹੋਰ ਪਿੱਛੇ ਪਾਕੇ ਗਾਂਧੀ ਦੀ ਜਾਨ ਬਚਾ ਕੇ ਹਿੰਦੂ ਕੌਮ ਤੇ ਮਹਾਨ ਪਰ ਉਪਕਾਰ ਕੀਤਾ। ਬਾਬਾ ਸਾਹਿਬ ਲਿਖਦੇ ਹਨ ਕਿ--

"ਪਰ ਗਾਂਧੀ ਭਗਤਾਂ ਵੱਲੋਂ ਬੜੀ ਬੇਸ਼ਰਮੀ ਨਾਲ ਪ੍ਰਚਾਰਿਆ ਗਿਆ ਕਿ ਅਛੂਤਾਂ ਨੂੰ ਮਿਲੇ ਹੱਕ ਸਿਰਫ਼ ਗਾਂਧੀ ਦੀ ਹੀ ਦੇਣ ਹੈ ਉਹ ਅਛੂਤਾਂ ਤੇ ਹਮੇਸ਼ਾਂ ਇਹ ਪ੍ਰਭਾਵ ਪਾਉਂਦੇ ਹਨ ਕਿ ਕੇਵਲ ਗਾਂਧੀ ਹੀ ਉਨ੍ਹਾਂ ਦਾ ਰਖਵਾਲਾ ਹੈ। ਉਹ ਇਹ ਵੀ ਕਹਿੰਦੇ ਹਨ ਕਿ ਪੂਨਾ ਪੈਕਟ ਵਿਚ ਜਿਹੜੇ ਵੀ ਰਾਜਸੀ ਅਧਿਕਾਰ ਅਛੂਤਾਂ ਨੂੰ ਮਿਲੇ ਹਨ ਉਹ ਸਿਰਫ ਗਾਂਧੀ ਦੀਆਂ ਕੋਸ਼ਿਸ਼ਾਂ ਕਰਕੇ ਹੀ ਹੈ। ਮੈਂ ਨਹੀਂ ਜਾਣਦਾ ਕਿ ਕਿੰਨੇ ਅਛੂਤ ਇਸ ਕੋਰੇ ਝੂਠ ਨੂੰ ਸਵੀਕਾਰ ਕਰਦੇ ਹੋਣਗੇ?"

ਕਾਸ਼! ਸਾਡੇ ਦਲਿਤ ਵੀਰ ਇਸ ਸਚਾਈ ਤੋਂ ਜਾਣੂ ਹੋ ਜਾਂਦੇ ਤੇ ਹੁਣ ਤੱਕ ਉਹਨਾਂ ਦੇ ਗੁੰਮਰਾਹਕੁੰਨ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਤੇ 'ਹਰੀਜਨ' ਬਣਕੇ ਗਾਂਧੀ ਨੂੰ ਬਾਪੂ ਨਾ ਸਵੀਕਾਰਦੇ।

ਪੂਨਾ ਪੈਕਟ ਕਤਲਾਂ, ਮਾਰਧਾੜ ਤੇ ਸਾੜਫੂਕ ਦੀਆਂ ਧਮਕੀਆਂ, ਵਿਅਕਤੀ ਵਿਸ਼ੇਸ਼ ਦੀ ਜਾਨ ਬਖਸ਼ੀ ਲਈ ਮਿੰਨਤਾਂ, ਤਰਲੇ ਅਤੇ ਅਰਜ਼ੋਈਆਂ ਦੇ ਨਾਲ ਨਾਲ ਇਕ ਧਿਰ ਵੱਲੋਂ ਛ਼ਲ ਕਪਟ ਤੇ ਬੇਈਮਾਨੀ ਵਾਲੇ ਮਹੌਲ ਵਿੱਚ ਕੀਤਾ ਗਿਆ ਇਕ ਸਮਝੌਤਾ ਸੀ ਜਿਸ ਨੂੰ ਲਾਗੂ ਕਰਨ ਵਾਲਿਆਂ (ਹਿੰਦੂਆਂ) ਵਲੋਂ ਇਸ ਦੀ ਸ਼ਰੇਆਮ ਉਲੰਘਣਾ ਕਰਕੇ ਨਾਕਾਮ ਬਣਾ ਦਿੱਤਾ ਗਿਆ।

ਕੁੱਝ ਲੋਕ (ਅਛੂਤ ਆਗੂ) ਪੂਨਾ ਪੈਕਟ ਨੂੰ ਸੱਭ ਤੋਂ ਵੱਡੀ ਜਿੱਤ, ਆਖਰੀ ਮੰਜ਼ਿਲ ਤੇ ਕਮਿਊਨਿਸਟਾਂ ਦੀ 'ਲਾਲ ਕਿਤਾਬ' ਤੁੱਲ ਅਹਿਮ ਦਸਤਾਵੇਜ਼ ਸਮਝਦੇ ਹਨ ਪਰ ਬਾਬਾ ਸਾਹਿਬ ਨੇ ਗਾਂਧੀ ਦੀ ਜਾਨ ਬਚਾਉਣ ਹਿਤ ਬਹੁਤ ਕੁੱਝ ਗੁਆ ਕੇ ਕੁੱਝ ਨਾ ਕੁੱਝ ਪ੍ਰਾਪਤ ਕਰਕੇ ਦਲਿਤਾਂ ਦੀ ਤਰੱਕੀ ਦੇ ਬੂਹੇ ਖੋਲ੍ਹ ਦਿੱਤੇ। ਬਾਬਾ ਸਾਹਿਬ ਇਸ ਸਬੰਧ ਵਿੱਚ ਸਪੱਸ਼ਟ ਲਿਖਦੇ ਹਨ ਕਿ :-

ਵਰਤ ਨੇ ਗਾਂਧੀ ਦੀ ਜਾਨ ਬਚਾਉਣ ਲਈ ਸਮੱਸਿਆ ਲਿਆ ਖੜ੍ਹੀ ਕੀਤੀ। ਉਸ ਦਾ ਜੀਵਨ ਇਕ ਤਰ੍ਹਾਂ ਬਚ ਸਕਦਾ ਸੀ ਕਿ ਕਮਿਊਨਲ ਅਵਾਰਡ ਨੂੰ ਬਦਲਿਆ ਜਾਵੇ ਕਿਉਂਕਿ ਇਹ ਫੈਸਲਾ ਗਾਂਧੀ ਜੀ ਦੀ ਆਤਮਾ ਨੂੰ ਬਹੁਤ ਚੁੱਭਦਾ ਸੀ। ਪ੍ਰਧਾਨ ਮੰਤਰੀ ਨੇ ਇਹ ਸਾਫ ਕਰ ਦਿੱਤਾ ਸੀ ਕਿ ਬ੍ਰਿਟਿਸ਼ ਕੈਬਨਿਟ ਆਪਣੇ ਫੈਸਲੇ ਨੂੰ ਆਪ ਨਹੀਂ ਬਦਲੇਗੀ ਪਰ ਅਛੂਤਾਂ ਤੇ ਹਿੰਦੂਆਂ ਦੇ ਆਪਸੀ ਹੋਏ ਸਮਝੌਤੇ ਨੂੰ ਇਸ ਦਾ ਬਦਲ ਮੰਨ ਸਕਦੀ ਹੈ। ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਮੇਰੇ ਨਾਲੋਂ ਵੱਧ ਹੋਰ ਕੋਈ ਵਿਅਕਤੀ ਵੀ ਉਸ ਵੇਲੇ ਇੰਨੀ ਦੁਬਿਧਾ ਵਿੱਚ ਨਹੀਂ ਪਿਆ ਹੋਵੇਗਾ। ਮੈਨੂੰ ਦੋ ਗੱਲਾਂ ਵਿੱਚੋਂ ਇੱਕ ਚੁਣਨੀ ਪਈ। ਮਾਨਵਤਾ ਦੇ ਨਾਤੇ ਮੇਰਾ ਫ਼ਰਜ਼ ਸੀ ਕਿ ਮੈਂ ਗਾਂਧੀ ਦੀ ਜਾਨ ਬਚਾਉਂਦਾ। ਦੂਜੇ ਪਾਸੇ ਅਛੂਤਾਂ ਦੇ ਰਾਜਸੀ ਹੱਕਾਂ ਦੀ ਹਿਫਾਜ਼ਤ ਕਰਨੀ ਸੀ ਜੋ ਪ੍ਰਧਾਨ ਮੰਤਰੀ ਨੇ ਦਿੱਤੇ ਸਨ। ਮੈਂ ਮਾਨਵਤਾ ਦੇ ਨਾਤੇ ਗਾਂਧੀ ਜੀ ਦੀ ਮਰਜ਼ੀ ਅਨੁਸਾਰ ਕਮਿਊਨਲ ਅਵਾਰਡ ਬਦਲਾ ਕੇ ਗਾਂਧੀ ਦੀ ਜਾਨ ਬਚਾਈ।

ਗਾਂਧੀ ਜੀ ਦੇ ਮਰਨ ਵਰਤ ਦੁਆਰਾ ਬਲ ਪੂਰਬਕ ਦਬਾਅ ਪਾਉਣ ਦੇ ਕਾਰਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਪੂਨਾ ਪੈਕਟ ਤੇ ਦਸਤਖਤ ਕਰਕੇ ਇਸ ਨੂੰ ਹੇਠ ਲਿਖੇ ਸ਼ਬਦਾਂ ਵਿਚ ਧਿਕਾਰਿਆ--

(ਗਾਂਧੀ ਦੇ) "ਮਰਨ ਵਰਤ ਦਾ ਕੋਈ ਉਤਮ ਉਦੇਸ਼ ਨਹੀਂ ਸੀ। ਇਹ ਇਕ ਘਿਨਾਉਣੇ ਕਾਰਜ ਸੀ। ਮਰਨ ਵਰਤ ਅਛੂਤਾਂ ਦੇ ਹਿਤ ਵਿਚ ਨਹੀਂ ਸੀ। ਇਹ ਉਹਨਾਂ ਦੇ ਵਿਰੁੱਧ ਸੀ ਅਤੇ ਇਉਂ ਬਲ ਪੂਰਬਕ ਦਬਾਅ ਪਾਉਣ ਦਾ ਬੇਹੱਦ ਖਰਾਬ ਤਰੀਕਾ ਅਪਣਾਇਆ ਗਿਆ । ਐਸੇ ਲਾਚਾਰ ਤੇ ਬੇਬਸ ਲੋਕਾਂ ਦੇ ਖਿਲਾਫ ਜਿਨ੍ਹਾਂ ਨੂੰ ਪਰਧਾਨ ਮੰਤਰੀ ਦੇ ਅਵਾਰਡ ਦੁਆਰਾ ਦਿਤੇ ਗਏ ਸੁਰੱਖਿਆ ਕਵਚ ਨੂੰ ਛੱਡਣ ਲਈ ਮਜਬੂਰ ਕੀਤਾ ਗਿਆ ਅਤੇ ਜਾਤਵਾਦੀ ਹਿੰਦੂਆਂ ਦੇ ਰਹਿਮੋ- ਕਰਮ ਤੇ ਰਹਿਣ ਲਈ ਸਹਿਮਤ ਕਰਵਾਇਆ ਗਿਆ ।"

(ਦਾ ਓਪਰੈਸਡ ਇੰਡੀਅਨ ਸਤੰਬਰ 1982)

ਇਸ ਕਰਕੇ 1982 ਵਿਚ ਜਦੋਂ ਹੁਕਮਰਾਨ ਕਾਂਗਰਸ ਤਤਕਾਲੀ ਪਰਧਾਨ ਮੰਤਰੀ ਇੰਦਰਾ ਗਾਂਧੀ ਦੀ ਅਗਵਾਈ ਵਿਚ ਪੂਨਾ ਪੈਕਟ ਨੂੰ ਸਵਰਨਾਂ (ਆਰੀਆ) ਦੀ ਵੱਡੀ ਜਿੱਤ ਵਜੋਂ ਧੂਮਧਾਮ ਨਾਲ ਦੇਸ਼ ਵਿਚ ਪੂਨਾ ਪੈਕਟ ਦੀ ਸਵਰਨ ਜੈਅੰਤੀ ਮਨਾ ਰਹੀ ਸੀ ਤਾ ਉਸ ਵਕਤ ਦਲਿਤਾਂ ਦੇ ਮਸੀਹਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਜਲੰਧਰ ਵਿਖੇ 50000 ਤੋਂ ਵਧੇਰੇ ਲੋਕਾਂ ਨੂੰ ਇੱਕਠਾ ਕਰਕੇ 24 ਸਤੰਬਰ ਨੂੰ ਧਿਕਾਰ ਦਿਵਸ ਵਜੋਂ ਮਨਾ ਕੇ ਇਸ ਦੀ ਵਾਜਬੀਅਤ ਉੱਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਤੇ ਹਾਕਮ ਧਿਰ ਵਲੋਂ ਮਨਾਏ ਜਾ ਰਹੇ ਜਿਤ ਦੇ ਜਸ਼ਨਾਂ ਨੂੰ ਫਿੱਕਾ ਪਾ ਦਿੱਤਾ ।

1932 ਵਿੱਚ ਸੈਪਰੇਟ ਇਲੈਕੋਰੇਟ (ਵੱਖਰੀ ਚੋਣ ਪਰਨਾਲੀ) ਤੇ 1942 ਵਿਚ ਸੈਪਰੇਟ ਸੈਟਲਮੈਂਟ (ਵੱਖਰੇ ਵਸੇਬੇ) ਦਾ ਪਲਾਨ ਧਰੇ ਧਰਾਏ ਰਹਿ ਗਏ ਅਤੇ ਦਲਿਤਾਂ ਸੋਸ਼ਤਾਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ ।

ਅਜੋਕੇ ਹਾਕਮਾਂ ਵੱਲੋਂ ਵੀ ਹੁਣ ਤੱਕ ਪੂਨਾ ਪੈਕਟ ਤਹਿਤ ਮਿਲੀਆਂ ਸਹੂਲਤਾਂ ਨੂੰ ਦਲਿਤ ਗੁਲਾਮੀ ਨੂੰ ਪੀਡਾ ਤੇ ਲੰਮੇਰਾ ਕਰਨ ਲਈ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ ।

ਪੰਜਾਬ 'ਚ ਮੁੱਢਲੀ ਸਕੂਲੀ ਸਿੱਖਿਆ, ਪ੍ਰਬੰਧਨ 'ਤੇ ਉਠ ਰਹੇ ਸਵਾਲ

ਗੁਰਮੀਤ ਪਲਾਹੀ
91-98158-02070

ਇਸ ਸਮੇਂ ਪੰਜਾਬ ਦਾ ਸਿੱਖਿਆ ਵਿਭਾਗ, ਪੰਜਾਬ ਦੇ ਸਰਕਾਰੀ ਸਕੂਲਾਂ ਦੇ ਹਾਲਾਤ ਸੁਧਾਰਨ ਲਈ ਪੱਬਾਂ ਭਾਰ ਹੋਇਆ ਪਿਆ ਹੈ। ਪਿਛਲੇ ਦੋ ਸਾਲਾਂ 'ਚ ਸਰਕਾਰੀ ਸਕੂਲਾਂ ਦੇ ਸਿੱਖਿਆ ਬੋਰਡ ਦੇ ਨਤੀਜੇ ਸੁਧਾਰਨ ਅਤੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵਧਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਅਤੇ ਸਿੱਖਿਆ ਵਿਭਾਗ ਵਲੋਂ ਪੇਸ਼ ਕੀਤੇ ਅੰਕੜਿਆਂ ਅਨੁਸਾਰ ਇਹਨਾ ਵਿੱਚ ਸੁਧਾਰ ਹੋ ਰਿਹਾ ਹੈ। ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਸਰਕਾਰੀ ਸਕੂਲਾਂ ਦੇ ਬੋਰਡ ਨਤੀਜੇ ਬਿਹਤਰ ਦਰਸਾਏ ਜਾ ਰਹੇ ਹਨ ਅਤੇ ਪੰਜਾਬ ਦੇ ਸਕੂਲਾਂ ਦੇ ਸਿੱਖਿਆ ਪੱਧਰ 'ਚ ਵਾਧੇ ਦਾ ਦਾਅਵਾ ਵੀ ਕੀਤਾ ਜਾ ਰਿਹਾ ਹੈ। "ਰਾਈਟ ਟੂ ਐਜੂਕੇਸ਼ਨ ਐਕਟ 2009" ਤਹਿਤ 6 ਤੋਂ 14 ਸਾਲ ਤੱਕ ਦੇ ਬੱਚਿਆਂ ਲਈ ਭਾਰਤ ਸਰਕਾਰ ਨੇ ਮੁਫ਼ਤ ਸਿੱਖਿਆ ਦੇਣ ਦਾ ਪ੍ਰਾਵਾਧਾਨ ਕੀਤਾ ਹੋਇਆ ਹੈ। ਪੰਜਾਬ ਵਿੱਚ ਇਸ ਐਕਟ ਨੂੰ ਦੇਸ਼ ਦੇ ਹੋਰ ਸੂਬਿਆਂ ਵਾਂਗਰ ਲਾਗੂ ਕੀਤਾ ਗਿਆ ਹੈ ਅਤੇ ਸਰਬ ਸਿੱਖਿਆ ਅਭਿਆਨ ਤਹਿਤ ਸਿੱਖਿਆ 'ਚ ਸੁਧਾਰ ਲਈ 'ਪੜ੍ਹੋ ਪੰਜਾਬ' ਜਿਹੀਆਂ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ। ਪਰ ਸਰਕਾਰੀ ਸਕੂਲਾਂ ਦੀ ਪ੍ਰਬੰਧਕੀ ਦਸ਼ਾ ਠੀਕ ਨਾ ਹੋਣ ਅਤੇ ਸੁਵਿਧਾਵਾਂ ਦੀ ਘਾਟ ਕਾਰਨ ਬਣਦੇ ਟੀਚੇ ਪੂਰੇ ਨਹੀਂ ਕੀਤੇ ਜਾ ਸਕੇ। 2009 ਐਕਟ ਵਿੱਚ ਹੋਰ ਤਰੁੱਟੀਆਂ ਦੇ ਨਾਲ ਸਭ ਲਈ ਬਰਾਬਰ ਦੀ ਸਿੱਖਿਆ ਦੀ ਮੱਦ ਸ਼ਾਮਲ ਨਾ ਹੋਣ ਕਾਰਨ ਗਰੀਬ, ਅਮੀਰ ਬੱਚਿਆਂ ਨੂੰ ਸੂਬੇ ਵਿੱਚ ਇਕੋ ਜਿਹੀ ਸਿੱਖਿਆ ਨਹੀਂ ਮਿਲ ਰਹੀ। ਵੱਡੇ ਪਬਲਿਕ ਮਾਡਲ ਸਕੂਲਾਂ 'ਚ ਵਿੱਦਿਆਰਥੀਆਂ ਦੀ ਬਹੁਤਾਤ ਹੈ। ਸੁਵਿਧਾਵਾਂ ਵੱਧ ਹਨ। ਇਸ ਕਰਕੇ ਹਰ ਇੱਕ ਲਈ ਬਰਾਬਰ ਦੀ ਸਿੱਖਿਆ ਦੇਣ ਪ੍ਰਤੀ ਪਾੜਾ ਵਧਿਆ ਹੈ ਅਤੇ ਲਗਾਤਾਰ ਵੱਧਦਾ ਜਾ ਰਿਹਾ ਹੈ। ਇਲਾਹਬਾਦ ਹਾਈ ਕੋਰਟ ਨੇ ਇੱਕ ਫ਼ੈਸਲੇ ਅਧੀਨ ਯੂਪੀ ਵਿੱਚ ਸਾਰੇ ਸਰਕਾਰੀ ਕਰਮਚਾਰੀਆਂ, ਅਧਿਕਾਰੀਆਂ, ਚੁਣੇ ਨੁਮਾਇੰਦਿਆਂ ਆਦਿ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਦੇ ਆਦੇਸ਼ ਦਿੱਤੇ ਸਨ ਤਾਂ ਕਿ ਸਰਕਾਰੀ ਸਕੂਲਾਂ ਦੀ ਦਸ਼ਾ ਚੰਗੀ ਹੋ ਸਕੇ। ਪੰਜਾਬ ਵਿੱਚ ਵੀ ਸਿੱਖਿਆ ਦੇ ਨੀਵੇਂ ਪੱਧਰ ਪ੍ਰਤੀ ਚਿੰਤਾ ਦਰਸਾਉਂਦਿਆਂ ਇਹ ਮੰਗ ਉਠੀ ਕਿ ਇਲਾਹਬਾਦ ਵਾਲੇ ਫ਼ੈਸਲੇ ਨੂੰ ਪੰਜਾਬ ਵਿੱਚ ਲਾਗੂ ਕੀਤਾ ਜਾਵੇ ਪਰ ਇਸ ਬਹੁਤ ਹੀ ਚੰਗੇਰੇ ਫ਼ੈਸਲੇ ਨੂੰ ਪੰਜਾਬ ਵਿੱਚ ਲਾਗੂ ਕਰਨ ਪ੍ਰਤੀ ਨਾ ਤਾਂ ਕੋਈ ਸਿਆਸੀ ਪਹਿਲਕਦਮੀ ਹੋਈ ਅਤੇ ਨਾ ਹੀ ਪੰਜਾਬ ਦੇ ਨੌਕਰਸ਼ਾਹਾਂ ਇਸ ਮਾਮਲੇ ਵੱਲ ਕੋਈ ਧਿਆਨ ਦਿੱਤਾ।

ਕੀ ਕਹਿੰਦੀ ਹੈ ਪੇਂਡੂ ਪ੍ਰਾਇਮਰੀ ਸਿੱਖਿਆ ਬਾਰੇ ਨੀਤੀ ਆਯੋਗ ਰਿਪੋਰਟ:

ਭਾਰਤ ਦੇ ਨੀਤੀ ਆਯੋਗ ਦੇ ਸੋਸ਼ਿਓ ਇਕਨੌਮਿਕਸ ਰਿਸਰਚ ਡਵੀਜ਼ਨ ਵਲੋਂ ਗੁਰੂ ਅਰਜਨ ਦੇਵ ਇਨਸਟੀਚੀਊਟ ਫਾਰ ਡਿਵੈਲਪਮੈਂਟ ਸਟੱਡੀਜ਼ ਨਵੀਂ ਦਿੱਲੀ ਵਲੋਂ ਕੀਤੇ ਇੱਕ ਖੋਜ਼ ਪ੍ਰੋਜੈਕਟ ਅਧੀਨ ਪੰਜਾਬ ਦੀ ਪੇਂਡੂ ਪ੍ਰਾਇਮਰੀ ਸਿੱਖਿਆ ਸਬੰਧੀ ਵਰਨਣ ਕੀਤੀਆਂ ਕਮੀਆਂ ਨੂੰ ਵਾਚਿਆ ਹੈ ਤੇ ਉਹਨਾ ਉਤੇ ਅਮਲ ਕਰਨ ਜਾਂ ਕਰਾਉਣ ਦਾ ਕੋਈ ਵਿਸ਼ੇਸ਼ ਉਪਰਾਲਾ ਕਰਨ ਲਈ ਪੰਜਾਬ ਸਰਕਾਰ ਨੂੰ ਕਿਹਾ ਗਿਆ। ਰਿਪੋਰਟ ਅਨੁਸਾਰ ਬਹੁਤੀ ਪੇਂਡੂ ਸਰਕਾਰੀ ਸਕੂਲਾਂ ਕੋਲ ਚੰਗਾ ਬੁਨਿਆਦੀ ਢਾਂਚਾ ਨਹੀਂ। ਪੇਂਡੂ ਸਰਕਾਰੀ ਸਕੂਲਾਂ 'ਚ ਅਧਿਆਪਕਾਂ ਦੀ ਕਮੀ ਹੈ। ਇਹਨਾ ਪੇਂਡੂ ਸਕੂਲ 'ਚ ਆਮ ਤੌਰ ਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਅਤੇ ਘੱਟ ਆਮਦਨ ਵਾਲੇ ਮਾਪਿਆਂ ਦੇ ਬੱਚੇ ਹੀ ਸਿੱਖਿਆ ਲੈਂਦੇ ਹਨ। ਸਾਲ 2016 'ਚ ਪੇਸ਼ ਇਹ ਰਿਪੋਰਟ ਦੱਸਦੀ ਹੈ ਕਿ ਪੇਂਡੂ ਸਕੂਲਾਂ ਦੀ ਪੜ੍ਹਾਈ ਦੀ ਸਥਿਤੀ ਬਹੁਤ ਭੈੜੀ ਹੈ। ਬੱਚੇ ਸਧਾਰਨ ਸਵਾਲਾਂ ਦੇ ਜਵਾਬ ਨਹੀਂ ਦੇ ਸਕੇ। ਹਿੰਦੀ, ਅੰਗਰੇਜ਼ੀ ਤਾਂ ਉਹਨਾ ਪੜ੍ਹਨੀ ਕੀ ਹੈ, ਆਪਣੀ ਮਾਂ-ਬੋਲੀ ਪੰਜਾਬੀ ਵੀ ਉਹਨਾ ਨੂੰ ਲਿਖਣੀ ਨਹੀਂ ਆਉਂਦੀ। ਸਰਕਾਰੀ ਅਧਿਕਾਰੀਆਂ, ਕਰਮਚਾਰੀਆਂ ਜਿਹਨਾ 'ਚ ਆਈ.ਏ.ਐਸ., ਕਲਰਕ, ਸੇਵਾਦਾਰ ਤੱਖ ਸ਼ਾਮਲ ਹਨ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਦਾਖ਼ਲ ਨਹੀਂ ਕਰਵਾਉਂਦੇ। ਸਕੂਲੀ ਪ੍ਰਬੰਧ ਵਿੱਚ ਸਿਆਸੀ ਦਖ਼ਲ ਦੀ ਭਰਮਾਰ ਹੈ। ਪੇਂਡੂ ਪ੍ਰਾਇਮਰੀ ਸਕੂਲਾਂ 'ਚ ਕੁਝ ਮਾਪੇ ਆਪਣੇ ਬੱਚਿਆਂ ਨੂੰ ਸਿਰਫ਼ ਦੁਪਿਹਰ ਦਾ ਭੋਜਨ ਖੁਆਉਂਣ ਅਤੇ ਸਕੂਲ ਵਰਦੀਆਂ ਲਈ ਸਕੂਲ ਭੇਜਦੇ ਹਨ।

ਇਸ ਰਿਪੋਰਟ 'ਚ ਇਹ ਵੀ ਹੈਰਾਨੀ ਪ੍ਰਗਟ ਕੀਤੀ ਗਈ ਸੀ ਕਿ ਵਧੀਆ ਤਨਖ਼ਾਹਾਂ ਲੈਣ ਵਾਲਾ, ਅੱਛੀਆਂ ਯੋਗਤਾਵਾਂ ਵਾਲਾ, ਅਤੇ ਇੱਕ ਚੰਗੇ ਸੁਘੜ ਆਈ.ਏ.ਐਸ. ਦੀ ਨਿਗਰਾਨੀ ਵਾਲੇ ਅਫ਼ਸਰ ਦੀ ਦੇਖ-ਰੇਖ 'ਚ ਕੰਮ ਕਰ ਰਿਹਾ ਸਿੱਖਿਆ ਸਟਾਫ ਤੇ ਸਕੂਲ ਪ੍ਰਬੰਧਨ, ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ (ਜਿਥੇ ਚੰਗੇ ਅਧਿਆਪਕਾਂ ਦੀ ਵੀ ਕਮੀ ਹੁੰਦੀ ਹੈ) ਕਿਧਰੇ ਵੀ ਨਹੀਂ ਟਿਕਦਾ। ਰਿਪੋਰਟ 'ਚ ਇਹ ਤੱਥ ਸਾਹਮਣੇ ਲਿਆਂਦੇ ਗਏ ਕਿ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ, ਪ੍ਰਾਈਵੇਟ ਨੌਕਰੀਆਂ ਛੱਡਕੇ ਸਰਕਾਰੀ ਅਧਿਆਪਕ ਤਦ ਬਣਦੇ ਹਨ ਕਿਉਂਕਿ ਇਥੇ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਘੱਟ ਕੰਮ ਕਰਨਾ ਪੈਂਦਾ ਹੈ ਤੇ ਤਨਖ਼ਾਹ ਵੱਧ ਮਿਲਦੀ ਹੈ। ਰਿਪੋਰਟ 'ਚ ਦਰਜ਼ ਹੈ ਕਿ ਸਰਕਾਰੀ ਸਕੂਲਾਂ 'ਚ ਚੰਗੇ, ਮਾੜੇ ਟੀਚਰ ਦੀ ਵੀ ਪਹਿਚਾਣ ਨਹੀਂ ਕੀਤੀ ਜਾਂਦੀ ਤੇ ਸਭਨਾਂ ਨੂੰ ਬਿਨਾ ਰੋਕ-ਟੋਕ ਤਰੱਕੀ ਮਿਲਦੀ ਰਹਿੰਦੀ ਹੈ। ਰਿਪੋਰਟ 'ਚ ਟੀਚਰਾਂ ਤੋਂ ਲਏ ਜਾ ਰਹੇ ਗੈਰ-ਅਧਿਆਪਨ ਕੰਮ ਲੈਣ ਉਤੇ ਚਿੰਤਾ ਪ੍ਰਗਟ ਕੀਤੀ ਹੈ। ਇਸ ਰਿਪੋਰਟ 'ਚ ਚਿੰਤਾ ਪ੍ਰਗਟ ਕੀਤੀ ਗਈ ਸੀ ਕਿ ਜੇਕਰ ਪ੍ਰਾਇਮਰੀ ਸਿੱਖਿਆ ਦੇ ਇਸੇ ਤਰ੍ਹਾਂ ਮੰਦੜੇ ਹਾਲ ਰਹੇ ਖ਼ਾਸ ਕਰਕੇ ਪੇਂਡੂ ਪ੍ਰਾਇਮਰੀ ਸਿੱਖਿਆ ਦੇ ਰਹੇ ਤਾਂ ਪੰਜਾਬ ਪੜ੍ਹਿਆ ਲਿਖਿਆਂ ਦਾ ਅਨਪੜ੍ਹ ਸੂਬਾ ਬਣਿਆ ਦਿਸੇਗਾ।

ਆਓ ਆਪਾ ਮੌਜੂਦਾ ਮੁੱਢਲੀ ਸਿੱਖਿਆ ਦੇ ਮਿਆਰ ਤੇ ਪ੍ਰਬੰਧਨ ਉਤੇ ਝਾਤ ਮਾਰਦੇ ਹਾਂ:

ਕੋਵਿਡ-19 ਦਾ ਪ੍ਰਭਾਵ ਜਿਥੇ ਹੋਰ ਖੇਤਰਾਂ ਉਤੇ ਵਿਆਪਕ ਵੇਖਣ ਨੂੰ ਮਿਲ ਰਿਹਾ ਹੈ, ਉਥੇ ਖ਼ਾਸ ਕਰਕੇ ਸਕੂਲੀ ਸਿੱਖਿਆ ਉਤੇ ਇਸਦੀ ਮਾਰ ਵੱਡੀ ਹੈ। ਇਸ ਮਾਰ ਵਿਚੋਂ ਸਕੂਲ ਵਿਦਿਆਰਥੀਆਂ ਨੂੰ ਬਾਹਰ ਕੱਢਣ ਲਈ ਅਤੇ ਆਨ-ਲਾਈਨ ਪੜ੍ਹਾਈ ਅਤੇ ਦੂਰਦਰਸ਼ਨ ਕਲਾਸਾਂ ਰਾਹੀਂ ਬੱਚਿਆਂ ਨੂੰ ਸਿੱਖਿਆ ਦੇਣ ਦਾ ਬਦਲ ਵਿਭਾਗ ਵਲੋਂ ਚੁਣਿਆ ਗਿਆ ਹੈ। ਇਸ ਮਾਮਲੇ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਵੀ ਜਾ ਰਿਹਾ ਹੈ। ਪਰ ਅਸਲ ਵਿੱਚ ਜ਼ਮੀਨੀ ਹਕੀਕਤਾਂ ਕੀ ਹਨ? ਸਰਕਾਰੀ ਸਕੂਲਾਂ ਦੇ ਕਿੰਨੇ ਬੱਚਿਆਂ ਦੇ ਮਾਪਿਆਂ ਕੋਲ ਮੋਬਾਇਲ ਫੋਨ ਹਨ? ਕਿੰਨੇ ਮਾਪੇ ਆਪਣੇ ਛੋਟੇ ਬੱਚਿਆਂ ਦੀਆਂ ਆਨ-ਲਾਈਨ ਕਲਾਸਾਂ ਲਗਾਉਣ ਲਈ ਸਮਾਂ ਕੱਢ ਸਕਦੇ ਹਨ, ਜਦਕਿ ਉਹਨਾ ਕੋਲ ਤਾਂ ਮੋਬਾਇਲ ਫੋਨ ਹੀ ਨਹੀਂ ਹਨ। ਉਹਨਾ ਨੂੰ ਤਾਂ ਬੱਚਿਆਂ ਦੀ ਰੋਟੀ ਦਾ ਪ੍ਰਬੰਧ ਕਰਨ ਲਈ ਮਜ਼ਦੂਰੀ ਲਈ ਘਰੋਂ ਜਾਣਾ ਪੈਂਦਾ ਹੈ। ਘਰੇਲੂ ਔਰਤਾਂ ਤਾਂ ਵੱਡੇ ਘਰਾਂ 'ਚ ਭਾਂਡੇ ਮਾਜਣ, ਝਾੜੂ ਬੁਹਾਰੀ ਦਾ ਕੰਮ ਕਰਨ 'ਚ ਰੁਝੀਆਂ ਰਹਿੰਦੀਆਂ ਹਨ ਤੇ ਮਰਦ ਜਿਥੇ ਕਿਧਰੇ ਕੰਮ ਮਿਲਦਾ ਹੈ, ਉਧਰ ਭੱਜੇ ਨੱਸੇ ਫਿਰਦੇ ਹਨ। ਉਹਨਾ ਕੋਲ ਬੱਚੇ ਨੂੰ ਪੜ੍ਹਾਈ ਕਰਾਉਣ ਦਾ ਸਮਾਂ ਕਿਥੇ ਹੈ?

ਅੰਕੜਿਆਂ ਦੀ ਖੇਡ:

ਅਸਲ ਵਿੱਚ ਤਾਂ ਪੰਜਾਬ ਦਾ ਸਿੱਖਿਆ ਵਿਭਾਗ ਵੱਡੇ ਅੰਕੜੇ ਵਿਖਾਕੇ ਪੰਜਾਬ 'ਚ ਸਿੱਖਿਆ ਦੇ ਸੁਧਾਰ ਦੀਆਂ ਟਾਹਰਾਂ ਮਾਰਦਾ ਦਿੱਖ ਰਿਹਾ ਹੈ। ਅਸਲੀਅਤ ਵਿੱਚ ਸਕੂਲ ਮਹਿਕਮੇ 'ਚ ਕੀ ਹੋ ਰਿਹਾ ਹੈ? ਕੀ ਸਕੂਲਾਂ 'ਚ ਮੁਢੱਲੀਆਂ ਸਹੂਲਤਾਂ ਹਨ? ਕੀ ਸਕੂਲਾਂ 'ਚ ਕਮਰੇ ਤੇ ਹੋਰ ਸਮਾਨ ਦੀ ਵਿਵਸਥਾ ਹੈ? ਕੀ ਸਕੂਲ ਕੋਲ ਅਧਿਆਪਕ ਵਿਦਿਆਰਥੀਂ ਗਿਣਤੀ ਅਨੁਪਾਤ ਅਨੁਸਾਰ ਪੂਰੇ ਹਨ? ਕੀ ਵਿਦਿਆਰਥੀਆਂ ਲਈ ਸਕੂਲਾਂ 'ਚ ਪਖਾਨੇ ਹਨ , ਜੇ ਹਨ ਤਾਂ ਕੀ ਉਹਨਾ ਦੀ ਸਾਫ਼-ਸਫ਼ਾਈ ਲਈ ਨਿਯਮਤ ਕਰਮਚਾਰੀ ਹਨ? ਕੀ ਸਰਕਾਰ ਜਾਣਦੀ ਹੈ ਕਿ ਯੂਪੀ ਬਿਹਾਰ ਤੋਂ ਆਏ ਮਜ਼ਦੂਰਾਂ ਦੇ ਬੱਚੇ, ਜੋ ਪ੍ਰਾਇਮਰੀ ਸਕੂਲਾਂ ਵਿੱਚ ਦਾਖ਼ਲ ਕਰਵਾ ਦਿੱਤੇ ਜਾਂਦੇ ਹਨ, ਉਹ ਜਦੋਂ ਮਾਪਿਆਂ ਨਾਲ ਆਪਣੇ ਸੂਬਿਆਂ 'ਚ ਚਲੇ ਜਾਂਦੇ ਹਨ ਤਾਂ ਵੀ ਉਹਨਾ ਦੀ ਹਾਜ਼ਰੀ ਟੀਚਰਾਂ ਵਲੋਂ ਮਜ਼ਬੂਰਨ ਰਜਿਸਟਰਾਂ ਉਤੇ ਖਾਨਾਪੂਰਤੀ ਲਈ ਲਗਾਈ ਜਾਂਦੀ ਰਹਿੰਦੀ ਹੈ।

ਸਕੂਲਾਂ 'ਚ ਇੰਸਪੈਕਟਰੀ ਰਾਜ:

ਅੰਕੜਿਆਂ ਦੀ ਪ੍ਰਾਪਤੀ ਹਾਸਲ ਕਰਨ ਲਈ ਆਨਲਾਈਨ ਸਿਖਿਆ ਦੇ ਨਾਮ ਉੱਤੇ ਕਰਮਚਾਰੀਆਂ ਦੇ ਹੱਕਾਂ ਉੱਤੇ ਡਾਕਾ ਮਾਰਿਆ ਜਾ ਰਿਹਾ ਹੈ, ਹਰ ਰੋਜ਼ ਤਿੰਨ-ਚਾਰ ਜ਼ੂਮ ਮੀਟਿੰਗਾਂ ਹੁੰਦੀਆਂ ਹਨ। ਮੀਟਿੰਗਾਂ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਅਤੇ ਰਾਤ ਨੂੰ 8-9 ਵਜੇ ਤੱਕ ਵੀ ਚੱਲਦੀਆਂ ਹਨ। ਉਹਨਾ ਦੀ ਕੋਈ ਨਿੱਜੀ ਜ਼ਿੰਦਗੀ ਹੀ ਨਹੀਂ ਰਹਿ ਗਈ। ਐਤਵਾਰ ਨੂੰ ਟੈਸਟ, ਬੇਲੋੜੀਆਂ ਅਤੇ ਬੇਵਕਤੀਆਂ ਮੀਟਿੰਗਾਂ, ਕਹਿਣ ਨੂੰ ਤਾਂ ਸਭ ਕੁਝ ਆਨਲਾਈਨ ਹੋ ਰਿਹਾ ਹੈ ਪਰ ਕੋਵਿਡ ਦੇ ਦਿਨਾਂ ਵਿੱਚ ਅਧਿਆਪਕਾਂ ਨੂੰ ਘਰ-ਘਰ ਜਾਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਅਧਿਆਪਕਾਂ ਨੂੰ 100 ਫ਼ੀਸਦੀ ਨਤੀਜੇ ਦੇਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਇਸ ਕਰਕੇ ਬਹੁਤੇ ਅਧਿਆਪਕ ਨਾ ਚਾਹੁੰਦੇ ਹੋਏ ਵੀ ਆਪਣੇ ਮੋਬਾਈਲਾਂ ਤੋਂ ਖੁਦ ਹੀ ਪੇਪਰ ਕਰਕੇ ਝੂਠਾ ਡਾਟਾ ਭੇਜ ਰਹੇ ਹਨ। ਆਨਲਾਈਨ ਡਾਟਾ ਵੀ ਇੱਕ ਵੱਡੇ ਘਪਲੇ ਦਾ ਹਿੱਸਾ ਹੈ। ਸਿੱਖਿਆ ਉੱਤੇ ਇੰਸਪੈਕਟਰੀ ਰਾਜ ਲਾਗੂ ਕਰ ਦਿੱਤਾ ਗਿਆ ਹੈ। ਸਿੱਖਿਆ ਵਿਭਾਗ ਦੀ ਵਿਤੀ ਹਾਲਤ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ 2018 ਅਤੇ 2019 ਵਿੱਚ ਹਜ਼ਾਰਾਂ ਅਧਿਆਪਕਾਂ ਨੂੰ ਕਈ-ਕਈ ਵਾਰੀ ਚੰਡੀਗੜ੍ਹ ਬੁਲਾ ਕੇ ਕਰਵਾਈਆਂ ਜਾਂਦੀਆਂ ਟਰੇਨਿੰਗਾਂ ਦਾ ਕਿਸੇ ਨੂੰ ਇੱਕ ਪੈਸਾ ਵੀ ਸਫ਼ਰੀ ਭੱਤਾ ਨਹੀਂ ਦਿੱਤਾ ਗਿਆ। ਸਕੂਲ ਪ੍ਰਬੰਧਨ ਦੀ ਹਾਲਤ ਇਤਨੀ ਪਤਲੀ ਹੈ ਕਿ ਕਿਤਾਬਾਂ ਦੀ ਛਪਾਈ ਆਪਣੀਆਂ ਲਾਡਲੀਆਂ ਫਰਮਾਂ ਤੋਂ ਕਰਵਾਉਣ ਕਰਕੇ ਸਕੂਲਾਂ ਵਿੱਚ ਅਜੇ ਤੱਕ ਵੀ ਕੁਝ ਕਿਤਾਬਾਂ ਨਹੀਂ ਪਹੁੰਚੀਆਂ। ਪ੍ਰੀ ਪ੍ਰਾਇਮਰੀ ਸਕੂਲਾਂ ਵਿੱਚ ਚਾਲੂ ਕਰ ਦਿੱਤੀ ਗਈ ਹੈ ਪਰ ਪ੍ਰੀ ਪ੍ਰਾਇਮਰੀ ਦਾ ਅਜੇ ਤੱਕ ਕੁਝ ਵੀ ਸਕੂਲਾਂ ਕੋਲ ਨਹੀਂ ਪਹੁੰਚਿਆ।

ਪੰਜਾਬੀ ਉੱਤੇ ਜ਼ਬਰਦਸਤੀ ਅੰਗਰੇਜ਼ੀ ਲਾਗੂ:

ਸਕੂਲਾਂ ਦੀਆਂ ਕੰਧਾਂ ਉੱਤੇ ਰੰਗ ਥੱਪਣ ਨੂੰ ਹੀ ਸਮਾਰਟ ਸਕੂਲ ਬਣਾਉਣਾ ਕਿਹਾ ਜਾ ਰਿਹਾ ਹੈ। ਸਕੂਲਾਂ ਵਿੱਚ ਕਮਰਿਆਂ ਦੀ ਬੁਰੀ ਤਰ੍ਹਾਂ ਘਾਟ ਹੈ ਪਰ ਨਾਮ ਸਮਾਰਟ ਸਕੂਲ ਹੈ। ਬਹੁਤ ਸਾਰੇ ਸਕੂਲਾਂ ਕੋਲ ਬਿਜਲੀ ਦੇ ਕੁਨੈਕਸ਼ਨ ਹੀ ਨਹੀਂ ਹਨ। ਮਾਲਵੇ ਵਿੱਚ ਸਕੂਲੀ ਬੱਚਿਆਂ ਨੂੰ ਦੂਸ਼ਿਤ ਪਾਣੀ ਪੀਣਾ ਪੈ ਰਿਹਾ ਹੈ, ਕਿਉਂਕਿ ਕੋਈ ਆਰਓ ਸਿਸਟਮ ਨਹੀਂ ਲਗਾਏ। ਸਕੂਲਾਂ ਵਿੱਚ ਪੰਜਾਬੀ ਉਤੇ ਜਬਰਦਸਤੀ ਅੰਗਰੇਜ਼ੀ ਥੋਪ ਦਿੱਤੀ ਗਈ ਹੈ ਇਹ ਜਾਣਦਿਆਂ ਵੀ ਕਿ ਬੱਚਾ ਆਪਣੀ ਮਾਂ-ਬੋਲੀ ਵਿੱਚ ਹੀ ਸਹੀ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਕਿਸੇ ਅਧਿਕਾਰੀ ਨੇ ਇਹ ਸੋਚਣ ਦਾ ਯਤਨ ਹੀ ਨਹੀਂ ਕੀਤਾ ਕਿ ਇਸ ਕਾਰਵਾਈ ਦਾ ਬੱਚਿਆਂ ਉਤੇ ਕੀ ਅਸਰ ਪਵੇਗਾ?

ਗੈਰ ਜ਼ਰੂਰੀ ਭਾਰ:

ਪ੍ਰਾਇਮਰੀ ਸਕੂਲਾਂ ਦੇ ਕਲਸਟਰ ਇੰਚਾਰਜਾਂ ਨੂੰ ਪ੍ਰਬੰਧਕੀ ਪੋਸਟ ਤਾਂ ਕਹਿ ਦਿੱਤਾ ਗਿਆ ਹੈ ਪਰ ਉਹਨਾਂ ਵਿੱਚੋਂ ਜ਼ਿਆਦਾ ਕੋਲ ਕੋਈ ਦਫ਼ਤਰੀ ਕਮਰਾ ਨਹੀਂ। ਹੱਦੋ ਵੱਧ ਰਿਕਾਰਡ ਮੰਗਿਆ ਜਾ ਰਿਹਾ ਹੈ ਪਰ ਕੋਈ ਸਹਾਇਕ ਨਹੀਂ ਦਿੱਤਾ, ਕੋਈ ਕੰਪਿਊਟਰ ਜਾਂ ਪ੍ਰਿੰਟਰ ਨਹੀਂ ਦਿੱਤੇ। ਉਹਨਾ ਨੂੰ ਹਰ ਰੋਜ਼ ਦੋ-ਦੋ ਸਕੂਲ ਵਿਜ਼ਿਟ ਕਰਨ ਦੇ ਹੁਕਮ ਹਨ ਪਰ ਕੋਈ ਸਫ਼ਰੀ ਭੱਤਾ ਨਹੀਂ ਦਿੱਤਾ ਜਾ ਰਿਹਾ। ਸਿੱਧੀ ਭਰਤੀ ਰਾਹੀਂ ਪ੍ਰਮੋਟ ਕੀਤੇ ਅਧਿਆਪਕਾਂ ਉੱਤੇ ਧੱਕੇ ਨਾਲ ਤਿੰਨ ਸਾਲ ਦਾ ਪ੍ਰੋਬੇਸ਼ਨ ਪੀਰੀਅਡ ਲਗਾ ਦਿੱਤਾ ਗਿਆ ਹੈ ਜਦੋਂ ਕਿ ਕਾਨੂੰਨੀ ਤੌਰ ਤੇ ਇੱਕ ਸਾਲ ਹੀ ਬਣਦਾ ਹੈ। ਪਰ ਕਿਸੇ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਕਈ ਅਧਿਆਪਕ ਜੱਥੇਬੰਦੀਆਂ ਸੰਘਰਸ਼ ਦੇ ਰਾਹ ਪਈਆਂ ਹਨ। ਅਤੇ ਅਧਿਆਪਕ ਯੂਨੀਅਨ ਨੇਤਾਵਾਂ ਨੂੰ ਮੁਅੱਤਲ ਕੀਤਾ ਜਾ ਰਿਹਾ ਹੈ ਅਤੇ ਨੌਕਰੀ ਤੋਂ ਕੱਢਣ ਦੇ ਨੋਟਿਸ ਦਿੱਤੇ ਜਾ ਰਹੇ ਹਨ।

ਬੱਚਿਆਂ ਨੂੰ ਵਰਦੀਆਂ ਦੇਣ ਲਈ ਸਿਰਫ 600 ਰੁਪਏ ਪ੍ਰਤੀ ਬੱਚਾ:

ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਤੱਕ 600 ਰੁਪਏ ਪ੍ਰਤੀ ਬੱਚਾ ਰਕਮ ਦਿੱਤੀ ਜਾਂਦੀ ਹੈ। ਪਰ ਉਪਰੋਂ ਹੁਕਮ ਇਹ ਚਾੜ੍ਹਿਆ ਜਾਂਦਾ ਹੈ ਕਿ ਇਸ ਨਾਲ ਪੈਂਟ, ਕਮੀਜ਼, ਬੂਟ, ਜਰਸੀ, ਦੁਪੱਟਾ, ਟਾਈ ਅਤੇ ਬੈਲਟ ਆਦਿ ਸਭ ਕੁਝ ਹੀ ਖਰੀਦ ਕੇ ਦਿੱਤਾ ਜਾਵੇ। ਕੀ ਸਾਡੇ ਸਿੱਖਿਆ ਸ਼ਾਸਤਰੀਆਂ, ਉੱਚ ਅਫਸਰਾਂ ਜਾਂ ਵੱਡੇ ਨੇਤਾਵਾਂ ਨੂੰ ਇੰਨੀ ਵੀ ਜਾਣਕਾਰੀ ਨਹੀਂ ਕਿ 600 ਰੁਪਏ ਵਿੱਚ ਇੰਨੀਆਂ ਚੀਜ਼ਾਂ ਕਿਵੇਂ ਖਰੀਦੀਆਂ ਜਾ ਸਕਦੀਆਂ ਹਨ ? ਨਾਲੇ ਪਹਿਲੀ ਅਤੇ ਅੱਠਵੀਂ ਜਮਾਤ ਦੇ ਬੱਚੇ ਦੇ ਪਹਿਨਣ ਦੇ ਖਰਚੇ ਇੱਕੋ ਜਿਹੇ ਕਿਵੇਂ ਹੋ ਸਕਦੇ ਹਨ ? ਕਈ ਸਕੂਲ ਪ੍ਰਬੰਧਕ ਕਮੇਟੀਆਂ ਸਕੂਲਾਂ ਦੇ ਵਿੱਦਿਆਰਥੀਆਂ ਨੂੰ ਬਰਦੀਆਂ ਦੇਣ ਲਈ ਆਪਣੇ ਫੰਡਾਂ ਵਿੱਚੋਂ ਰਕਮ ਖਰਚਦੀਆਂ ਹਨ। ਲੋੜ ਵੇਲੇ ਬਿਜਲੀ ਦੇ ਬਿੱਲ ਦਿੰਦਿਆਂ ਹਨ ਅਤੇ ਪੀਟੀਏ ਫੰਡਾਂ ਵਿੱਚੋਂ ਟੀਚਰ 2000 ਰੁਪਏ ਤੋਂ 3000 ਰੁਪਏ ਮਾਸਿਕ ਤਨਖ਼ਾਹ ਉਤੇ ਭਰਤੀ ਕਰਦੀਆਂ ਹਨ ਤਾਂ ਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਸਰਕਾਰੀ ਅਧਿਆਪਕਾਂ ਦੀ ਸਕੂਲਾਂ ਵਿੱਚ ਕਮੀ ਕਾਰਨ ਨਾ ਹੋਵੇ।

ਸਕੂਲੀ ਖੇਡਾਂ:

ਪ੍ਰਾਇਮਰੀ ਸਕੂਲਾਂ ਦੀਆਂ ਸਾਲਾਨਾ ਸਕੂਲੀ ਖੇਡਾਂ ਲਈ ਕੋਈ ਵੀ ਸਰਕਾਰੀ ਫੰਡ ਨਹੀਂ ਦਿੱਤਾ ਜਾਂਦਾ। ਇਸ ਕਾਰਨ ਖਿਡਾਰੀਆਂ ਦੇ ਖਾਣ-ਪੀਣ ਅਤੇ ਇਨਾਮਾਂ ਆਦਿ ਲਈ ਕੋਈ ਵੀ ਰਕਮ ਨਹੀਂ ਹੁੰਦੀ। ਕਈ ਵਾਰੀ ਤਾਂ ਇੰਜ ਹੁੰਦਾ ਹੈ ਕਿ ਕਲਸਟਰ ਪੱਧਰ ਦੀਆਂ ਖੇਡਾਂ ਵਿੱਚ ਤਾਂ ਅਧਿਆਪਕ ਆਪਣੀ ਜੇਬ ਵਿਚੋਂ ਜਾਂ ਪੀਟੀਏ ਫੰਡਾਂ 'ਚੋ ਖਰਚ ਕਰ ਲੈਂਦੇ ਹਨ ਅਤੇ ਬੱਚਿਆਂ ਦੇ ਖਾਣ-ਪੀਣ ਅਤੇ ਇਨਾਮਾਂ ਆਦਿ ਲਈ ਪ੍ਰਬੰਧ ਕਰ ਲੈਂਦੇ ਹਨ। ਪਰ ਜਦੋਂ ਉਹੀ ਬੱਚੇ ਬਲਾਕ ਪੱਧਰ ਉੱਤੇ ਹੋਣ ਵਾਲੇ ਮੁਕਾਬਲਿਆਂ ਵਿੱਚ ਪਹੁੰਚਦੇ ਹਨ ਤਾਂ ਉੱਥੇ ਅਜਿਹਾ ਕੋਈ ਉਪਰਾਲਾ ਨਾ ਹੋਣ ਕਾਰਨ ਉਹ ਬਿਨਾ ਕਿਸੇ ਇਨਾਮ ਦੇ ਹੀ ਵਾਪਸ ਮੁੜਦੇ ਹਨ। ਇਹੋ ਜਿਹੀ ਹਾਲਤ ਵਿੱਚ ਬੱਚਿਆਂ ਤੋਂ ਵੱਡੇ ਮੈਡਲਾਂ ਦੀ ਪ੍ਰਾਪਤੀ ਦੀ ਆਸ ਰੱਖਣਾ ਕਿਥੋਂ ਤੱਕ ਜਾਇਜ਼ ਹੈ?

ਅਸਲ ਸਥਿਤੀ

ਅੱਜ ਦੀ ਕੌੜੀ ਸਚਾਈ ਇਹ ਹੈ ਕਿ ਸਰਕਾਰੀ ਵਿਵਸਥਾ ਨੇ ਅਧਿਆਪਕਾਂ ਨੂੰ ਅਧਿਆਪਕ ਘੱਟ ਅਤੇ ਕਲਰਕ ਵੱਧ ਬਣਾ ਰੱਖਿਆ ਹੈ। ਸਵੇਰ ਦੀ ਹਾਜ਼ਰੀ ਲਾਉਂਦਿਆਂ ਹੀ ਕਿਸੇ 'ਅਤਿ-ਜਰੂਰੀ ਮੀਟਿੰਗ' ਦਾ ਸੁਨੇਹਾ ਮਿਲ ਜਾਂਦਾ ਹੈ। ਬਲੈਕ ਬੋਰਡ ਉੱਤੇ ਲਿਖਣ ਲਈ ਚਾਕ ਚੁੱਕਿਆ ਹੀ ਹੁੰਦਾ ਹੈ ਕਿ ਕੋਈ ਅਜਿਹਾ ਸਰਕਾਰੀ ਫੋਨ ਆਉਂਦਾ ਹੈ ਕਿ ਬੰਦਾ ਪੜ੍ਹਾਈ ਭੁੱਲ ਕੇ ਫਾਈਲਾਂ ਵਿੱਚ ਗੁਆਚ ਜਾਂਦਾ ਹੈ। ਇੱਕ ਅਫਸਰ ਤਾਂ ਇਹ ਹੁਕਮ ਚਾੜ੍ਹਦਾ ਹੈ ਕਿ ਸਰਕਾਰੀ ਡਿਊਟੀ ਸਮੇਂ ਸੋਸ਼ਲ ਮੀਡੀਆ ਦੀ ਵਰਤੋਂ ਨਹੀਂ ਕਰਨੀ ਪਰ ਦੂਜੇ ਅਫਸਰ ਦਾ ਫੋਨ ਆ ਜਾਂਦਾ ਹੈ ਕਿ ਆਪਣਾ ਵਟਸਅੱਪ ਕਿਉਂ ਨਹੀਂ ਚਲਾਇਆ, ਕਿੰਨੀ ਜਰੂਰੀ ਜਾਣਕਾਰੀ ਮੰਗੀ ਸੀ, ਤੁਸੀਂ ਇਕੱਲੇ ਹੀ ਰਹਿ ਗਏ ਹੋ।

ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਚਪੜਾਸੀ, ਚੌਕੀਦਾਰ, ਰਸੋਈਆ, ਸਫਾਈ ਸੇਵਕ, ਕਲਰਕ, ਚੋਣ ਕਰਮਚਾਰੀ, ਸਰਵੇਖਣ ਕਰਤਾ, ਮਰਦਮਸ਼ੁਮਾਰੀ-ਕਰਤਾ, ਸਿਹਤ ਅਧਿਕਾਰੀ ਅਤੇ ਖੇਡ ਕੋਚ ਤੋਂ ਲੈ ਕੇ ਡਾਕੀਏ ਤੱਕ ਸਭ ਕੁਝ ਖੁਦ ਹੀ ਬਣਨਾ ਪੈਂਦਾ ਹੈ। ਇਸ ਤਰਾਂ ਦੇ ਹਾਲਾਤ ਵਿੱਚ ਅਧਿਆਪਕ ਬਣਨ ਜੋਗਾ ਉਹਨਾਂ ਕੋਲ ਸਮਾਂ ਹੀ ਨਹੀਂ ਬਚਦਾ। ਇਸੇ ਤਰਾਂ ਸਕੂਲ ਦੇ ਪਖਾਨਿਆਂ ਨੂੰ ਸਾਫ਼ ਕਰਨ ਲਈ ਕੋਈ ਵੀ ਆਦਮੀ ਦਿਹਾੜੀ ਉੱਤੇ ਵੀ ਨਹੀਂ ਮਿਲਦਾ ਅਤੇ ਇਹ ਕੰਮ ਬੱਚਿਆਂ ਨਾਲ ਮਿਲ ਕੇ ਹਰ ਰੋਜ਼ ਕਈ ਵੇਰ ਅਧਿਆਪਕਾਂ ਨੂੰ ਹੀ ਕਰਨਾ ਪੈਂਦਾ ਹੈ। ਹਰ ਮਹੀਨੇ ਵਿੱਚ ਦੋ ਵਾਰੀ ਤਾਂ ਪਖਾਨੇ ਸਾਫ਼ ਕਰਨ ਲਈ ਅਜਿਹਾ ਯੁੱਧ ਲਾਉਣਾ ਪੈਂਦਾ ਹੈ ਕਿ ਵੇਖਣ ਵਾਲਾ ਮੰਨਣ ਨੂੰ ਤਿਆਰ ਹੀ ਨਹੀਂ ਹੁੰਦਾ ਕਿ ਇਹ ਬੰਦਾ ਸਕੂਲ ਦਾ 'ਮੁੱਖ ਅਧਿਆਪਕ' ਹੈ।

ਉਠ ਰਹੇ ਸਵਾਲ:

ਸਰਕਾਰ ਇਹ ਗੱਲ ਜਾਣਦੀ ਹੈ ਕਿ ਪੇਂਡੂ ਅਤੇ ਬਾਰਡਰ ਖੇਤਰ ਦੇ ਪ੍ਰਾਇਮਰੀ ਪੇਂਡੂ ਸਕੂਲਾਂ ਵਿੱਚ ਅਧਿਆਪਕਾਂ ਦੀ ਵੱਡੀ ਤੋਟ ਹੈ। ਫਿਰ ਵੀ ਉਥੇ ਅਧਿਆਪਕ ਭਰਤੀ ਕਿਉਂ ਨਹੀਂ ਕੀਤੇ ਜਾ ਰਹੇ?

ਪੰਜਾਬ ਦੇ ਸਰਕਾਰੀ ਸਕੂਲਾਂ 'ਚ ਪਹਿਲੀ ਤੋਂ ਬਾਹਰਵੀਂ ਤੱਕ ਵਿੱਦਿਆਰਥੀਆਂ ਦੀ ਸਿੱਖਿਆ ਦਾ ਮਾਧਿਅਮ ਪੰਜਾਬੀ ਹੈ। ਸਰਕਾਰ ਵਲੋਂ 14700 ਸਕੂਲਾਂ ਵਿੱਚ ਅੰਗਰੇਜੀ ਵਾਧੂ ਵਿਸ਼ੇ ਵਜੋਂ ਪੜ੍ਹਾਉਣੀ ਸ਼ੁਰੂ ਕੀਤੀ ਗਈ ਹੈ, ਜਿਹਨਾ ਵਿੱਚ 9546 ਪ੍ਰਾਇਮਰੀ ਸਕੂਲ ਸ਼ਾਮਲ ਹਨ। ਇਸ ਸਕੀਮ ਅਧੀਨ ਬਹੁਤ ਘੱਟ ਵਿੱਦਿਆਰਥੀਆਂ ਨੇ ਅਪਾਣੀ ਪੜ੍ਹਾਈ ਲਈ ਅੰਗਰੇਜ਼ੀ ਨੂੰ ਇਸ ਕਰਕੇ ਮਾਧਿਅਮ ਨਹੀਂ ਚੁਣਿਆ ਕਿਉਂਕ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਹੈ। ਉਂਜ ਵੀ ਅਧਿਆਪਕਾਂ ਅਨੁਸਾਰ ਜੇਕਰ ਬੱਚੇ ਆਪਣੀ ਮਾਂ-ਬੋਲੀ ਪੰਜਾਬੀ 'ਚ ਆਪਣੀ ਸਿੱਖਿਆ ਪ੍ਰਾਪਤ ਕਰਨ ਤੇ ਖੁਸ਼ ਹਨ ਤਾਂ ਉਹਨਾ ਉਤੇ ਗੈਰ-ਜ਼ਰੂਰੀ ਢੰਗ ਨਾਲ ਮੁੱਢਲੇ ਸਾਲਾਂ ਵਿੱਚ ਹੋਰ ਭਾਸ਼ਾਵਾਂ ਦਾ ਬੋਝ ਪਾ ਕੇ ਉਹਨਾ ਨੂੰ ਕੱਚ -ਘਰੜ ਸਿੱਖਿਆ ਦੇਣ ਲਈ ਮਜ਼ਬੂਰ ਕਿਉਂ ਕੀਤਾ ਜਾ ਰਿਹਾ ਹੈ?

ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਪੂਰੀ ਕਰਨ ਲਈ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ, ਜਿਸ ਵਿੱਚ ਸਕੂਲਾਂ ਦੇ ਕਮਰੇ, ਪੀਣ ਵਾਲਾ ਪਾਣੀ, ਲੈਟਰੀਨਾਂ ਦੀ ਸੁਵਿਧਾ, ਸਫਾਈ ਸੇਵਕਾਂ ਦੀ ਭਰਤੀ ਅਤੇ ਬੱਚਿਆਂ ਨੂੰ ਪੜ੍ਹਾਉਣ ਲਈ ਹੋਰ ਸਾਧਨ, ਵਿਤੀ ਸੰਕਟ ਅਤੇ ਸਿੱਖਿਆ ਉਤੇ ਘੱਟ ਬਜ਼ਟ ਮਿਲਣ ਦੇ ਨਾਂ ਉਤੇ ਸਕੂਲਾਂ ਦੇ ਹਾਲਾਤ ਠੀਕ ਕਰਨ ਲਈ ਯਤਨ ਨਾ ਕਰਨਾ, ਕੀ ਸਰਕਾਰ ਵਲੋਂ ਸਿੱਖਿਆ ਖੇਤਰ ਪ੍ਰਤੀ ਬੇਧਿਆਨੀ ਅਤੇ ਅਣਗਿਹਲੀ ਨਹੀਂ ਦਿਖਾਉਂਦਾ? ਸਰਕਾਰ ਵਲੋਂ ਬੱਚਿਆਂ ਨੂੰ ਮੁੱਢਲੀ ਸਿੱਖਿਆ ਨੂੰ ਸਰਕਾਰ ਦੇ ਫਰਜ਼ ਵਜੋਂ ਭੁਲਾ ਕੇ, ਕੁਝ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਪੀਪੀਪੀ ਮੋਡ (ਪਬਲਿਕ ਪ੍ਰਾਇਵੇਟ ਪਾਰਟਨਰਸ਼ਿਪ ਮੋਡ) ਅਧੀਨ ਲਿਆਉਣਾ ਕੀ ਗਰੀਬ ਅਤੇ ਲੋੜਬੰਦ ਲੋਕਾਂ ਦੇ ਬੱਚਿਆਂ ਨੂੰ, "ਸਭਨਾ ਲਈ ਇਕੋ ਜਿਹੀ ਸਿੱਖਿਆ" ਦੇ ਹੱਕ ਉਤੇ ਇੱਕ ਡਾਕਾ ਮਾਰਨ ਦੇ ਤੁਲ ਨਹੀਂ ਗਿਣਿਆ ਜਾਏਗਾ? ਕੀ ਇਹ ਸਿੱਖਿਆ ਦੇ ਨਿ-ਜੀਕਰਨ ਅਤੇ ਵਪਾਰੀਕਰਨ ਵੱਲ ਵਧਦਾ ਸਿੱਖਿਆ ਵਿਭਾਗ ਦਾ ਅਗਲਾ ਕਦਮ ਤਾਂ ਨਹੀਂ?

ਪੈਸਿਆਂ ਕਾਰਨ ਪੁੱਤ ਨੇ ਹੀ ਕੀਤਾ ਪਿਓ ਦਾ ਕਤਲ, ਪੁਲਿਸ ਦੀ ਜਾਂਚ 'ਚ ਹੋਇਆ ਖ਼ੁਲਾਸਾ

ਮਲਸੀਆਂ- ਮਾਲੂਪੁਰ ਵਿਖੇ ਖੇਤਾਂ 'ਚ ਬਣੇ ਇੱਕ ਡੇਰੇ ਤੋਂ ਬੀਤੇ ਦਿਨੀ 70 ਸਾਲ ਦੇ ਬਜੁਰਗ ਦੀ ਲਾਸ਼ ਮਿਲੀ ਸੀ, ਜਿਸ ਦਾ ਕਿ ਕਤਲ ਕੀਤਾ ਗਿਆ ਸੀ। ਇਸ ਅੰਨ੍ਹੇ ਕਤਲ ਦੀ ਗੁੱਥੀ ਐੱਸ ਆਈ ਮੁੱਖ ਥਾਣਾ ਅਫਸਰ ਸ਼ਾਹਕੋਟ ਅਤੇ ਪੁਲਿਸ ਪਾਰਟੀ ਵੱਲੋਂ 48 ਘੰਟਿਆਂ ਵਿੱਚ ਕਤਲ ਕੇਸ ਨੂੰ ਟਰੇਸ ਕਰਕੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ। ਜਿਸ ਵਿੱਚ ਕਿ ਬਜੁਰਗ ਦਾ ਬੇਟਾ ਹੀ ਉਸ ਦਾ ਕਾਤਲ ਨਿਕਲਿਆ। ਕਤਲ ਦਾ ਕਾਰਨ ਪੈਸਿਆਂ ਦਾ ਲੈਣ ਦੇਣ ਦੱਸਿਆ ਜਾ ਰਿਹਾ ਹੈ।

ਇਸ ਸਬੰਧੀ ਅੱਜ ਡੀਐੱਸਪੀ ਸ਼ਾਹਕੋਟ ਵਰਿੰਦਰਪਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਹਰਬੰਸ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਪਿੰਡ ਮਾਲੂਪੁਰ ਦੇ ਤਿੰਨ ਬੇਟੇ ਸਨ, ਇੱਕ ਬੇਟਾ ਮੇਜਰ ਸਿੰਘ ਦੀ ਮੌਤ ਹੋ ਚੁੱਕੀ ਸੀ, ਅਤੇ ਗੁਰਵਿੰਦਰ ਸਿੰਘ ਮੇਜਰ ਸਿੰਘ ਦਾ ਬੇਟਾ ਆਪਣੇ ਪਿਓ ਦੀ ਜਾਇਦਾਦ ਦਾ ਵਾਰਿਸ ਬਣ ਗਿਆ ਸੀ। ਤਿੰਨੋਂ ਬੇਟਿਆਂ ਦੇ ਮਾਲੂਪੁਰ 'ਚ ਆਪਣੇ-ਆਪਣੇ ਵੱਖਰੇ ਮਕਾਨ ਹਨ। ਇਸੇ ਤਰ੍ਹਾਂ ਤਿੰਨਾ ਨੇ ਖੇਤਾਂ 'ਚ ਹੀ ਆਪਣੇ-ਆਪਣੇ ਹਵੇਲੀ (ਡੇਰੇ) ਬਣਾਈ ਹੋਈ ਸੀ। ਹਰਬੰਸ ਸਿੰਘ ਬੀਤੇ ਕਰੀਬ 6 ਮਹੀਨੇ ਤੋਂ ਲਹਿੰਬਰ ਸਿੰਘ ਨਾਲ ਰਹਿ ਰਿਹਾ ਸੀ ਜਦ ਕਿ ਪਹਿਲਾਂ ਤਿੰਨਾ ਬੇਟਿਆਂ ਕੋਲ ਵਾਰੀ-ਵਾਰੀ ਰਹਿੰਦਾ ਸੀ। ਲਹਿੰਬਰ ਸਿੰਘ ਨੇ ਡੇਰੇ ਤੇ 8-10 ਮੱਝਾਂ ਰੱਖੀਆਂ ਹੋਇਆ ਸਨ ਅਤੇ ਹਰਬੰਸ ਸਿੰਘ ਉਨ੍ਹਾਂ ਦੀ ਦੇਖ ਰੇਖ ਲਈ ਉਥੇ ਹੀ ਰਹਿੰਦਾ ਸੀ। ਤੀਜਾ ਬੇਟਾ ਪਿਆਰਾ ਸਿੰਘ ਨੇ 8-10 ਗਾਵਾਂ ਰੱਖਿਆ ਸਨ ਅਤੇ ਲੋਕਾਂ ਦੇ ਘਰਾਂ 'ਚ ਦੁੱਧ ਵੀ ਪਾਉਂਦਾ ਸੀ।

ਹਰਬੰਸ ਸਿੰਘ ਨੇ ਪਿਆਰਾ ਸਿੰਘ ਨੂੰ ਆਪਣੇ ਬੈਂਕ ਖਾਤੇ 'ਚ ਵਾਰਿਸ ਬਣਾਇਆ ਹੋਇਆ ਸੀ। ਹਰਬੰਸ ਸਿੰਘ ਦੇ ਨਾਮ ਤੇ ਕਰੀਬ 7 ਏਕੜ ਜਮੀਨ ਸੀ, ਜਿਸ ਵਿੱਚੋ 5 ਏਕੜ ਉਹ ਆਪਣੇ ਤਿੰਨੋ ਬੇਟਿਆ 'ਚ ਵੰਡ ਚੁੱਕਾ ਸੀ ਅਤੇ ਕਰੀਬ ਪੌਣੇ 2 ਏਕੜ ਉਸ ਦੇ ਆਪਣੇ ਹੀ ਨਾਮ ਤੇ ਸੀ। ਪਿਆਰਾ ਸਿੰਘ ਨੇ ਆਪਣੇ ਪਿਤਾ ਹਰਬੰਸ ਸਿੰਘ ਦੇ ਨਾਮ ਤੋਂ ਬੈਂਕ ਵਿੱਚੋਂ ਲਿਮਿਟ ਦੇ 2 ਲੱਖ ਰੁਪਏ ਚੁੱਕੇ ਸਨ। ਹਰਬੰਸ ਸਿੰਘ ਬੀਤੇ ਕੁੱਝ ਦਿਨਾਂ ਤੋਂ ਉਹ ਪੈਸੇ ਵਾਪਿਸ ਮੰਗ ਰਿਹਾ ਸੀ। ਘਟਨਾ ਵਾਲੇ ਦਿਨ ਪਿਆਰਾ ਸਿੰਘ ਨੇ ਮਲਸੀਆਂ ਸਰਾਬ ਦੇ ਠੇਕੇ ਤੋਂ ਅੱਧੀਆਂ ਸਰਾਬ ਦਾ ਲਿਆ ਅਤੇ ਕਰੀਬ 9 ਵਜੇ ਖੇਤਾਂ 'ਚ ਬਣੇ ਡੇਰੇ ਤੇ ਚਲਾ ਗਿਆ।

ਉਸ ਦਿਨ ਲਹਿੰਬਰ ਸਿੰਘ ਅਤੇ ਗੁਰਵਿੰਦਰ ਸਿੰਘ ਖੇਤਾਂ ਤੋਂ ਜਲਦੀ ਘਰ ਚਲੇ ਗਏ ਸਨ। ਪਿਆਰਾ ਸਿੰਘ ਨੇ 9 ਵਜੇ ਜਾ ਕੇ ਬਰਾਂਡੇ 'ਚ ਲੇਟੇ ਹੋਏ ਹਰਬੰਸ ਸਿੰਘ ਨਾਲ ਝਗੜਾ ਕੀਤਾ ਅਤੇ ਤੈਸ਼ ਵਿੱਚ ਆਏ ਪਿਆਰਾ ਸਿੰਘ ਨੇ ਨੇੜੇ ਹੀ ਪਈ ਕਹੀ ਨਾਲ ਹਰਬੰਸ ਸਿੰਘ ਤੇ ਵਾਰ ਕੀਤਾ। ਹਰਬੰਸ ਸਿੰਘ ਰੋਲਾ ਪਾਉਦਾ ਹੋਇਆ ਬਾਹਰਲੇ ਗੇਟ ਵੱਲ ਭੱਜਿਆ ਅਤੇ ਡਿੱਗ ਪਿਆ ਜਿਸ ਤੇ ਪਿਆਰਾ ਸਿੰਘ ਨੇ ਕਹੀ ਨਾਲ ਉਸ ਦੇ ਸਿਰ ਤੇ ਕਈ ਵਾਰ ਕੀਤੇ ਅਤੇ ਹਰਬੰਸ ਸਿੰਘ ਦੀ ਥਾਂ ਤੇ ਹੀ ਮੌਤ ਹੋ ਗਈ।

ਉਨ੍ਹਾਂ ਦੱਸਿਆ ਕਿ ਪਿਆਰਾ ਸਿੰਘ ਦੀ ਨਿਸ਼ਾਨਦੇਹੀ ਤੇ ਕਹੀ ਅਤੇ ਵਾਰਦਾਤ ਸਮੇਂ ਪਹਿਨੇ ਹੋਏ ਕੱਪੜੇ ਵੀ ਬਰਾਮਦ ਕਰ ਲਏ ਗਏ ਹਨ। ਪਿਆਰਾ ਸਿੰਘ ਖਿਲਾਫ ਆਈ ਪੀ ਦੀ ਧਾਰਾ 302 ਅਧੀਨ ਦਰਜ ਕੇਸ 'ਚ 201 ਦਾ ਵਾਧਾ ਕੀਤਾ ਜਾਵੇਗਾ। ਫਿਲਹਾਲ ਪਿਆਰਾ ਸਿੰਘ 3 ਦਿਨਾਂ ਪੁਲਿਸ ਰਿਮਾਂਡ 'ਤੇ ਹੈ।

ਫ਼ਰੀਦਕੋਟ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ’ਤੇ ਇੱਕ ਝਾਤ

ਪ੍ਰਮੋਦ ਧੀਰ ਜੈਤੋ
91-98550-31081

7 ਅਗਸਤ 1972 ਨੂੰ ਫਰੀਦਕੋਟ ਸ਼ਹਿਰ ਨੂੰ ਪੰਜਾਬ ਦਾ ਜ਼ਿਲਾ ਬਣਾਇਆ ਗਿਆ । ਫਿਰ ਨਵੰਬਰ 1995 ਵਿੱਚ ਫਰੀਦਕੋਟ ਜ਼ਿਲੇ ਵਿਚੋਂ ਮੋਗਾ ਅਤੇ ਸ਼੍ਰੀ ਮੁਕਤਸਰ ਸਾਹਿਬ ਅਲੱਗ ਨਵੇਂ ਜ਼ਿਲੇ ਬਣਾ ਦਿੱਤੇ ਗਏ ਜਿਸ ਕਾਰਣ ਫਰੀਦਕੋਟ ਜ਼ਿਲੇ ਦਾ ਖੇਤਰ ਕਾਫੀ ਘਟ ਗਿਆ। ਇਸਦਾ ਕੁੱਲ ਖੇਤਰਫਲ 1475.70 ਵਰਗ ਕਿਲੋਮੀਟਰ ਹੈ। ਇਸ ਜ਼ਿਲੇ ਵਿੱਚ ਇੱਕ ਲੋਕ ਸਭਾ ਦੀ ਸੀਟ ਅਤੇ ਕੁੱਲ ਤਿੰਨ ਅਸੈਂਬਲੀ ਸੀਟਾਂ ਫਰੀਦਕੋਟ,ਕੋਟਕਪੂਰਾ ਅਤੇ ਜੈਤੋ ਹਨ। ਫਰੀਦਕੋਟ ਦੇ ਕੁੱਲ 181 ਪਿੰਡ ਅਤੇ 3 ਨਗਰ ਕੌਂਸਲਾਂ ਹਨ। ਫਰੀਦਕੋਟ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ ਵੀ ਬਣੀ ਹੋਈ ਹੈ ਜਿੱਥੇ ਡਾਕਟਰੀ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ। ਸਿੱਖਿਆ ਦੇ ਖੇਤਰ ਪੱਖੋਂ ਫਰੀਦਕੋਟ ਹੁਣ ਕਾਫੀ ਤਰੱਕੀ ਕਰ ਚੁੱਕਾ ਹੈ। ਆਉ ਇਸਦੀ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ਬਾਰੇ ਜਾਣਦੇ ਹਾਂ।

12ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਦੇਸ਼ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਫ਼ਰੀਦਕੋਟ ਦੀ ਸਿੱਖ ਰਿਆਸਤ ਦੁਨੀਆਂ ਦੇ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਹੈ। 12ਵੀਂ ਸਦੀ ਤੱਕ ਫ਼ਰੀਦਕੋਟ ਨੂੰ ਮੋਕਲ ਨਗਰ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ, ਉਸ ਸਮੇਂ ਰਾਜਾ ਮੋਕਲਦੇਵ ਇੱਥੋਂ ਦਾ ਸ਼ਾਸ਼ਕ ਸੀ ਅਤੇ ਉਹਨਾਂ ਨੇ ਬਾਬਾ ਫ਼ਰੀਦ ਜੀ ਦੀ ਫੇਰੀ ਦੌਰਾਨ ਇਸ ਸ਼ਹਿਰ ਦਾ ਨਾਮ ਫ਼ਰੀਦਕੋਟ ਰੱਖਿਆ। ਫ਼ਰੀਦਕੋਟ 16ਵੀਂ ਸਦੀ ਤੱਕ ਅਨੇਕਾਂ ਲੋਕਾਂ ਦੇ ਹੱਥਾਂ ਵਿੱਚ ਰਿਹਾ। ਅੰਤ ਵਿੱਚ ਇਸ ’ਤੇ ਬਰਾੜ ਵੰਸ਼ ਦਾ ਕਬਜ਼ਾ ਹੋ ਗਿਆ। ਕਾਫ਼ੀ ਸਮਾਂ ਬਰਾੜ ਚੌਧਰੀਆਂ ਦਾ ਇਲਾਕੇ ’ਤੇ ਕਬਜਾ ਰਿਹਾ। ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਪਹਿਚਾਣ ਵਾਲੀ ਫ਼ਰੀਦਕੋਟ ਰਿਆਸਤ ਸਤਲੁਜ ਦਰਿਆ ਦੇ ਦੱਖਣ ਵਾਲੇ ਕੰਡੇ ’ਤੇ ਸਥਾਪਿਤ ਕੀਤੀ ਗਈ ਸੀ ਅਤੇ ਇਹ ਲਾਹੌਰ ਤੋਂ 105 ਕਿਲੋਮੀਟਰ ਦੂਰ ਹੈ। ਮੁਗ਼ਲ ਰਾਜਭਾਗ ਦੀ ਸਮਾਪਤੀ ਤੋਂ ਬਾਅਦ ਇਸ ਉੱਪਰ ਬਰਾੜ ਵੰਸ਼ ਦੇ ਰਾਜਾ ਪਹਾੜਾ ਸਿੰਘ ਦਾ ਕਬਜਾ ਹੋ ਗਿਆ। 1849 ਵਿੱਚ ਪਹਾੜਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ 21 ਸਾਲਾ ਪੁੱਤਰ ਵਜ਼ੀਰ ਸਿੰਘ (1849-1874) ਇਸ ਰਿਆਸਤ ਦੇ ਰਾਜਾ ਰਹੇ। ਵਜੀਰ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੂੰ (1874-1898) ਨੂੰ ਫ਼ਰੀਦਕੋਟ ਸਿੱਖ ਰਿਆਸਤ ’ਤੇ ਰਾਜਭਾਗ ਕਰਨ ਦਾ ਮੌਕਾ ਮਿਲਿਆ। ਮਹਾਰਾਜਾ ਬਿਕਰਮ ਸਿੰਘ ਨੇ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਈ 25 ਹਜ਼ਾਰ ਰੁਪਏ ਖਰਚ ਕੀਤੇ। ਬਿਕਰਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਬਲਬੀਰ ਸਿੰਘ (1898-1906) ਫ਼ਰੀਦਕੋਟ ਦੇ ਸ਼ਕਤੀਸ਼ਾਲੀ ਸ਼ਾਸ਼ਕ ਵਜੋਂ ਉੱਭਰੇ। ਸੰਨ 1906 ਤੋਂ 1916 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਰੀਜੰਸੀ ਦਾ ਕਬਜਾ ਰਿਹਾ। 1916 ਵਿੱਚ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਫ਼ਰੀਦਕੋਟ ਦਾ ਕਾਰਜ ਭਾਗ ਸੰਭਾਲਿਆ। ਉਹਨਾਂ ਫ਼ਰੀਦਕੋਟ ਰਿਆਸਤ ਵਿੱਚ ਆਲੀਸ਼ਾਨ ਇਮਾਰਤਾਂ ਅਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਸ ਮੌਕੇ ਪਹਿਲਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਅਤੇ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ 17 ਲੱਖ ਰੁਪਏ ਕਰਜੇ ਵਜੋਂ ਦਿੱਤੇ ਅਤੇ ਬ੍ਰਿਟਿਸ਼ ਸਰਕਾਰ ਨੂੰ ਹਥਿਆਰ, ਘੋੜੇ, ਊਠ ਅਤੇ 2800 ਦੇ ਕਰੀਬ ਫੌਜ਼ੀ ਜਵਾਨ ਵੀ ਭੇਜੇ ਜਿਸ ਤੋਂ ਉਹਨਾਂ ਦੇ ਬ੍ਰਿਟਿਸ਼ ਸਰਕਾਰ ਨਾਲ ਸੰਬੰਧ ਹੋਰ ਵੀ ਗੂੜ੍ਹੇ ਹੋ ਗਏ। ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਇਸ ਸਹਾਇਤਾ ਤੋਂ ਖੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਨਮਾਨ ਵਜੋਂ ਉਸਨੂੰ ਮੇਜਰ ਰੈਂਕ ਦੀ ਉਪਾਧੀ ਦੇ ਦਿੱਤੀ। ਪਰੰਤੂ ਉਹ ਬਹੁਤਾ ਸਮਾਂ ਰਾਜ ਭਾਗ ਨਹੀਂ ਕਰ ਸਕੇ ਅਤੇ 1918 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ। ਸੰਨ 1918-1934 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਐਡਮਨਿਸਟਰੇਸ਼ਨ ਦਾ ਕੰਮ ਚਲਾਊ ਪ੍ਰਬੰਧ ਰਿਹਾ। ਬਰਾੜ ਵੰਸ਼ ਦੇ ਆਖਰੀ ਰਾਜਾ ਹਰਿੰਦਰ ਸਿੰਘ ਨੇ 17 ਅਕਤੂਬਰ 1934 ਨੂੰ ਫ਼ਰੀਦਕੋਟ ਰਿਆਸਤ ਦੇ ਰਾਜੇ ਵਜੋਂ ਕਾਰਜ ਭਾਗ ਸੰਭਾਲਿਆ। ਉਹਨਾਂ ਨੇ ਆਪਣੇ ਸਮੇਂ ਵਿੱਚ ਫ਼ਰੀਦਕੋਟ ਸਿੱਖ ਰਿਆਸਤ ਵਿੱਚ ਵਿਲੱਖਣ ਇਮਾਰਤਾਂ ਦਾ ਨਿਰਮਾਣ ਕਰਵਾਇਆ ਅਤੇ ਉਚਤਮ ਸਿੱਖਿਆ ਦੇ ਪ੍ਰਬੰਧ ਕੀਤੇ। ਕਮਰਸ ਦਾ ਕਾਲਜ ਪਿਸ਼ਾਵਰ ਅਤੇ ਦਿੱਲੀ ਤੋਂ ਬਾਅਦ ਇੱਕਲੇ ਫ਼ਰੀਦਕੋਟ ਵਿੱਚ ਹੀ ਮੌਜ਼ੂਦ ਸੀ। ਰਾਜਾ ਹਰਿੰਦਰ ਸਿੰਘ ਨੇ ਬ੍ਰਿਜਿੰਦਰਾ ਕਾਲਜ, ਯੂਨੀਅਰ ਬੇਸਿਕ ਟਰੇਨਿੰਗ ਸਕੂਲ ਬ੍ਰਿਕਰਮ ਕਾਲਜ ਆਫ਼ ਕਮਰਸ, ਖੇਤੀਬਾੜੀ ਕਾਲਜ, ਆਰਟ ਤੇ ਕਰਾਫ਼ਟ ਸਕੂਲ ਉਸ ਸਮੇਂ ਫ਼ਰੀਦਕੋਟ ਰਿਆਸਤ ਵਿੱਚ 8 ਹਾਈ ਸਕੂਲ ਅਤੇ ਹਰ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਸਮੇਤ ਸਿਹਤ ਕੇਂਦਰਾਂ ਦਾ ਨਿਰਮਾਣ ਕਰਵਾਇਆ। ਫ਼ਰੀਦਕੋਟ ਵਿੱਚ ਤਿੰਨ ਦਰਜਨ ਤੋਂ ਵੱਧ ਖੂਬਸੂਰਤ ਇਮਾਰਤਾਂ ਦੇ ਨਿਰਮਾਣ ਨੇ ਇੱਥੋਂ ਦੀ ਭਵਨ ਨਿਰਮਾਣ ਕਲਾ ਨੂੰ ਦੁਨੀਆਂ ਵਿੱਚ ਖੂਬ ਪ੍ਰਸਿੱਧੀ ਦਿਵਾਈ। ਹਾਲਾਂਕਿ ਸਮਾਂ ਬੀਤਣ ਨਾਲ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦਾ ਵਜੂਦ ਖਤਮ ਹੋ ਚੁੱਕਾ ਹੈ। ਪਰੰਤੂ ਸਕੱਤਰੇਤ, ਵਿਕਟੋਰੀਆ ਟਾਵਰ, ਲਾਲ ਕੋਠੀ, ਅਰਾਮ ਘਰ, ਅਸਤਬਲ, ਰਾਜ ਮਹਿਲ, ਸ਼ੀਸ਼ ਮਹਿਲ, ਮੋਤੀ ਮਹਿਲ, ਸ਼ਾਹੀ ਕਿਲਾ, ਸ਼ਾਹੀ ਸਮਾਧਾਂ ਆਦਿ ਇਮਾਰਤਾਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਫ਼ਰੀਦਕੋਟ ਰਿਆਸਤ ਦੀਆਂ ਖੂਬਸੂਰਤ ਇਮਾਰਤਾਂ ਲਾਹੌਰ, ਸ਼ਿਮਲਾ ਅਤੇ ਦਿੱਲੀ ਵਿੱਚ ਵੀ ਹਨ। ਰਾਜਾ ਹਰਿੰਦਰ ਸਿੰਘ ਇੱਕ ਕੁਸ਼ਲ ਪ੍ਰਬੰਧਕ ਵਜੋਂ ਵੀ ਮਕਬੂਲ ਹੋਏ। ਉਹਨਾ ਨੇ ਆਪਣੀ ਰਿਆਸਤ ਵਿੱਚ ਭੀਖ ਮੰਗਣ ’ਤੇ ਮੁਕੰਮਲ ਪਾਬੰਦੀ ਲਾਈ ਹੋਈ ਸੀ ਅਤੇ ਦੇਸ਼ ਦੇ ਬਟਵਾਰੇ ਸਮੇਂ ਉਸਨੇ ਆਪਣੀ ਰਿਆਸਤ ਵਿੱਚ ਇੱਕ ਵੀ ਦੰਗਾ ਫ਼ਸਾਦ, ਲੁੱਟ-ਖੋਹ ਜਾਂ ਕਤਲ ਨਹੀਂ ਹੋਣ ਦਿੱਤਾ। ਪਾਕਿਸਤਾਨ ਜਾਣ ਵਾਲੇ ਪਰਿਵਾਰਾਂ ਨੂੰ ਪੂਰੀ ਹਿਫ਼ਾਜ਼ਤ ਨਾਲ ਭੇਜਿਆ ਗਿਆ। ਮਹਾਰਾਜਾ ਹਰਿੰਦਰ ਸਿੰਘ ਨੇ ਆਪਣੇ ਰਾਜਭਾਗ ਦੌਰਾਨ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਇੱਕ ਵਸੀਅਤ ਕੀਤੀ ਸੀ, ਜਿਸ ਵਿੱਚ ਉਸ ਨੇ ਫ਼ਰੀਦਕੋਟ ਰਿਆਸਤ ਦੀਆਂ ਵਿਰਾਸਤੀ ਇਮਾਰਤਾਂ, ਖਜ਼ਾਨਾ, ਜਾਇਦਾਦ ਆਦਿ ਸੰਭਾਲਣ ਲਈ ਮਹਾਂਰਾਵਲ ਖੇਵਾ ਜੀ ਟਰੱਸਟ ਦੀ ਸਥਾਪਨਾ ਕੀਤੀ। ਭਾਰਤ ਸਰਕਾਰ ਨੇ 15 ਜੁਲਾਈ 1948 ਨੂੰ ਫ਼ਰੀਦਕੋਟ ਰਿਆਸਤ ਨੂੰ ਖਤਮ ਕਰਕੇ ਇੱਥੇ ਲੋਕਤੰਤਰ ਸਰਕਾਰ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿੱਚ ਪੰਜਾਬ ਸਰਕਾਰ ਨੇ ਫ਼ਰੀਦਕੋਟ ਰਿਆਸਤ ਦਾ ਵੱਡਾ ਹਿੱਸਾ ਜਾਇਦਾਦ ਅਤੇ ਇਮਾਰਤਾਂ ਨੂੰ ਆਪਣੇ ਕਬਜੇ ਵਿੱਚ ਲੈ ਲਿਆ। ਮਹਾਰਾਜਾ ਹਰਿੰਦਰ ਸਿੰਘ ਫ਼ਰੀਦਕੋਟ ਰਿਆਸਤ ਦੇ ਆਖਰੀ ਰਾਜਾ ਸਨ ਅਤੇ ਉਹਨਾਂ ਦਾ 16 ਅਕਤੂਬਰ 1989 ਨੂੰ ਦੇਹਾਂਤ ਹੋ ਗਿਆ ਸੀ। ਉਹਨਾਂ ਦੀਆਂ ਤਿੰਨ ਬੇਟੀਆਂ ਅਤੇ ਇੱਕ ਬੇਟਾ ਸਨ।



ਇਨ੍ਹਾਂ ਦੇ ਪੁੱਤਰ ਪਿੰਸ ਹਰਮੋਹਿੰਦਰ ਸਿੰਘ ਦਾ ਦੇਹਾਂਤ 1981 ਵਿੱਚ ਹੀ ਹੋ ਗਿਆ ਸੀ। ਫ਼ਰੀਦਕੋਟ ਰਿਆਸਤ ਦਾ ਰਾਜ ਮਹਿਲ ਅਤੇ ਸ਼ਾਹੀ ਕਿਲਾ ਅੱਜ ਵੀ ਆਪਣੀ ਸਦੀ ਪੁਰਾਣੀ ਦਿੱਖ ਨੂੰ ਸੁਰੱਖਿਅਤ ਸਾਂਭੀ ਬੈਠਾ ਹੈ। ਇਸ ਅੰਦਰ ਆਮ ਲੋਕਾਂ ਦੇ ਜਾਣ ’ਤੇ ਮਨਾਹੀ ਹੈ। ਰਾਜ ਮਹਿਲ ਆਪਣੇ ਆਪ ਵਿੱਚ ਦੁਨੀਆਂ ਦੇ ਖੂਬਸੂਰਤ ਮਹਿਲਾਂ ਵਿੱਚੋਂ ਇੱਕ ਹੈ। ਸ਼ਾਹੀ ਕਿਲੇ ਦੇ ਤੋਸ਼ਖਾਨੇ ਵਿੱਚ ਰਿਆਸਤ ਦੇ ਹਥਿਆਰਾਂ ਸਮੇਤ ਦਸਮ ਗੁਰੂ ਸ਼੍ਰੀ ਗੋਬਿੰਦ ਸਿੰਘ ਜੀ ਦਾ ਖੜਗ ਅਤੇ ਢਾਲ ਅੱਜ ਵੀ ਪਈ ਹੈ ਜੋ ਉਹਨਾਂ ਨੇ ਚੌਧਰੀ ਕਪੂਰਾ ਸਿੰਘ ਨੂੰ ਬਖਸ਼ੀ ਸੀ। ਵਿਸ਼ਵ ਪ੍ਰਸਿੱਧ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਨੇ "ਰਿਆਸਤ ਫ਼ਰੀਦ-ਕੋਟ" ਇਤਿਹਾਸ ਅਤੇ ਇਤਿਹਾਸਕ ਇਮਾਰਤਾਂ ਬਾਰੇ ਕਿਤਾਬ ਲਿਖੀ ਹੈ ਜੋ ਕਿ ਸਾਲ 2018 ਵਿੱਚ ਪੀਪਲਜ਼ ਫੋਰਮ ਬਰਗਾੜੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ , ਪੀਪਲਜ਼ ਫੋਰਮ ਤੋਂ ਇਹ ਕਿਤਾਬ ਵੀ.ਪੀ.ਪੀ ਰਾਹੀਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਕਿਤਾਬ ਦੇ ਛਪਣ ਨਾਲ ਫ਼ਰੀਦਕੋਟ ਵਿੱਚ ਪਏ ਸਿੱਖ ਰਿਆਸਤ ਦੇ ਅਮੀਰ ਵਿਰਸੇ ਨੂੰ ਜਾਣਨ ਦਾ ਦੁਨੀਆਂ ਨੂੰ ਮੌਕਾ ਮਿਲਿਆ ਹੈ। ਫ਼ਰੀਦਕੋਟ ਰਿਆਸਤ ਵਿੱਚ ਬਣਾਏ ਸਵਾਗਤੀ ਦਰਵਾਜੇ ਦੁਨੀਆਂ ਦੇ ਸਭ ਤੋਂ ਉੱਤਮ ਭਵਨ ਨਮੂਨਿਆਂ ਦੀ ਮਿਸਾਲ ਪੇਸ਼ ਕਰਦੇ ਹਨ। ਇਸ ਸ਼ਹਿਰ ਵਿੱਚ ਬਾਬਾ ਫ਼ਰੀਦ ਜੀ ਦੀ ਫੇਰੀ ਨੇ ਇਸਦੀ ਵਿਰਾਸਤ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਬਾਬਾ ਫ਼ਰੀਦ ਦੀ ਯਾਦ ਵਿੱਚ ਬਣੇ ਟਿੱਲ੍ਹਾ ਬਾਬਾ ਫ਼ਰੀਦ ਵਿਖੇ ਦੁਨੀਆਂ ਭਰ ਤੋਂ ਬਾਬਾ ਫ਼ਰੀਦ ਜੀ ਦੇ ਸ਼ਰਧਾਲੂ ਇਥੇ ਆਉਂਦੇ ਹਨ ਅਤੇ ਉਹਨਾਂ ਦੀ ਯਾਦ ਵਿੱਚ ਹਰ ਸਾਲ 19 ਤੋਂ 23 ਸਤੰਬਰ ਤੱਕ ਪੰਜ ਰੋਜ਼ਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਸ ਉਤਸਵ ਨੇ ਵੀ ਫ਼ਰੀਦਕੋਟ ਦੀ ਅਮੀਰ ਵਿਰਾਸਤ ਨੂੰ ਦੁਨੀਆਂ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਵਿਰਾਸਤ ਮੇਲੇ ਦਾ ਦਰਜਾ ਦੇ ਦਿੱਤਾ ਹੈ।

ਵਿਰਾਸਤੀ ਰੁੱਖਾਂ ਦੀ ਬਲੀ:- ਚਸ਼ਮਦੀਦ ਦੱਸਦੇ ਹਨ ਕਿ ਫ਼ਰੀਦਕੋਟ ਰਿਆਸਤ ਦੀ ਹੱਦ ਉਸ ਦੇ ਰੁੱਖਾਂ ਤੋਂ ਪਹਿਚਾਣੀ ਜਾਂਦੀ ਸੀ। ਜਿੱਥੋਂ ਤੱਕ ਵੀ ਫ਼ਰੀਦਕੋਟ ਰਿਆਸਤ ਦਾ ਰਾਜ ਭਾਗ ਸੀ, ਉੱਥੋਂ ਤੱਕ ਫ਼ਰੀਦਕੋਟ ਦੇ ਰਾਜੇ ਵੱਲੋਂ ਟਾਹਲੀਆਂ, ਅੰਬ ਅਤੇ ਜਾਮਣ ਦੇ ਬਾਗ਼ ਲਗਵਾਏ ਗਏ ਸਨ। ਫ਼ਰੀਦਕੋਟ ਰਿਆਸਤ ਵਿੱਚ ਘੁਗਿਆਣਾ ਅਤੇ ਸਿੱਖਾਂਵਾਲੇ ਦਾ ਬੀੜ ਵੀ ਸ਼ਾਮਿਲ ਸੀ ਜਿੱਥੇ ਹੁਣ ਕੋਈ ਰੁੱਖ ਨਹੀਂ ਬਚਿਆ ਅਤੇ ਰਿਆਸਤ ਦੇ ਸਾਰੇ ਜੰਗਲ ਵਿੱਚ ਪਹਾੜੀ ਕਿੱਕਰ ਹੀ ਬਾਕੀ ਰਹਿ ਗਏ ਹਨ।

ਚਸ਼ਮਦੀਦਾਂ ਦੀ ਜੁਬਾਨੀ:- ਬ੍ਰਿਟਿਸ਼ ਸਰਕਾਰ ਆਜ਼ਾਦ ਭਾਰਤ ਅਤੇ ਰਿਆਸਤ ਦਾ ਰਾਜਭਾਗ ਆਪਣੇ ਅੱਖੀਂ ਦੇਖਣ ਵਾਲੇ ਬਜ਼ੁਰਗਾਂ ਨੇ ਦੱਸਿਆ ਕਿ ਫ਼ਰੀਦਕੋਟ ਰਿਆਸਤ ਸਮੇਂ ਅਨੁਸ਼ਾਸ਼ਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਸੀ ਅਤੇ ਲੋਕਾਂ ਨੂੰ ਪਹਿਲ ਦੇ ਅਧਾਰ ’ਤੇ ਇਨਸਾਫ਼ ਦਿੱਤਾ ਜਾਂਦਾ ਸੀ। ਉਹਨਾਂ ਕਿਹਾ ਕਿ ਰਿਆਸਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਵਰਗੀ ਕਦੇ ਕੋਈ ਗੱਲ ਸਾਹਮਣੇ ਨਹੀਂ ਆਈ ਸੀ। ਉਹਨਾਂ ਕਿਹਾ ਕਿ ਫ਼ਰੀਦਕੋਟ ਦੇ ਰਾਜੇ ਦਿਆਲੂ , ਪੜ੍ਹੇ-ਲਿਖੇ ਅਤੇ ਅਗਾਂਹ ਵਧੂ ਸ਼ਾਸ਼ਕ ਸਨ।

ਸ਼ਾਹੀ ਸਮਾਧਾਂ:- ਫ਼ਰੀਦਕੋਟ ਰਿਆਸਤ ਦੇ ਪਹਿਲੇ ਰਾਜਾ ਪਹਾੜਾ ਸਿੰਘ ਤੋਂ ਲੈ ਕੇ ਆਖਰੀ ਰਾਜਾ ਹਰਿੰਦਰ ਸਿੰਘ ਦਾ ਅੰਤਿਮ ਸੰਸਕਾਰ ਇੱਥੇ ਹੀ ਕੀਤਾ ਗਿਆ ਸੀ। ਸ਼ਾਹੀ ਪਰਿਵਾਰ ਦੇ ਕਬਰਸਤਾਨ ਨੂੰ ਸ਼ਾਹੀ ਸਮਾਧਾਂ ਦਾ ਨਾਮ ਦਿੱਤਾ ਗਿਆ ਹੈ।

ਸ਼ਾਹੀ ਪਰਿਵਾਰ ਦੀਆਂ ਸਮਾਧਾਂ ਵਾਲੀ ਵਿਸ਼ਾਲ ਇਮਾਰਤ ਦੀ ਦਿੱਖ ਵੀ ਰਿਆਸਤ ਦੀ ਸ਼ਾਹੀ ਠਾਠ ਬਿਆਨ ਕਰਦੀ ਹੈ।

ਮੇਰੀ ਦਿਲੋਂ ਪ੍ਰਮਾਤਮਾ ਅੱਗੇ ਇਹੀ ਦੁਆ ਹੈ ਕਿ ਸ਼ੇਖ ਫਰੀਦ ਜੀ ਦੀ ਚਰਨ ਸ਼ੋ ਪ੍ਰਾਪਤ ਇਹ ਧਰਤੀ ਅਤੇ ਸਮੁੱਚਾ ਜ਼ਿਲਾ ਹੋਰ ਤਰੱਕੀ ਕਰੇ ਅਤੇ ਇਥੋਂ ਦੇ ਲੋਕਾਂ ਵਿੱਚ ਪਿਆਰ,ਨਿਮਰਤਾ, ਮਿਲਵਰਤਨ, ਭਾਈਚਾਰਾ, ਸ਼ਹਿਨਸ਼ੀਲਤਾ ਆਦਿ ਗੁਣ ਘਰ ਕਰ ਜਾਣ ।





ਖੇਤੀ ਆਰਡੀਨੈਂਸ

ਮੱਚ ਗਈ ਹਾਹਾਕਾਰ ਸੋਹਣਿਆ ਲੱਗੀਆਂ ਹੋਣ ਪੜਤਾਲਾਂ
ਕਰਤੇ ਚੱਕੇ ਜਾਮ ਵੇ ਮੱਖਣਾ ਹੋ ਗਈਆਂ ਹੜਤਾਲਾਂ
ਦੁਸ਼ਮਣ ਦਿੱਲੀ ਫੇਰ ਬਣੀ ਕਹਿੰਦੇ ਪਾ ਗਈ ਅੱਖੀਂ ਘੱਟਾ
ਬਣਿਆ ਕੀ ਕਾਨੂੰਨ ਖੇਤੀ ਲਈ ਮੈਨੂੰ ਦੱਸੀਂ ਵੇ ਜੱਟਾ

ਪਤੀ- ਦੱਸਦੇ ਨਾ ਇੱਥੇ ਕੀ ਕੁਝ ਹੋਣਾ ਕਾਨੂੰਨ ਘੜੀ ਤਾਂ ਜਾਂਦੇ
ਭਾਗਵਾਨੇ ਹੁਣ ਦੇਖੀ ਜਾ ਸਭ ਪੁਲਿਸ ਵਾਲੇ ਫੜੀ ਜਾਂਦੇ
ਹਿੱਤ ਸਾਡੇ ਦੀ ਗੱਲ ਨਾ ਕੀਤੀ ਪੈ ਗਿਆ ਗੱਲ ਵਿਚ ਫੰਦਾ
ਵੇਚ ਕੇ ਪਰੇ ਜ਼ਮੀਨ ਆਪਣੀ ਕਰੀਏ ਕੋਈ ਕੰਮ ਧੰਦਾ।

ਪਤਨੀ- ਖੇਤੀ ਖਸਮਾਂ ਸੇਤੀ ਬਣ ਗਈ ਨਾ ਪਿਓ ਦਾਦੇ ਕੁਝ ਖੱਟਿਆ
ਖੱਟਣਾ ਵੀ ਦੱਸ ਕੀ ਵੇ ਸੋਹਣਿਆ ਜਾਂਦਾ ਨਾ ਕੁਝ ਵੱਟਿਆ
ਵਿਹਲੇ ਬੈਠ ਕਾਨੂੰਨ ਤਾਂ ਘੜਦੇ ਲਾਉਂਦੇ ਸਾਰੇ ਹੀ ਸੱਟਾਂ
ਬਣਿਆ ਕੀ ਕਾਨੂੰਨ ਖੇਤੀ ਲਈ ਦੱਸੀ ਵੇ ...

ਪਤੀ- ਪੁੱਤ ਪੋਤਾ ਲਹੁੰਦੇ ਕਰਜਾ ਮਰ ਗਿਆ ਹੋ ਗਏ ਹੱਥ ਖੜ੍ਹੇ
ਜਿਣਸ ਖਰੀਦੋ ਕਿਤੇ ਵੇਚ ਦਿਓ ਹਰ ਥਾਂ ਜੱਟ ਲੜੇ
ਮਰਦਾ ਕੀ ਨਾ ਕਰਦਾ ਜੱਟਾ ਚੱਕ ਲਿਆ ਹੁਣ ਝੰਡਾ
ਵੇਚ ਕੇ ਪਰੇ ਜ਼ਮੀਨ ਆਪਾਂ ਵੀ ਕਰੀਏ .....

ਖੂਹ ਦੀ ਮਿੱਟੀ ਖੂਹ ਨੂੰ ਲੱਗਦੀ ਗੱਲ ਖਾਨੇ ਵਿਚ ਪੈ ਗਈ
ਛੱਡ ਕੇ ਤੁਰ ਗਿਆ ਮੁਲਖ ਬੇਗਾਨੇ ਸਰਕਾਰ ਜੜ੍ਹਾਂ 'ਚ ਬਹਿ ਗਈ
ਤਾਹੀਉਂ 'ਦੇਵ ਘੋਲੀਏ' ਵਾਲੇ ਦਾ ਮਨ ਹੋ ਗਿਆ ਸੀ ਖੱਟਾ
ਬਣਿਆ ਕੀ ਕਾਨੂੰਨ ਖੇਤੀ ਲਈ ਮੈਨੂੰ ਦੱਸੀ ਵੇ ਜੱਟਾ ...

ਪਤੀ- ਇੱਥੇ ਕਰਕੇ ਪਾਸ ਕਾਨੂੰਨ ਲੋਕਾਂ ਲਈ ਪਿੱਛੋਂ ਗੱਲ ਤਾਂ ਕਰਦੇ
ਚਿੜੀਆਂ ਚੁਸ ਜਾਣ ਖੇਤ ਜਦੋਂ ਪਿੱਛੋਂ ਡਹਿ ਡਹਿ ਕੇ ਜੱਟ ਮਰਦੇ
ਫਿਰ ਲਾ ਲੈਂਦੇ ਹੱਥਕੜੀਆਂ ਤੇ ਖੜਕਾਵੇ ਪੁਲਿਸ ਵੀ ਡੰਡਾ
ਵੇਚ ਕੇ ਪਰੇ ਜ਼ਮੀਨ ਆਪਾਂ ਵੀ ਕਰੀਏ ਕੋਈ ਕੰਮ ਧੰਦਾ।

-ਦੇਵ ਘੋਲੀਆ ਖੁਰਦ
(ਫਰਿਜ਼ਨੋ)
559-232-7764

ਪਹਿਲਾਂ ਮਾਰਤੀ ਜਵਾਨੀ, ਹੁਣ ਰੋਲਤੀ ਕਿਸਾਨੀ, ਲੋਕਾਂ ਦੇ ਪੱਲੇ ਪੈ ਗਈ ਲੀਡਰਾਂ ਦੀ ਬੇਈਮਾਨੀ

ਜਗਰੂਪ ਸਿੰਘ ਜਰਖੜ
98143-00722

ਪੰਜਾਬ ਦੇ ਭਵਿੱਖ ਵਿੱਚ ਆਉਣ ਵਾਲੇ ਹਾਲਾਤਾਂ ਬਾਰੇ ਬਹੁਤ ਸਾਰੇ ਲੇਖਕਾਂ ਚਿੰਤਕਾਂ ਅਤੇ ਬੁੱਧੀਜੀਵੀਆਂ ਨੇ ਬਹੁਤ ਸਮਾਂ ਪਹਿਲਾਂ ਹੀ ਲੋਕਾਂ ਨੂੰ ਸਾਵਧਾਨ ਕੀਤਾ ਸੀ ਕਿ ਇਨ੍ਹਾਂ ਰਾਜਨੀਤਕ ਲੀਡਰਾਂ ਨੇ ਪੰਜਾਬ ਨੂੰ ਲੁੱਟ ਪੁੱਟ ਲੈਣਾ ਅਫ਼ਸਰਸ਼ਾਹੀ ਨੇ ਬੇੜਾ ਗਰਕ ਕਰ ਦੇਣਾ ਪਰ ਕਿਸੇ ਨੇ ਵੀ ਇਨ੍ਹਾਂ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜੇਕਰ ਪਿਛਲੇ ਪੱਚੀ ਤੀਹ ਸਾਲ ਦਾ ਹੀ ਪੰਜਾਬ ਦਾ ਲੇਖਾ ਜੋਖਾ ਕਰੀਏ ਜੋ ਮਾੜੇ ਹਾਲਾਤ ਇਨਾਂ ਤਿੰਨ ਦਹਾਕਿਆਂ ਵਿੱਚ ਹੋਏ ਹਨ ਉਹ ਕਦੇ ਵੀ ਨਹੀਂ ਹੋਏ। ਪਹਿਲਾਂ ਪੰਜਾਬ ਦੀ ਸਿੱਖ ਜਵਾਨੀ ਨੂੰ ਖਾੜਕੂਵਾਦ ਦੌਰਾਨ ਮਾਰ ਮੁਕਾਇਆ ਫਿਰ ਉਨ੍ਹਾਂ ਨੂੰ ਨਸ਼ਿਆਂ ਦੀ ਭੇਂਟ ਚੜਾ ਕੇ ਮਾਰਿਆ ਗਿਆ ਥੋੜ੍ਹੀ ਬਹੁਤੇ ਪੜ੍ਹੇ ਲਿਖੇ ਨੌਜਵਾਨ ਬੱਚੇ ਪੰਜਾਬ ਦੇ ਮਾੜੇ ਹਲਾਤਾਂ ਨੂੰ ਦੇਖਦਿਆਂ ਕੈਨੇਡਾ ਅਮਰੀਕਾ ਆਸਟਰੇਲੀਆ ਆਦਿ ਹੋਰ ਮੁਲਕਾਂ ਵਿੱਚ ਚਲੇ ਗਏ ਇਹ ਸਭ ਕੁਝ ਪੰਜਾਬ ਦੇ ਮਾੜੇ ਰਾਜਨੀਤਿਕ ਸਿਸਟਮ ਕਾਰਨ ਹੋਇਆ ਹੁਣ ਅਗਲੀ ਮਾਰ ਪੰਜਾਬ ਦਾ ਅੰਨਦਾਤਾ ਜੋ ਸਾਰੇ ਦੇਸ਼ ਨੂੰ ਅਨਾਜ ਖਿਲਾਉਂਦਾ ਸੀ ਉਹ ਵੀ ਗਰੀਬੀ ਦੀ ਮਾਰ ਅਤੇ ਖੁਦਕੁਸ਼ੀਆਂ ਦੇ ਵੱਸ ਪੈ ਗਿਆ ਰਹਿੰਦੀ ਖੂੰਹਦੀ ਕਸਰ ਕੇਂਦਰ ਸਰਕਾਰ ਨੇ ਕੱਢ ਦਿੱਤੀ ਕਿ ਉਸ ਦੀ ਫਸਲ ਖਰੀਦਣ ਵੇਚਣ ਦੇ ਸਾਰੇ ਹੱਕ ਵੀ ਖੋਹ ਲ਼ਏ ਹਨ ਇਸ ਤੋਂ ਅੱਗੇ ਸਾਰੀਆਂ ਰਾਜਨੀਤਕ ਪਾਰਟੀਆਂ ਕਿਸਾਨਾਂ ਦੀ ਦਿਲੋਂ ਮਦਦ ਕਰਨ ਦੀ ਬਜਾਏ ਉਨ੍ਹਾਂ ਉੱਤੇ ਆਪਣੀ ਰਾਜਨੀਤੀ ਕਰ ਰਹੀਆਂ ਹਨ ਕਿਸੇ ਰਾਜਨੀਤਕ ਪਾਰਟੀ ਨੂੰ ਕਿਸਾਨ ਦਾ ਫਿਕਰ ਨਹੀਂ, ਸਿਰਫ ਆਪਣੀ ਅਗਲੀ ਸਰਕਾਰ ਬਣਾਉਣ ਦਾ ਜਾਂ ਅਗਲੀ ਸਰਕਾਰ ਜਾਣ ਦਾ ਫ਼ਿਕਰ ਲੱਗਿਆ ਹੋਇਆ ਹੈ ਜਦ ਕਿ ਬਹੁਤ ਸਾਰੀਆਂ ਕਿਸਾਨ ਯੂਨੀਅਨ ਅਤੇ ਕਿਸਾਨ ਅਵਾਮ ਆਪਣੇ ਹੱਕਾਂ ਲਈ ਸੜਕਾਂ ਦੇ ਉੱਤੇ ਨਿੱਤਰਿਆ ਹੋਇਆ ਹੈ ਪਰ ਰਾਜਨੀਤਿਕ ਪਾਰਟੀਆਂ ਕਿਸਾਨਾਂ ਦੇ ਸੰਘਰਸ਼ ਵਿੱਚ ਵੀ ਕਿਸਾਨਾਂ ਦੇ ਫ਼ਾਇਦੇ ਦੀ ਬਜਾਏ ਆਪਣਾ ਫਾਇਦਾ ਲੱਭ ਰਹੀਆਂ ਹਨ। ਇਸ ਤੋਂ ਇਲਾਵਾ ਪੰਜਾਬ ਦੇ ਵਿੱਚ ਦਿਨੋਂ ਦਿਨ ਖੇਡਾਂ ਦਾ ਅਤੇ ਖੇਡ ਸੱਭਿਆਚਾਰ ਦਾ ਸੱਤਿਆਨਾਸ ਹੋ ਰਿਹਾ ਹੈ ਸਾਰੇ ਖੇਡ ਵਿੰਗ ਬੰਦ ਹੋ ਗਏ ਹਨ ਖਿਡਾਰੀਆਂ ਲਈ ਮਹਿਕਮਿਆਂ ਨੇ ਨੌਕਰੀਆਂ ਬੰਦ ਕਰ ਦਿੱਤੀਆ ਹਨ। ਬਿਜਲੀ ਬੋਰਡ ਨੇ ਆਪਣਾ ਖੇਡ ਸੈੱਲ ਹੀ ਖਤਮ ਕਰ ਦਿੱਤਾ ਹੈ ਪੰਜਾਬ ਪੁਲੀਸ ਨੇ ਖਿਡਾਰੀਆਂ ਨੂੰ ਨੌਕਰੀਆਂ ਤੋਂ ਹੀ ਝੱਗਾ ਚੱਕ ਦਿੱਤਾ ਹੈ ਮੰਡੀ ਬੋਰਡ ਅਤੇ ਹੋਰ ਸਰਕਾਰੀ ਅਦਾਰਿਆਂ ਵਿੱਚ ਵਿੱਚ ਪਹਿਲਾਂ ਹੀ ਖੇਡਾਂ ਦੀ ਕਹਾਣੀ ਖਤਮ ਹੋ ਚੁੱਕੀ ਹੈ ਸ਼੍ਰੋਮਣੀ ਕਮੇਟੀ ਨੇ ਖੇਡਾਂ ਜਾਂ ਸਿੱਖਿਆ ਦੀ ਤਾਂ ਗੱਲ ਹੀ ਕੀ ਕਰਨੀ ਆਂ ਉਹ ਤਾਂ ਆਪਣੇ ਹੀ ਸਿੱਖ ਇਤਿਹਾਸ ਨੂੰ ਹੀ ਕਲੰਕਿਤ ਕਰਨ ਲੱਗੀ ਹੋਈ ਹੈ। ਇਕ ਅੱਧੇ ਖੇਤਰ ਦੇ ਸਿਸਟਮ ਵਿਚ ਖਰਾਬੀ ਹੋਵੇ ਤਾਂ ਕਿਸੇ ਸੁਝਾਅ ਦੀ ਵੀ ਗੱਲ ਕਰੀਏ ਪਰ ਇੱਥੇ ਤਾਂ ਸਾਰਾ ਆਵਾ ਹੀ ਊਤਿਆ ਫਿਰਦਾ ਹੈ।

ਜਿੱਥੇ ਕਦੇ ਕਿਸੇ ਸਮੇਂ ਖਾਲਸੇ ਦਾ ਰਾਜ ਹੁੰਦਾ ਸੀ ਜੰਮੂ ਕਸ਼ਮੀਰ ਵਰਗੇ ਸਟੇਟ ਦੇ ਵਿੱਚ ਵੀ ਕੇਂਦਰ ਸਰਕਾਰ ਨੇ ਇੱਕ ਯੋਜਨਾ ਤਹਿਤ ਪੰਜਾਬੀ ਭਾਸ਼ਾ ਨੂੰ ਖਤਮ ਕਰ ਦਿੱਤਾ ਗਿਆ ਹੈ ਅਤੇ ਪੰਜਾਬ ਵਿੱਚ ਵੀ ਮਾਂ ਬੋਲੀ ਪੰਜਾਬੀ ਨੂੰ ਇੱਕ ਸਾਜਿਸ਼ ਤਹਿਤ ਖੂੰਝੇ ਲਾਇਆ ਜਾ ਰਿਹਾ ਹੈ। ਨਸ਼ਿਆਂ ਦੀ ਦਲ ਦਲ ਚਿੱਟੇ ਸਮੈਕ ਨੇ ਪੰਜਾਬ ਦੀ ਜਵਾਨੀ ਨੂੰ ਪੂਰੀ ਤਰ੍ਹਾਂ ਜਕੜਿਆ ਹੋਇਆ ਹੈ। ਕਿਸਾਨੀ ਦਾ ਹੱਕ ਮੰਗ ਰਹੇ ਸਾਡੇ ਬਿਰਧ ਮਾਪਿਆਂ ਅਤੇ ਨੌਕਰੀਆਂ ਮੰਗ ਰਹੇ ਨੌਜਵਾਨਾਂ ਤੇ ਸਰਕਾਰ ਡਾਂਗਾਂ ਫੇਰ ਰਹੀ ਹੈ ਸਮਝ ਨਹੀਂ ਆ ਰਹੀ ਹੈ ਕਿ ਪੰਜਾਬ ਕਿੱਧਰ ਨੂੰ ਜਾ ਰਿਹਾ ਹੈ ਉੱਥੇ ਪੰਜਾਬ ਦਾ ਭਵਿੱਖ ਵਿੱਚ ਕੀ ਬਣੇਗਾ ਇਹ ਤਾਂ ਪਤਾ ਨਹੀਂ ਪਰ ਪੰਜਾਬੀਓ ਤੁਸੀ ਜਿਊਣਾ ਹੈ ਕਿ ਮਰਨਾ ਤੁਹਾਡੇ ਹੱਥ ਵਿੱਚ ਹੈ?

ਬੇਸ਼ੱਕ ਆਪਣੇ ਹੱਕਾਂ ਲਈ ਸੰਘਰਸ਼ ਜਾਰੀ ਰੱਖੋ ਪਰ ਜੋ ਪਿਛਲੇ 70 ਸਾਲ ਤੋਂ ਪੰਜਾਬ ਦੇ ਰਾਜਨੀਤੀ ਦੇ ਪੁਰਾਣੇ ਘੜੁੱਕੇ ਤੇ ਹਰ ਪੰਜ ਸਾਲ ਬਾਅਦ ਨਵੀਂ ਤਰਪਾਲ ਪਾਉਂਦੇ ਹੋ ਜੇ ਤਾਂ 2022 ਵਿੱਚ ਇਸ ਤਰਪਾਲ ਦੇ ਨਾਲ ਰਾਜਨੀਤੀ ਦਾ ਘੜੁੱਕਾ ਵੀ ਨਵਾਂ ਲਿਆਵੋਗੇ ਤਾਂ ਫਿਰ ਪੰਜਾਬ ਦੇ ਚੰਗੇ ਭਵਿੱਖ ਦੀ ਕੁਝ ਆਸ ਦੀ ਕਿਰਨ ਨਵਿਆਂ ਵਿੱਚੋਂ ਦਿਸ ਸਕਦੀ ਹੈ ਕਿਉਂਕਿ ਪੁਰਾਣੇ ਅਕਾਲੀ ਕਾਂਗਰਸੀਆਂ ਨੇ ਤਾਂ ਫਿਰ ਵੀ ਆਉਣ ਵਾਲੇ ਸਮੇਂ ਵਿੱਚ ਪਹਿਲਾਂ ਵਾਲੇ ਹੀ ਕੜੀ ਘੋਲਣੀ ਹੈ ਇਹ ਹੁਣ ਵਕਤ ਹੀ ਦੱਸੇਗਾ ਕਿ ਪੰਜਾਬ ਦਾ ਅਵਾਮ ਪੰਜਾਬ ਨੂੰ ਬਚਾਉਂਦਾ ਹੈ ਜਾਂ ਫਿਰ ਰਾਜਨੀਤਿਕ ਪਾਰਟੀਆਂ ਬਾਕੀ ਜੋ ਅੱਜ ਦੇ ਹਾਲਾਤ ਹਨ ਉੱਥੇ ਪੰਜਾਬ ਦਾ ਰੱਬ ਹੀ ਰਾਖਾ !

ਕਾਂਗਰਸੀ ਨੇਤਾ ਟਾਇਟਲਰ ਦੇ ਪੋਸਟਰ ਲਗਾਉਣ ਵਾਲੇ 'ਤੇ ਹਮਲਾ

ਅੰਮ੍ਰਿਤਸਰ- ਕਾਂਗਰਸੀ ਨੇਤਾ ਜਗਦੀਸ਼ ਟਾਇਟਲਰ ਦੇ ਸ਼ਹਿਰ ਵਿਚ ਪੋਸਟਰ ਲਗਵਾਉਣ ਵਾਲੇ ਕਰਮਜੀਤ ਸਿੰਘ ਗਿੱਲ 'ਤੇ ਮੰਗਲਵਾਰ ਦੀ ਰਾਤ ਕੁੱਝ ਲੋਕਾਂ ਨੇ ਹਮਲਾ ਕਰ ਦਿੱਤਾ। ਹਮਲੇ ਵਿਚ ਉਹ ਬਾਲ-ਬਾਲ ਬਚੇ। ਲੇਕਿਨ ਮੁਲਜਮਾਂ ਨੇ ਉਨ੍ਹਾਂ ਦੀ ਕਾਰ ਦਾ ਸ਼ੀਸ਼ਾ ਤੋੜ ਦਿੱਤਾ। ਉੱਧਰ, ਘਟਨਾ ਬਾਰੇ ਪਤਾ ਚੱਲਦੇ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ।

ਮੁਲਜਮਾਂ ਨੇ ਕਰਮਜੀਤ ਸਿੰਘ ਦੇ ਸੁਰੱਖਿਆ ਮੁਲਾਜ਼ਮਾਂ 'ਤੇ ਵੀ ਹਮਲਾ ਕਰਨਾ ਚਾਹਿਆ। ਲੇਕਿਨ ਉਹ ਕਾਮਯਾਬ ਨਹੀਂ ਹੋ ਸਕੇ। ਕਾਂਗਰਸੀ ਨੇਤਾ ਕਰਮਜੀਤ ਸਿੰਘ ਗਿੱਲ ਨੇ ਦੱਸਿਆ ਕਿ ਰਾਤ ਨੂੰ ਉਹ ਆਪਣੀ ਕਾਰ ਵਿਚ ਸਵਾਰ ਹੋ ਕੇ ਘਰ ਦੀ ਤਰਫ ਜਾ ਰਹੇ ਸਨ। ਇਸ ਵਿਚ ਰਸਤੇ ਵਿਚ ਇਕ ਸਵਿਫਟ ਕਾਰ ਅਤੇ ਸਕਾਰਪਿਓ ਨੇ ਉਨ੍ਹਾਂ ਦਾ ਰਸਤਾ ਰੋਕ ਲਿਆ। ਉਨ੍ਹਾਂ ਦੀ ਕਾਰ ਉਥੋਂ ਨਿਕਲ ਨਹੀਂ ਸਕਦੀ ਸੀ। ਦੇਖਦੇ ਹੀ ਦੇਖਦੇ ਨਿਹੰਗ ਦੀਆਂ ਪੋਸ਼ਾਕਾਂ ਪਹਿਨੇ ਕੁੱਝ ਲੋਕ ਉਨ੍ਹਾਂ ਦੀ ਤਰਫ ਭੱਜੇ ਅਤੇ ਮੁੱਕਾ ਮਾਰ ਕੇ ਉਨ੍ਹਾਂ ਦੀ ਕਾਰ ਦਾ ਸ਼ੀਸ਼ਾ ਤੋੜ ਦਿੱਤਾ।

ਹਮਲਾਵਰ ਉਨ੍ਹਾਂ ਨੂੰ ਜਾਨੋਂ ਮਾਰਨ ਅਤੇ ਮਜਾ ਚਖਾਉਣ ਦੀ ਧਮਕੀਆਂ ਦੇ ਰਹੇ ਸਨ। ਜਦੋਂ ਉਨ੍ਹਾਂ ਦੇ ਸੁਰੱਖਿਆ ਮੁਲਾਜ਼ਮਾਂ ਨੇ ਵਿਚ ਬਚਾਅ ਕਰਨਾ ਚਾਹਿਆ ਤਾਂ ਮੁਲਜ਼ਮਾਂ ਨੇ ਉਨ੍ਹਾਂ ਨੂੰ ਵੀ ਧਮਕਾਇਆ। ਜਿਕਰਯੋਗ ਹੈ ਕਿ ਕਾਂਗਰਸੀ ਨੇਤਾ ਜਗਦੀਸ਼ ਟਾਇਟਲਰ ਦੇ ਪੋਸਟਰ ਲਗਾਉਣ ਦੇ ਦੋਸ਼ ਵਿਚ ਸ਼ਹਿਰ ਦੀ ਕੁੱਝ ਸਿੱਖ ਜੱਥੇਬੰਦੀਆਂ ਨੇ ਵਿਰੋਧ ਕੀਤਾ ਸੀ ਅਤੇ ਕਰਮਜੀਤ ਸਿੰਘ ਗਿੱਲ ਨੂੰ ਧਮਕੀਆਂ ਵੀ ਦਿੱਤੀਆਂ ਸੀ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834

Chicago's Pizza with a Twist
Call: 1-209-398-2221

Parvinder Dhesi
Kulwant Sandhu
1471 B St., Unit B, Livingston, CA 95334

ਪੂਨਾ ਕਰਾਰ

ਗਾਂਧੀ ਜੀ ਦੇ, ਮਜਬੂਰ ਕਰਨ ਵਾਲੇ, ਮਰਨ ਵਰਤ ਦੇ ਦਬਾਆਂ ਹੇਠ ਆ ਕੇ, ਅਛੂਤਾਂ ਨੂੰ, ਫਿਰਕੂ-ਫੈਸਲੇ ਨੂੰ ਬਦਲਣ ਲਈ ਮਜਬੂਰ ਹੋਣਾ ਪਿਆ ਅਤੇ ਇਸ ਦੇ ਕਾਰਨ ਅਲੱਗ-ਮਤਦਾਨ ਦੀ ਵਿਵਸਥਾ ਦਾ ਅਧਿਕਾਰ, ਜੋ ਬਰਤਾਨਵੀ, ਪ੍ਰਧਾਨ ਮੰਤਰੀ ਦੁਆਰਾ ਮਨਜੂਰ ਕੀਤਾ ਗਿਆ ਸੀ, ਛੱਡਣਾ ਪਿਆ। ਸਵਰਨ ਜਾਤੀ ਦੇ ਹਿੰਦੂਆਂ ਅਤੇ ਅਛੂਤਾਂ ਦੇ ਵਿਚਕਾਰ ਹੋਏ ਇਸ ਨਵੇਂ ਕਰਾਰ ਨੂੰ ਪੂਨਾ-ਕਰਾਰ ਰਿਹਾ ਜਾਂਦਾ ਹੈ।

ਉਸ ਵੇਲੇ ਦੇ ਪ੍ਰਚੱਲਤ ਹਾਲਤਾਂ ਦਾ ਵਰਨਣ, ਬਾਬਾ ਸਾਹਿਬ, ਡਾ. ਭੀਮ ਰਾਓ ਅੰਬੇਡਕਰ ਨੇ ਖ਼ੁਦ, ਸਭ ਤੋਂ ਵਧੀਆ ਸ਼ਬਦਾਂ ਵਿੱਚ ਹੇਠ ਲਿਖੇ ਅਨੁਸਾਰ ਕੀਤਾ :-

''ਜਿੱਥੋਂ ਤੱਕ ਮੇਰਾ ਸੰਬੰਧ ਹੈ, ਇਹ ਗੱਲ ਮੈਂ ਵਧਾ-ਚੜ੍ਹਾ ਕੇ ਨਹੀਂ ਕਹਿ ਰਿਹਾ ਕਿ ਮੈਂ ਉਸ ਵੇਲੇ ਬਹੁਤ ਵੱਡੀ ਅਤੇ ਗੰਭੀਰ ਦੁਚਿੱਤੀ ਵਿੱਚ ਸੀ। ਇਹ ਗੁੰਝਲਦਾਰ ਸਥਿਤੀ ਸੀ। ਮੈਨੂੰ ਦੋ ਵੱਖ-ਵੱਖ ਵਿਕਲਪਾਂ ਵਿੱਚ ਚੋਣ ਕਰਨੀ ਪੈਣੀ ਸੀ। ਇੱਕ ਪਾਸੇ ਮੇਰਾ ਕਰਤੱਵ ਸੀ ਜੋ ਕਿ ਮਾਨਵਤਾ 'ਤੇ ਆਧਾਰਿਤ ਸੀ ਕਿ ਗਾਂਧੀ ਜੀ ਨੂੰ ਨਿਸ਼ਚਿਤ ਜੋੜ ਤੋਂ ਬਚਾਇਆ ਜਾ ਸਕੇ। ਦੂਜੇ ਪਾਸੇ, ਮੇਰੇ ਸਾਹਮਣੇ ਇਹ ਸਮੱਸਿਆ ਸੀ ਕਿ ਅਛੂਤਾਂ ਦੇ ਰਾਜਨੀਤਕ ਅਧਿਕਾਰਾਂ ਨੂੰ ਬਚਾਇਆ ਜਾ ਸਕੇ, ਉਹ ਹੱਕ-ਹਕੂਕ ਜਿਹੜੇ ਪ੍ਰਧਾਨ ਮੰਤਰੀ ਨੇ ਅਛੂਤਾਂ ਨੂੰ ਦਿੱਤੇ ਸਨ। ਮੈਂ ਮਾਨਵਤਾ ਦੀ ਅਵਾਜ਼ ਸੁਣ ਕੇ, ਗਾਂਧੀ ਜੀ ਦੇ ਜੀਵਨ ਨੂੰ ਬਚਾਇਆ, ਇਸ ਗੱਲ ਨਾਲ ਸਹਿਮਤ ਹੋ ਗਿਆ ਕਿ ਫਿਰਕੂ ਫੈਸਲੇ ਨੂੰ, ਇਸ ਤਰ੍ਹਾਂ ਬਦਲ ਲਿਆ ਜਾਵੇ, ਜਿਸ ਨਾਲ ਗਾਂਧੀ ਜੀ ਸੰਤੁਸ਼ਟ ਹੁੰਦੇ ਹਨ। ਇਸ ਸਮਝੌਤੇ ਨੂੰ ਪੂਨਾ-ਕਰਾਰ ਆਖਦੇ ਹਨ :-

ਪੂਨਾ ਕਰਾਰ ਦੀ ਰੂਪ-ਰੇਖਾ

(1) ਆਮ ਚੋਣਕਾਰ ਸੀਟਾਂ ਵਿੱਚੋਂ, ਦੱਬੇ- ਕੁਚਲੇ ਵਰਗਾਂ ਲਈ, ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ, ਇਸ ਪ੍ਰਕਾਰ ਸੀਟਾਂ ਰਾਖਵੀਆਂ ਹੋਣਗੀਆਂ :-

ਪ੍ਰਦੇਸ਼ ਦਾ ਨਾਂ	ਸੀਟਾਂ ਦੀ ਗਿਣਤੀ
ਮਦਰਾਸ	30
ਬੰਬਈ ਸਿੰਧ ਸਮੇਤ	15
ਪੰਜਾਬ	08
ਬਿਹਾਰ ਅਤੇ ਉੜੀਸਾ	18
ਕੇਂਦਰੀ ਸੂਬੇ	20
ਅਸਾਮ	07
ਬੰਗਾਲ	30
ਸੰਯੁਕਤ ਪ੍ਰਾਂਤ	20
ਕੁਲ ਗਿਣਤੀ	148

ਇਹ ਅੰਕੜੇ ਪ੍ਰਦੇਸ਼ਾਂ ਦੀਆਂ ਸੰਮਤੀਆਂ (ਕੌਂਸਲਾਂ) ਵਿੱਚ ਪਾਈ ਜਾਣ ਵਾਲੀ ਅਬਾਦੀ ਦੀ ਕੁਲ ਸੰਖਿਆ ਤੇ ਆਧਾਰਿਤ ਹਨ ਅਤੇ ਪ੍ਰਧਾਨ ਮੰਤਰੀ ਦੁਆਰਾ ਐਲਾਨ ਕੀਤੇ ਗਏ ਫੈਸਲੇ ਅਨੁਸਾਰ ਹਨ।

(2) ਇਨ੍ਹਾਂ ਸੀਟਾਂ 'ਤੇ ਚੋਣਾਂ ਹੇਠ ਲਿਖੇ ਢੰਗ ਨਾਲ ਸੰਯੁਕਤ-ਮਤਦਾਨ ਵਿਵਸਥਾ ਰਾਹੀਂ ਹੇਠ ਲਿਖੇ ਅਨੁਸਾਰ ਹੋਣਗੀਆਂ। ਦੱਬੇ-ਕੁਚਲੇ ਵਰਗਾਂ ਨਾਲ ਸੰਬੰਧਿਤ ਸਾਰੇ ਮੈਂਬਰ, ਹਰ ਚੋਣ-ਹਲਕੇ ਵਿੱਚ ਆਪਣਾ ਨਾਂ ਚੋਣ ਸੂਚੀ ਵਿੱਚ ਦਰਜ ਕਰਵਾਉਣਗੇ, ਇਸ ਤਰ੍ਹਾਂ ਚੋਣ-ਮੰਡਲ ਬਣ ਜਾਣਗੇ। ਇਹ ਚੋਣ-ਮੰਡਲ, ਦੱਬੇ-ਕੁਚਲੇ ਵਰਗਾਂ ਵਿੱਚੋਂ ਇਕਹਿਰੀ ਵੋਟ ਰਾਹੀਂ, ਹਰ ਰਾਖਵੀਂ ਸੀਟ ਲਈ ਚਾਰ ਉਮੀਦਵਾਰ ਚੁਣਨਗੇ। ਇਹੋ ਜਿਹੀ, ਮੁੱਢਲੀ ਚੋਣ ਵਿੱਚ, ਸਭ ਤੋਂ ਵੱਧ ਵੋਟਾਂ ਹਾਸਲ ਕਰਨ ਵਾਲੇ ਚਾਰ ਵਿਅਕਤੀ ਹੀ ਆਮ ਚੋਣਾਂ ਵਿੱਚ, ਚੋਣਾਂ ਲਈ ਉਮੀਦਵਾਰ ਹੋਣਗੇ।

(3) ਕੇਂਦਰੀ ਵਿਧਾਨ ਸਭਾਵਾਂ ਲਈ ਵੀ, ਦੱਬੇ-ਕੁਚਲੇ ਵਰਗਾਂ ਤੇ ਪ੍ਰਤੀਨਿਧ, ਸੰਯੁਕਤਮਤਦਾਨ ਦੇ ਸਿਧਾਂਤ ਅਨੁਸਾਰ ਅਤੇ ਮੁੱ-ਢਲੀ ਚੋਣ ਪ੍ਰਣਾਲੀ ਰਾਹੀਂ ਰਾਖਵੇਂ (ਸਥਾਨਾਂ) ਸੀਟਾਂ ਤੇ ਚੋਣ ਜਿਵੇਂ ਕਿ ਉਪਰੋਕਤ ਖੰਡ (2) ਵਿੱਚ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਲਈ ਦਰਸਾਇਆ ਗਿਆ ਹੈ, ਹੋਵੇਗੀ।

(4) ਕੇਂਦਰੀ ਵਿਧਾਨ ਸਭਾਵਾਂ ਵਿੱਚ ਭਾਰਤ ਵਾਸਤੇ, ਆਮ ਚੋਣ ਖੇਤਰਾਂ ਵਿੱਚ ਨਿਯਤ ਸੀਟਾਂ ਵਿੱਚੋਂ, ਦੱਬੇ-ਕੁਚਲੇ ਵਰਗਾਂ ਲਈ 13 ਪ੍ਰਤੀਸ਼ਤ ਸੀਟਾਂ ਰਾਖਵੀਆਂ ਹੋਣਗੀਆਂ।

(5) ਕੇਂਦਰੀ ਅਤੇ ਸੂਬਿਆਂ ਦੀ ਵਿਧਾਨ ਸਭਾਵਾਂ ਦੇ ਉਮੀਦਵਾਰਾਂ ਦੇ ਨਾਵਾਂ ਦੀ ਸੂਚੀ (ਪੈਨਲ) ਦੀ ਚੋਣ ਮੁੱਢਲੀ ਚੋਣ ਪ੍ਰਣਾਲੀ ਰਾਹੀਂ ਕਰਨ ਦਾ ਤਰੀਕਾ, ਜਿਵੇਂ ਕਿ ਉੱਕਦ ਦੱਸਿਆ ਗਿਆ ਹੈ। ਪਹਿਲੇ 10 ਸਾਲਾਂ ਬਾਦ ਖਤਮ ਹੋ ਜਾਵੇਗਾ। ਇਹ ਢੰਗ (ਵਿਧੀ) ਹੇਠ ਲਿਖੇ ਖੰਡ (6) ਅਨੁਸਾਰ, ਆਪਸੀ ਸਮਝੌਤੇ ਨਾਲ, ਪਹਿਲਾਂ ਵੀ ਖ਼ਤਮ ਕੀਤੀ ਜਾ ਸਕਦੀ ਹੈ।

(6) ਸੂਬਿਆਂ ਅਤੇ ਕੇਂਦਰੀ ਵਿਧਾਨ ਸਭਾਵਾਂ ਵਿੱਚ, ਰਾਖਵੀਆਂ ਸੀਟਾਂ ਰਾਹੀਂ, ਦੱਬੇ-ਕੁਚਲੇ ਵਰਗਾਂ ਦੀ ਪ੍ਰਤੀਨਿੱਧਤਾ ਦੀ ਪ੍ਰਣਾਲੀ ਜਿਵੇਂ ਕਿ ਉਪਰੋਕਤ ਖੰਡ 1 ਅਤੇ 4 ਵਿੱਚ ਦਰਸਾਇਆ ਗਿਆ ਹੈ, ਜਦੋਂ ਤੱਕ ਸੰਬੰਧਿਤ ਫਿਰਕੇ ਇਸ ਨੂੰ ਆਪਸੀ ਸਹਿਮਤੀ ਨਾਲ, ਆਪ ਖ਼ਤਮ ਨਹੀਂ ਕਰ ਦਿੰਦੇ, ਜਾਰੀ ਰਹੇਗੀ।

(7) ਦੱਬੇ ਕੁਚਲੇ ਵਰਗਾਂ ਲਈ, ਕੇਂਦਰੀ ਅਤੇ ਪ੍ਰਦੇਸ਼ਿਕ ਵਿਧਾਨ ਸਭਾਵਾਂ ਲਈ, ਵੋਟ ਅਧਿਕਾਰ ਲੋਥੀਅਨ ਕਮੇਟੀ ਦੀ ਰਿਪੋਰਟ ਅਨੁਸਾਰ ਹੋਵੇਗਾ। ਪੂਨਾ ਕਰਾਰ ਨਾਲ ਸੰਬੰਧਤ ਸਥਾਨ ਅਤੇ ਵਿਅਕਤੀ ...।

(8) ਦੱਬੇ-ਕੁਚਲੇ ਵਰਗਾਂ ਪ੍ਰਤੀ ਸਥਾਨਕ ਸੰਸਥਾਵਾਂ ਦੀ ਚੋਣ ਦੇ ਸੰਬੰਧ ਵਿੱਚ ਜਾਂ ਸਰਕਾਰੀ ਨੌਕਰੀਆਂ ਵਿੱਚ ਉਮੀਦਵਾਰ ਬਣਨ ਲਈ ਕਿਸੇ ਤਰ੍ਹਾਂ ਦਾ ਕੋਈ ਭੇਦ-ਭਾਵ ਨਹੀਂ ਵਰਤਿਆ ਜਾਵੇਗਾ। ਦੱਬੇ-ਕੁਚਲੇ ਵਰਗਾਂ ਨੂੰ, ਹਰ ਵਿਭਾਗ ਵਿੱਚ, ਸੰਬੰਧਿਤ ਨੌਕਰੀਆਂ ਵਾਸਤੇ ਲੋੜੀਂਦੀ ਯੋਗਤਾ ਦਾ ਧਿਆਨ ਰੱਖਦੇ ਹੋਏ, ਭਰਤੀ ਕਰਨ ਦੇ ਪੂਰੇ ਯਤਨ ਕੀਤੇ ਜਾਣਗੇ।

(9) ਦੱਬੇ-ਕੁਚਲੇ ਵਰਗਾਂ ਨਾਲ ਸੰਬੰਧਿਤ ਵਿਅਕਤੀਆਂ ਵਾਸਤੇ ਸਹੂਲਤਾਂ ਦੇਣ ਲਈ, ਹਰ ਸੂਬੇ ਵਿੱਚ ਵਿੱਦਿਅਕ ਅਨੁਦਾਨ (ਗਰਾਂਟਾਂ) ਲਈ ਚੋਖੀ ਰਕਮ ਨਿਯਤ ਕੀਤੀ ਜਾਵੇਗੀ। ਪੂਨਾ ਕਰਾਰ ਤੇ ਬਾਬਾ ਸਾਹਿਬ ਡਾ. ਅੰਬੇਡਕਰ ਦਾ ਬਿਆਨ ਪੂਨਾ ਕਰਾਰ ਦੇ ਨੁਕਸਾਨ 15, ਮਾਰਚ 1947 ਨੂੰ, ਅਨੁਸੂਚਿਤ ਜਾਤੀ ਫੈਡਰੇਸ਼ਨ (ਸੰਘ) ਵੱਲੋਂ, ਬਾਬਾ ਸਾਹਿਬ ਡਾ. ਅੰਬੇਡਕਰ ਨੇ, ਸੰਵਿਧਾਨ ਸਭਾ ਨੂੰ ਇੱਕ ਵਿਸਥਾਰਪੂਰਵਕ ਮੰਗ-ਪੱਤਰ, ਸੰਵਿਧਾਨ ਸਭਾ ਵਿੱਚ ਪੇਸ਼ ਕੀਤਾ, ਜਿਸ ਨੇ ਭਾਰਤ ਦੇ ਭਵਿੱਖ ਵਾਲੇ ਸੰਵਿਧਾਨ ਦਾ ਖਰੜਾ ਤਿਆਰ ਕਰਨਾ ਸੀ। ਦੱਬੇ-ਕੁਚਲੇ ਵਰਗਾਂ ਦੀ ਸੁਰੱਖਿਆ ਕਵਚਾਂ ਲਈ ਦਿੱਤਾ ਜਾਣ ਵਾਲਾ ਮੰਗ-ਪੱਤਰ, ਕਾਫੀ ਲੰਮਾ ਅਤੇ ਥਕਾ ਦੇਣ ਵਾਲਾ ਸੀ। ਮੰਗ ਪੱਤਰ ਦੇ ਕਾਂਡਾਂ ਵਿੱਚੋਂ ਇੱਕ ਕਾਂਡ, ਪੂਨਾ-ਕਰਾਰ ਨਾਲ ਸੰਬੰਧਿਤ ਸੀ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪੂਨਾ ਪੈਕਟ ਨਾਲ ਹੋਣ ਵਾਲੀ ਹਾਨੀਆਂ ਦਾ ਜ਼ਿਕਰ ਸੀ। ਕਿਉਂਕਿ ਇਹ ਇਸ ਪੁਸਤਕ ਨਾਲ ਬਹੁਤ ਜ਼ਿਆਦਾ ਸੰਬੰਧਿਤ ਹੈ, ਜਿਸ ਵਿੱਚ, ਪੂਨਾ-ਕਰਾਰ ਨਾਲ ਸੰਬੰਧਿਤ ਸੀ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ, ਪੂਨਾ ਪੈਕਟ ਨਾਲ ਹੋਣ ਵਾਲੀ ਹਾਨੀਆਂ ਦਾ ਜ਼ਿਕਰ ਸੀ। ਕਿਉਂਕਿ ਇਹ ਇਸ ਪੁਸਤਕ ਨਾਲ ਬਹੁਤ ਜ਼ਿਆਦਾ ਸੰਬੰਧਿਤ ਹੈ, ਜਿਸ ਵਿੱਚ, ਪੂਨਾ-ਕਰਾਰ ਤੋਂ 15 ਸਾਲ ਬਾਅਦ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਵਿਚਾਰ ਬਿਆਨ ਕੀਤੇ ਗਏ ਹਨ, ਇਸ ਲਈ ਇਹ ਹੇਠ ਲਿਖੇ ਅਨੁਸਾਰ ਦੁਬਾਰਾ ਲਿਖਿਆ ਜਾ ਰਿਹਾ ਹੈ।

(1) ਪੂਨਾ ਕਰਾਰ, ਇਸ ਉਦੇਸ਼ ਅਤੇ ਇਸ ਵਿਧੀ ਨਾਲ ਤਿਆਰ ਕੀਤਾ ਗਿਆ ਸੀ ਕਿ ਅਨੁਸੂਚਿਤ ਜਾਤੀ, ਵਿਧਾਨ ਸਭਾਵਾਂ ਵਿੱਚ ਆਪਣੀ ਪਸੰਦ ਦੇ ਪ੍ਰਤੀਨਿਧੀ ਭੇਜ ਸਕਣ। ਇਹ ਇਰਾਦਾ (ਮਨਸ਼ਾ) ਪੂਰੀ ਤਰ੍ਹਾਂ ਨਾਲ ਅਸਫਲ ਹੋ ਗਿਆ, ਜਿਵੇਂ ਕਿ ਹੇਠ ਲਿਖੇ ਆਂਕੜਿਆਂ ਦੀ ਸਾਰਣੀ ਤੋਂ ਵੇਖਿਆ ਜਾ ਸਕਦਾ ਹੈ। ਇਹ ਸਾਰਣੀ ਫਰਵਰੀ 1946 ਵਿੱਚ ਹੋਈਆਂ ਪਿਛਲੀ ਚੋਣਾਂ ਦੇ ਨਤੀਜਿਆਂ ਤੋਂ ਤਿਆਰ ਕੀਤੀ ਗਈ ਹੈ।

(2) ਅੰਕੜਿਆਂ ਦਾ ਵਰਨਣ ਚਾਰ ਸ਼੍ਰੇਣੀਆਂ ਵਿੱਚ ਕੀਤਾ ਗਿਆ ਹੈ :-

ਪਹਿਲੀ ਸ਼੍ਰੇਣੀ : ਸਵਰਨ ਜਾਤੀ ਦੇ ਸਫਲ ਹਿੰਦੂ ਮੈਂਬਰਾਂ ਦੁਆਰਾ ਪ੍ਰਾਪਤ ਕੀਤੇ ਵੋਟ ਅਤੇ ਅਨੁਸੂਚਿਤ ਜਾਤੀ ਦੇ ਅੰਤਿਮ ਚੋਣਾਂ ਵਿੱਚ ਸਫਲ ਮੈਂਬਰ।

ਦੂਸਰੀ ਸ਼੍ਰੇਣੀ : ਇਸ ਵਿੱਚ ਇਹ ਦਰਸਾਇਆ ਗਿਆ ਹੈ ਕਿ ਅਨੁਸੂਚਿਤ ਜਾਤੀ ਦੇ ਮੈਂਬਰਾਂ ਨੂੰ ਸਫਲ ਹੋਣ ਲਈ, ਅੰਤਿਮ ਚੋਣ ਵਿੱਚ ਕਿੰਨੀ ਵਾਰ, ਰਾਖਵੇਂਕਰਨ ਦੀ ਸ਼ਰਤ ਦਾ ਸਹਾਰਾ ਲੈਣਾ ਜ਼ਰੂਰੀ ਹੋਇਆ ਅਤੇ ਕਿੰਨੀ ਵਾਰ ਉਹ ਰਾਖਵੇਂਕਰਣ ਦੇ ਲਾਭ ਤੋਂ ਬਿਨਾਂ ਜੇਤੂ ਹੋਇਆ।

ਤੀਸਰੀ ਸ਼੍ਰੇਣੀ : ਸਵਰਨ ਜਾਤੀ ਹਿੰਦੂਆਂ ਦੀ ਤੁਲਨਾਤਮਿਕ ਵੋਟਾਂ ਦੀ ਗਿਣਤੀ ਅਤੇ ਰਾਖਵੇਂ ਚੋਣ ਹਲਕਿਆਂ ਵਿੱਚ ਜਿੱਥੇ ਅਨੁਸੂਚਿਤ ਜਾਤੀ ਦੇ ਲਈ ਸੀਟਾਂ ਰਾਖਵੀਆਂ ਕੀਤੀਆਂ ਹਨ, (ਅਨੁਸੂਚਿਤ ਜਾਤੀ ਦੀ ਵੋਟਾਂ ਦੀ ਗਿਣਤੀ ਦਰਸਾਉਂਦੀ।)

ਚੌਥੀ ਸ਼੍ਰੇਣੀ : ਅਨੁਸੂਚਿਤ ਜਾਤੀ ਦੇ ਸਫ਼ਲ ਮੈਂਬਰਾਂ ਦੀ ਮੁੱਢਲੀ ਚੋਣਾਂ ਵਿੱਚ ਸਥਿਤੀ ਨੂੰ ਦਰਸਾਉਂਦੀ, ਜੋ ਅੰਤਿਮ ਚੋਣਾਂ ਵਿੱਚ ਸਫਲ ਹੋਏ।

(3) ਇਨ੍ਹਾਂ ਅੰਕੜਿਆਂ ਤੋਂ ਜੋ ਨਤੀਜੇ ਨਿਕਲਦੇ ਹਨ ਉਹ ਉਨ੍ਹਾਂ ਲੋਕਾਂ ਦੀ ਨਜ਼ਰਾਂ ਤੋਂ ਪਰ੍ਹਾਂ ਨਹੀਂ ਹੋਣਗੇ, ਜੋ ਇਨ੍ਹਾਂ ਦਾ ਧਿਆਨ ਨਾਲ ਨਿਰੀਖਣ ਕਰਨਗੇ। ਇਨ੍ਹਾਂ ਅੰਕੜਿਆਂ ਤੋਂ ਹੇਠ ਲਿਖੀ ਸਥਿਤੀ ਦਾ ਪਤਾ ਲੱਗਦਾ ਹੈ :

(1) ਅਨੁਸੂਚਿਤ ਜਾਤੀ ਦਾ ਹਰ ਇੱਕ ਮੈਂਬਰ, ਜੋ ਅੰਤਿਮ ਚੋਣਾਂ ਵਿੱਚ ਸਫਲ ਹੋਇਆ। ਉਹ ਸਵਰਨ ਜਾਤੀ ਦੇ ਹਿੰਦੂਆਂ ਦੀ ਵੋਟ ਨਾਲ ਜਿੱਤਿਆ ਅਤੇ ਅਨੁਸੂਚਿਤ ਜਾਤੀ ਦੀ ਵੋਟਾਂ ਨਾਲ ਨਹੀਂ। ਉਨ੍ਹਾਂ ਵਿੱਚੋਂ, ਜ਼ਿਆਦਾਤਰ ਮੈਂਬਰ, ਚੋਣਾਂ ਵਿੱਚ ਸਭ ਤੋਂ ਵੱਧ ਵੋਟ ਲੈ ਕੇ ਜਿੱਤੇ ਅਤੇ ਸਵਰਨ ਜਾਤੀ ਦੇ ਹਿੰਦੂ ਮੈਂਬਰਾਂ ਦੇ ਬਰਾਬਰ ਅਤੇ ਕੁਝ ਥਾਵਾਂ 'ਤੇ ਉਨ੍ਹਾਂ ਤੋਂ ਜ਼ਿਆਦਾ ਵੋਟਾਂ ਲੈ ਕੇ ਸਫਲ ਰਹੇ। (ਪਹਿਲੀ ਸ਼੍ਰੇਣੀ ਦੀ ਤਾਲਿਕਾ ਨੂੰ ਵੇਖੋ)

ਦੂਜਾ, ਬਹੁਤ ਘੱਟ ਚੋਣ-ਹਲਕਿਆਂ ਵਿੱਚ ਸਫਲ ਅਨੁਸੂਚਿਤ ਜਾਤੀ ਦੇ ਮੈਂਬਰਾਂ ਨੂੰ ਰਾਖਵਾਂਕਰਣ 'ਤੇ ਨਿਰਭਰ ਰਹਿਣਾ ਪਿਆ। (ਦੂਸਰੀ ਸ਼੍ਰੇਣੀ ਦੀ ਤਾਲਿਕਾ ਵੇਖੋ) ਇਹ ਬਹੁਤ ਹੀ ਉਮੀਦ ਦੇ ਵਿਰੁੱਧ ਸਥਿਤੀ ਬਣੀ ਹੋਈ ਹੈ। ਕੋਈ ਵੀ, ਜੇਕਰ, ਅਨੁਸੂਚਿਤ ਜਾਤੀ ਦੀ ਵੋਟ ਸੰਖਿਆ ਦੀ ਤੁਲਨਾ, ਸਵਰਣ ਜਾਤੀ ਦੇ ਹਿੰਦੂਆਂ ਦੀ ਵੋਟ ਸੰਖਿਆ ਨਾਲ ਵੱਖ-ਵੱਖ ਚੋਣ-ਹਲਕਿਆਂ ਵਿੱਚ ਕਰੇਗਾ ਤਾਂ ਇਹ ਪਤਾ ਲੱਗਦਾ ਹੈ ਕਿ ਅਨੁਸੂਚਿਤ ਜਾਤੀ ਦੀ ਵੋਟ ਸੰਖਿਆ ਇੰਨੀ ਘੱਟ ਹੈ ਕਿ ਇਹ ਸਥਿਤੀ ਕਦੀ ਨਾ ਬਣਦੀ, ਜੇਕਰ ਅਨੁਸੂਚਿਤ ਜਾਤੀ ਦੇ ਲੋਕ ਹੀ ਅਨੁਸੂਚਿਤ ਜਾਤੀ ਦੇ ਮੈਂਬਰਾਂ ਨੂੰ ਵੋਟ ਪਾਉਂਦੇ।ਇਹ ਜੋ ਅਜਿਹੀ ਘਟਨਾ ਹੋਈ ਹੈ, ਇਸ ਗੱਲ ਦਾ ਪੱਕਾ ਸਬੂਤ ਹੈ ਕਿ ਅੰਤਿਮ ਚੋਣਾਂ ਵਿੱਚ ਅਨੁਸੂਚਿਤ ਜਾਤੀ ਦੇ ਮੈਂਬਰਾਂ ਦਾ ਸਫਲ ਹੋਣਾ, ਸਵਰਨ ਜਾਤੀ ਦੇ ਹਿੰਦੂ ਵੋਟਾਂ 'ਤੇ ਨਿਰਭਰ ਕਰਦਾ ਹੈ।

(2) ਮੁੱਢਲੀ ਚੋਣਾਂ ਦੇ ਨਤੀਜੇ ਦੀ, ਅੰਤਿਮ ਚੋਣਾਂ ਦੇ ਨਤੀਜੇ ਨਾਲ ਤੁਲਨਾ ਕਰਨ ਤੇ (ਚੌਥੀ ਸ਼੍ਰੇਣੀ ਵਿੱਚ ਤਾਲਿਕਾ ਵੇਖੋ) ਜਿਸ ਵਿੱਚ ਅਨੁਸੂਚਿਤ ਜਾਤੀ ਦਾ ਮੈਂਬਰ, ਅੰਤਿਮ ਚੋਣਾਂ ਵਿੱਚ ਸਫਲ ਹੋਇਆ, ਇਹ ਉਹ ਸੀ, ਜੋ ਪਹਿਲੀ ਚੋਣਾਂ ਵਿੱਚ ਹਾਰ ਗਿਆ ਸੀ। (ਜੇਕਰ ਪਹਿਲੀ ਚੋਣਾਂ ਨੂੰ ਅੰਤਿਮ ਚੋਣ ਮੰਨ ਲਿਆ ਜਾਵੇ ਅਤੇ ਚੋਣ ਹਲਕੇ ਨੂੰ ਇਕੱਲੇ ਇੱਕ ਮੈਂਬਰ ਦਾ ਹੀ ਚੋਣ ਹਲਕਾ ਮੰਨ ਲਿਆ ਜਾਵੇ)

(3) ਸਵਰਨ ਜਾਤੀ ਦੇ ਹਿੰਦੂਆਂ ਦੀ ਵੋਟਾਂ ਅਤੇ ਅਨੁਸੂਚਿਤ ਜਾਤੀ ਦੇ ਵੋਟਾਂ ਦੀ ਸੰਖਿਆ ਦੇ ਸਭ ਤੋਂ ਵੱਧ ਫਰਕ ਦੇ ਕਾਰਨ, ਇਹ ਫਰਕ, ਬਾਲਗ-ਮਤ-ਅਧਿਕਾਰ ਨਾਲ ਹੀ ਖ਼ਤਮ ਨਹੀਂ ਹੋਵੇਗਾ। ਸੰਯੁਕਤ ਮਤਦਾਨ ਵਿਵਸਥਾ, ਅਨੁਸੂਚਿਤ ਜਾਤੀ ਨੂੰ, ਆਪਣਾ ਸਹੀ ਪ੍ਰਤੀਨਿੱਧ ਚੁਣਨ ਦਾ ਮੌਕਾ ਪ੍ਰਦਾਨ ਨਹੀਂ ਕਰੇਗਾ।

(4) ਪੂਨਾ-ਕਰਾਰ ਨੇ, ਅਨੁਸੂਚਿਤ ਜਾਤੀਆਂ ਅਤੇ ਉਨ੍ਹਾਂ ਨਾਲ ਸੰਬੰਧਿਤ ਮੈਂਬਰਾਂ ਨੂੰ, ਜਿਨ੍ਹਾਂ ਨੂੰ, ਉਨ੍ਹਾਂ ਨੇ ਮੁੱਢਲੀ ਚੋਣ ਵਿੱਚ ਨਾਮਨਜ਼ੂਰ ਕਰ ਦਿੱਤਾ ਸੀ, ਨੂੰ ਪ੍ਰਭਾਵਹੀਣ ਕਰ ਦਿੱਤਾ ਜੋ ਕਿ ਉਨ੍ਹਾਂ ਦੀ ਇੱਛਿਆ ਦਾ ਸਹੀ ਸੂਚਕ ਹੈ, ਉਹ ਅੰਤਿਮ ਚੋਣਾਂ ਵਿੱਚ, ਸਵਰਨ ਜਾਤੀ ਦੇ ਹਿੰਦੂਆਂ ਦੀ ਵੋਟਾਂ ਨਾਲ ਜਿੱਤ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਪੂਨਾ-ਕਰਾਰ, ਬਦਮਾਸ਼ੀ ਨਾਲ ਭਰਿਆ ਪਿਆ ਹੈ। ਇਸ ਨੂੰ ਗਾਂਧੀ ਦੇ ਮਰਨ ਵਰਤ ਦੇ ਦਬਾਅ ਹੇਠ ਆ ਕੇ ਅਤੇ ਉਸ ਸਮੇਂ ਕਿਉਂਕਿ ਉਸ ਵੇਲੇ, ਇਹ ਵਿਸ਼ਵਾਸ ਦੁਆਇਆ ਗਿਆ ਸੀ ਕਿ ਅਨੁਸੂਚਿਤ ਜਾਤੀ ਦੀ ਚੋਣਾਂ ਵਿੱਚ, ਹਿੰਦੂ ਲੋਕ ਦਖਲ-ਅੰਦਾਜ਼ੀ ਨਹੀਂ ਕਰਨਗੇ, ਇਸ ਲਈ, ਸਵੀਕਾਰ ਕੀਤਾ ਗਿਆ ਸੀ।

ਪੂਨਾ ਕਰਾਰ ਨੂੰ ਦੁਰਕਾਰਨਾ

ਦੱਬੇ-ਕੁਚਲੇ ਵਰਗਾਂ (ਅਛੂਤਾਂ) ਨੂੰ, ਪੂਨਾਕਰਾਰ ਕਰਨ ਲਈ, ਗਾਂਧੀ ਨੇ ਮਰਨ ਵਰਤ ਦਾ ਦਬਾਅ ਪਾਇਆ। ਡਾ. ਬਾਬਾ ਸਾਹਿਬ ਅੰਬੇਡਕਰ ਨੇ, ਇਸ ਕਰਾਰ ਦੇ ਦੂਜੇ ਦਿਨ ਹੀ, ਇਨ੍ਹਾਂ ਸ਼ਬਦਾਂ ਨਾਲ ਦੁਰਕਾਰ ਦਿੱਤਾ, ''ਅਛੂਤ ਬਹੁਤ ਦੁੱਖੀ ਸਨ। ਉਨ੍ਹਾਂ ਦੇ ਦੁੱਖੀ ਹੋਣ ਦਾ ਹਰ ਕਾਰਨ ਸੀ।'' ਉਹ ਆਪਣੇ ਜੀਵਨ ਦੇ ਅੰਤ 1956 ਤੱਕ, ਇਸ ਕਰਾਰ ਨੂੰ ਦੁਰਕਾਰਦੇ ਰਹੇ। ਇਸ ਨੂੰ ਉਹ ਵਿਅਕਤੀਗਤ ਗੱਲ-ਬਾਤ ਰਾਹੀਂ, ਲੋਕਾਂ ਦੀਆਂ ਸਭਾਵਾਂ ਵਿੱਚ, ਸੰਬੰਧਿਤ ਲੇਖਾਂ ਰਾਹੀਂ, ਅਸਲ ਵਿੱਚ ਹਰ ਬਣਦੇ ਮੌਕੇ 'ਤੇ ਇਸ (ਪੂਨਾ-ਕਰਾਰ) ਨੂੰ ਦੁਰਕਾਰਦੇ ਰਹੇ।

ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਦੋ ਪੁਸਤਕਾਂ (1) 'ਕਾਂਗਰਸ ਅਤੇ ਗਾਂਧੀ ਨੇ ਅਛੂਤਾਂ ਲਈ ਕੀ ਕੀਤਾ' 1947 ਵਿੱਚ ਪ੍ਰਕਾਸ਼ਿਤ ਹੋਈ ਅਤੇ (2) 'ਰਾਜ ਅਤੇ ਘੱਟ-ਗਿਣਤੀਆਂ' 1947 ਵਿੱਚ ਪ੍ਰਕਾਸ਼ਿਤ ਹੋਈ ਦੇ ਹਵਾਲੇ ਨਾਲ, ਪੂਨਾਕਸਾਬ ਨੂੰ ਦੁਰਕਾਰਨ ਬਾਰੇ ਕੁਝ ਉਦਾਹਰਣਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ :-

(1) ''ਗਾਂਧੀ ਦੁਆਰਾ ਕੀਤੇ ਗਏ ਮਰਨ ਵਰਤ ਵਿੱਚ ਕੋਈ ਸਿਆਣਪ ਵਾਲੀ ਗੱਲ ਨਹੀਂ ਸੀ। ਇਹ ਬਿਲਕੁਲ ਗੰਦਾ ਅਤੇ ਭੱਦੀ ਕਿਸਮ ਦਾ ਕਾਰਜ ਸੀ। ਮਰਨ ਵਰਤ, ਅਛੂਤਾਂ ਦੇ ਹਿੱਤਾਂ ਲਈ ਨਹੀਂ ਸੀ। ਇਹ ਉਨ੍ਹਾਂ ਦੇ ਵਿਰੁੱਧ ਸੀ ਅਤੇ ਇਹ ਸਭ ਤੋਂ ਘਟੀਆ ਕਿਸਮ ਦਾ ਕਾਰਜ ਸੀ। ਮਰਨ ਵਰਤ, ਅਛੂਤਾਂ ਦੇ ਹਿੱਤਾਂ ਲਈ ਨਹੀਂ ਸੀ। ਇਹ ਉਨ੍ਹਾਂ ਦੇ ਵਿਰੁੱਧ ਸੀ ਅਤੇ ਇਹ ਸਭ ਤੋਂ ਘਟੀਆ ਕਿਸਮ ਦਾ ਦਬਾਅ ਸੀ, ਜੋ ਉਸ ਨੇ, ਪ੍ਰਧਾਨ ਮੰਤਰੀ ਦੁਆਰਾ ਦਿੱਤੇ ਗਏ, ਸੰਵਿਧਾਨਿਕ ਸੁਰੱਖਿਆ ਨੂੰ ਲਾਚਾਰ ਲੋਕਾਂ ਤੋਂ ਖੋਹਣ ਲਈ ਕੀਤਾ ਸੀ ਅਤੇ ਉਹ ਜਿਸ ਨਾਲ ਸਵਰਨ ਜਾਤੀ ਦੇ ਹਿੰਦੂਆਂ ਦੀ ਦਿਆ ਅਤੇ ਰਹਿਮ ਤੇ ਨਿਰਭਰ ਰਹਿਣ। ਇਹ ਇੱਕ ਬਹੁਤ ਹੀ ਕਮੀਨਾਪਣ ਅਤੇ ਧੋਖੇਬਾਜ਼ੀ ਵਾਲਾ ਕੰਮ ਸੀ। ਅਜਿਹੇ ਵਿਅਕਤੀ ਨੂੰ ਇਮਾਨਦਾਰ ਅਤੇ ਵਿਸ਼ਵਾਸ ਪਾਤਰ ਕਿਵੇਂ ਕਿਹਾ ਜਾ ਸਕਦਾ ਹੈ?

(2) ''ਫਿਰਕੂ-ਫੈਸਲੇ ਨੇ ਅਛੂਤਾਂ ਦੇ ਲਈ ਦੋ ਲਾਭ ਪਹੁੰਚਾਏ:-

1. ਅਲੱਗ-ਮੱਤਦਾਨ ਪ੍ਰਣਾਲੀ ਨਾਲ,ਅਛੂਤਾਂ ਦੇ ਲਈ ਸੀਟਾਂ ਦੀ ਅਲੱਗ ਨਿਰਧਾਰਿਤ ਸੰਖਿਆ ਹੋਈ ਗਈ ਅਤੇ ਇਹ ਸੀਟਾਂ ਅਛੂਤਾਂ ਦੁਆਰਾ ਭਰੀਆਂ ਜਾਣੀਆਂ ਸਨ।
2. ਦੋਹਰੀ ਵੋਟ, ਇੱਕ ਵੋਟ ਨੂੰ ਅਲੱਗਮਤਦਾਨ ਪ੍ਰਣਾਲੀ ਵਿੱਚ ਅਤੇ ਦੂਸਰੀ ਵੋਟ ਨੂੰ ਸਾਧਾਰਨ-ਮਤਦਾਨ ਪ੍ਰਣਾਲੀ ਵਿੱਚ ਵਰਤਿਆ ਜਾਵੇਗਾ।

ਹੁਣ, ਜਦੋਂ ਪੂਨਾ-ਕਰਾਰ ਨੇ ਅਛੂਤਾਂ ਲਈ ਸੀਟਾਂ ਦੀ ਗਿਣਤੀ ਵਧਾ ਦਿੱਤੀ ਹੈ, ਪਰ ਦੂਜੇ ਪਾਸੇ ਫਿਰਕੂ-ਫੈਸਲੇ ਰਾਹੀਂ ਦਿੱਤਾ ਗਿਆ, ਦੋਹਰੀ-ਵੋਟ ਦਾ ਅਧਿਕਾਰ ਖੋਹ ਲਿਆ ਹੈ। ਸੀਟਾਂ ਦਾ ਵਧਾਇਆ ਜਾਣਾ ਕਦੇ ਵੀ, ਦੋਹਰੀ-ਵੋਟ ਦੇ ਕੀਤੇ ਗਏ ਨੁਕਸਾਨ ਨੂੰ ਪੂਰਾ ਕਰਦਾ ਨਹੀਂ ਲੱਗਦਾ। ਫਿਰਕੂ-ਫੈਸਲੇ ਰਾਹੀਂ ਦਿੱਤਾ ਗਿਆ, ਦੂਜੀ ਵੋਟ ਦਾ ਅਧਿਕਾਰ ਅਣਮੋਲ ਅਧਿਕਾਰ ਸੀ। ਇੱਕ ਰਾਜਨੀਤਕ ਹਥਿਆਰ ਦੇ ਰੂਪ ਵਿੱਚ ਇਸ ਦੀ ਕੀਮਤ ਬੇਅੰਤ ਸੀ, ਜਿਸ ਦਾ ਹਿਸਾਬਕਿਤਾਬ ਨਹੀਂ ਲਗਾਇਆ ਜਾ ਸਕਦਾ।''

(3) ''ਅੱਜ ਅਛੂਤਾਂ ਕੋਲ, ਫਿਰਕੂ-ਫੈਸਲੇ ਦੁਆਰਾ ਦਿੱਤੀਆਂ ਗਈਆਂ ਸੀਟਾਂ ਤੋਂ ਕੁਝ ਵਧੇਰੇ ਸੀਟਾਂ ਹਨ। ਪਰੰਤੂ ਇਸ ਦੇ ਇਲਾਵਾ, ਉਨ੍ਹਾਂ ਕੋਲ ਕੁਝ ਵੀ ਨਹੀਂ ਹੈ। ਹਰ ਕੋਈ ਮੈਂਬਰ ਉਦਾਸੀਨ ਹੈ, ਜੇਕਰ ਉਹ ਹਿੰਦੂਆਂ ਦਾ ਦੁਸ਼ਮਣ ਨਹੀਂ ਹੈ। ਜੇਕਰ ਫਿਰਕੂ-ਫੈਸਲਾ, ਦੋਹਰੀ-ਵੋਟ ਦੇ ਅਧਿਕਾਰ ਦੇ ਨਾਲ ਲਾਗੂ ਹੁੰਦਾ ਤਾਂ ਅਛੂਤਾਂ ਲਈ, ਉਨ੍ਹਾਂ ਦਾ ਆਪਣਾ ਪ੍ਰਤੀਨਿੱਧ ਹੁੰਦਾ, ਅਛੂਤਾਂ ਲਈ ਸੀਟਾਂ ਦਾ ਵਧਣਾ, ਕੋਈ ਵਾਧਾ ਨਹੀਂ ਹੈ ਅਤੇ ਨਾ ਹੀ, ਇਹ ਕੋਈ ਅਲੱਗ-ਮਤਦਾਨ ਪ੍ਰਣਾਲੀ ਅਤੇ ਦੋਹਰੀ-ਵੋਟ ਦੇ ਅਧਿਕਾਰ ਦੀ ਪੁਨਰ-ਪੂਰਤੀ (ਭਰਪਾਈ)

(4) ''ਪੂਨਾ-ਕਰਾਰ ਦੀ 5ਵੀਂ ਸ਼ਰਤ ਦੇ ਅਨੁਸਾਰ, ਮੁੱਢਲੀ ਚੋਣਾਂ ਦੀ ਵਿਵਸਥਾ ਨੂੰ ਪਹਿਲੇ 10 ਵਰ੍ਹੇ ਤੱਕ ਸੀਮਤ ਕਰ ਦਿੱਤਾ ਸੀ, ਜਿਸ ਦਾ ਅਰਥ ਹੋਇਆ ਕਿ 1947 ਤੋਂ ਬਾਦ, ਹਰ ਚੋਣ, ਸੰਯੁਕਤ-ਮਤਦਾਨ ਪ੍ਰਣਾਲੀ ਹੋਵੇਗੀ ਅਤੇ ਰਾਖਵੀਆਂ ਸੀਟਾਂ ਸ਼ੁੱਧ ਅਤੇ ਸਾਧਾਰਨ ਹੋਣਗੀਆਂ।

''ਸੰਯੁਕਤ-ਮਤਦਾਨ ਪ੍ਰਣਾਲੀ ਦੇ ਤਹਿਤ, ਸਭ ਕੁਝ ਬਦਲ ਜਾਵੇਗਾ। ਰਾਖਵੀਆਂ ਸੀਟਾਂ, ਪੂਨਾ-ਕਰਾਰ ਦੇ ਤਹਿਤ, ਹੁਣ ਅਤੇ ਬਾਦ ਵਿੱਚ ਆਪਣਾ ਪ੍ਰਭਾਵ ਛੱਡਣਗੀਆਂ। ਇਹ ਕੋਈ ਭਵਿੱਖਬਾਣੀ ਨਹੀਂ ਹੈ। ਪਿਛਲੀ ਚੋਣਾਂ ਨੇ ਸਿੱਟਾਪੂਨਾ ਪੂਰਨ ਸਾਬਤ ਕਰ ਦਿੱਤਾ ਹੈ ਕਿ ਅਨੁਸੂਚਿਤ ਜਾਤੀ ਨੂੰ, ਸੰਯੁਕਤ-ਮਤਦਾਨ ਪ੍ਰਣਾਲੀ ਨੇ ਪ੍ਰਭਾਵਹੀਨ ਕਰ ਦਿੱਤਾ ਹੈ।

(5) ''ਪੂਨਾ-ਕਰਾਰ ਨੇ ਵੱਖ-ਵੱਖ ਕਿਸਮ ਦੀ ਪ੍ਰਤਿਕ੍ਰਿਆਵਾਂ ਵਿਖਾਈਆਂ ਹਨ। ਅਛੂਤਾਂ ਵਿੱਚ ਉਦਾਸੀ ਛਾ ਗਈ ਹੈ। ਉਨ੍ਹਾਂ ਦੇ ਦੁੱਖੀ ਹੋਣ ਦਾ ਹਰ ਕਾਰਣ ਸੀ।''

(6) ''ਇਨ੍ਹਾਂ ਵਿਚਾਰਾਂ ਦੀ ਰੋਸ਼ਨੀ ਵਿੱਚ, ਇਹ ਪ੍ਰਤੀਤ ਹੁੰਦਾ ਹੈ ਕਿ ਪੂਨਾ-ਕਰਾਰ ਅਛੂਤਾਂ 'ਤੇ ਕੀਤਾ ਗਿਆ ਪਹਿਲਾ ਹਮਲਾ ਸੀ ਅਤੇ ਜੋ ਹਿੰਦੂ ਪੂਨਾ-ਕਰਾਰ ਤੋਂ ਨਫ਼ਰਤ ਕਰਦੇ ਸੀ, ਉਹ ਅਛੂਤਾਂ ਉੱ ਸਮਾਂ ਅਤੇ ਹਾਲਤ ਪੈਦਾ ਤੇ ਵਧੇਰੇ ਹਮਲਾ ਕਰਨ ਤੇ ਤੁਲੇ ਹੋਏ ਹਨ।''

(7) ''ਪੂਨਾ-ਕਰਾਰ ਨੂੰ ਮੰਨਣ ਤੋਂ ਬਾਦ, ਗਾਂਧੀ ਨੇ ਅਛੂਤਾਂ ਨੂੰ, ਇਹ ਕਹਿ ਕਿ ਟਿਕਾਅ ਲਿਆ ਕਿ ਕਾਂਗਰਸ ਨੂੰ ਚਾਹੀਦਾ ਹੈ ਕਿ ਉਹ ਅਛੂਤਾ ਰਾਜਨੀਤੀ ਤੇ ਡਾਕਾ ਨਾ ਮਾਰੇ ਕਿ ਉਨ੍ਹਾਂ ਦੀ ਰਾਖਵੀਂ ਸੀਟਾਂ ਤੇ ਅਜਿਹੇ ਅਛੂਤਾਂ ਨੂੰ ਚੋਣ ਲੜਾਉਣ ਜੋ ਹਿੰਦੂਆਂ ਦੇ ਭੜੂਏ/ਚਮਚੇ ਬਣਨ ਲਈ ਤਿਆਰ ਹੋ ਜਾਣ।

(8) ''ਪੂਨਾ-ਕਰਾਰ ਕਰਨ ਤੋਂ ਬਾਦ ਗਾਂਧੀ ਨੇ, ਇੱਕ ਜਾਇਜ਼ ਵਿਅਕਤੀ ਵਾਂਗੂ, ਸਮਝੌਤੇ ਤੇ ਕਿਉਂ ਕਾਇਮ ਨਾ ਰਿਹਾ ਅਤੇ ਕਾਂਗਰਸ ਉੱਤੇ ਜੋ ਕਿ ਅਛੂਤਾਂ ਨੂੰ ਹਦਾਇਤ ਕੀਤੀ ਕਿ ਅਛੂਤ ਪ੍ਰਤੀਨਿਧੀਆਂ ਨੂੰ ਕਾਂਗਰਸ ਦੇ ਮੰਤਰੀ ਮੰਡਲਾਂ ਵਿੱਚ ਸ਼ਾਮਿਲ ਕੀਤਾ ਜਾਵੇ।''

(9) ''ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗਾਂਧੀ, ਪੂਨਾ-ਕਰਾਰ ਵਿੱਚ ਇੱਕ ਧਿਰ ਹੋਣ ਦੇ ਬਾਵਜੂਦ ਵੀ, ਇਸ ਗੱਲ ਲਈ ਦ੍ਰਿੜ ਸੀ ਕਿ ਅਛੂਤਾਂ ਨੂੰ ਵੱਖਰੇ ਦਰਜੇ ਦੇ ਮਹੱਤਵ ਦੀ ਪਹਿਚਾਣ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਅਜਿਹਾ ਕਰਨ ਲਈ ਉਹ ਕੋਈ ਵੀ ਦਲੀਲ ਦੇਣ ਲਈ ਤਿਆਰ ਸੀ ਕਿ ਉਸ ਦਾ, ਅਜਿਹਾ ਕਰਨ ਦਾ ਕੋਈ ਇਰਾਦਾ ਨਹੀਂ ਸੀ।''

(ਬਾਕੀ ਅਗਲੇ ਸਫੇ 'ਤੇ)

ਭਾਜਪਾ ਦਾ ਅਗਲਾ ਨਿਸ਼ਾਨਾ 2022 ਵਿੱਚ 'ਪੰਜਾਬ ਤੇ ਕਬਜਾ ਕਰਨਾ'

ਪੰਜਾਬੀਓ! ਸਾਵਧਾਨ!! ਦੇਸ਼ ਦੀ ਕਟੱੜ ਫਿਰਕਾਪ੍ਰਸਤ ਭਾਰਤੀ ਜੰਨਤਾ ਪਾਰਟੀ ਨੇ 2022 ਦੀਆਂ ਪੰਜਾਬ ਵਿੱਚ ਹੋ ਰਹੀਆਂ ਚੋਣਾਂ ਨੂੰ ਹਰ ਹੀਲੇ ਜਿੱਤਣ ਦਾ ਨਿਸ਼ਾਨਾ ਮਿੱਥ ਲਿਆ ਹੈ। ਜਿਸ ਤੇ ਉਸ ਨੇ ਬੜੇ ਲੰਮੇ ਸਮੇਂ ਤੋਂ ਅੱਖ ਰੱਖੀ ਹੋਈ ਸੀ। ਉਹ ਜੇ ਜਿੱਤਣ ਵਿੱਚ ਕਾਮਯਾਬ ਹੁੰਦੀ ਹੈ ਤਾਂ ਇਸ ਸਭ ਦੇ ਜਿੰਮਵਾਰ ਹੋਰ ਕੋਈ ਨਹੀਂ, ਬਲਕਿ ਅਸੀਂ ਪੰਜਾਬੀ ਹੀ ਹੋਵਾਂਗੇ। ਜਿਹੜੇ ਲੀਡਰੀ ਲਈ ਆਪਣੀ ਹਉਮੇ ਨੂੰ ਲੈ ਕੇ ਪਤਾ ਨਹੀਂ ਇਨੇ ਵੰਡੇ ਕਿਉਂ ਫਿਰ ਰਹੇ ਹਨ? ਇੰਝ ਲਗ ਰਿਹਾ ਹੈ ਜਿਵੇਂ ਇਨਾ ਦੇ ਸਾਹਮਣੇ ਪੰਜਾਬ ਨੂੰ ਬਚਾਉਣਾ ਨਹੀਂ, ਬਲਕਿ ਉਸ ਨੂੰ ਬਰਬਾਦ ਹੋਇਆ ਵੇਖਣਾ ਹੈ। ਦੇਸ਼ ਵਿੱਚ ਰਾਜ ਕਰ ਰਹੀ ਕੇਂਦਰੀ ਸਰਕਾਰ ਦੀ ਵੀ ਇਹ ਹੀ ਸੋਚਣੀ ਹੈ ਕਿ ਪੰਜਾਬੀਆਂ ਨੂੰ ਇੱਕਠੇ ਨਾ ਹੋਣ ਦਿੱਤਾ ਜਾਵੇ। ਜੇ ਇਹ ਇਕੱਠੇ ਹੋ ਗਏ ਤਾਂ ਉਹ (ਭਾਜਪਾ) ਕਦੇ ਵੀ ਆਪਣੇ ਮਨਸੂਬਿਆਂ ਵਿੱਚ ਸਫਲ ਨਹੀਂ ਹੋ ਸਕੇਗੀ। ਜੇ ਪੰਜਾਬੀ ਅਜਿਹੀ ਹਾਲਤ ਵਿੱਚ ਵੀ ਨਾ ਸੰਭਲੇ ਤੇ ਆਪਸ ਵਿੱਚ ਟੋਟੇ ਟੋਟੇ ਹੋਏ ਰਹੇ ਤਾਂ ਇਹ ਹੀ ਉਨਾਂ ਤੇ ਪੰਜਾਬ ਦੇ ਪਤਨ ਦਾ ਕਾਰਨ ਬਣੇਗੀ। ਇਸ ਲਈ ਪੰਜਾਬੀਓ! ਤੁਸੀ ਹਾਲੇ ਵੀ ਸੰਭਲ ਜਾਉ, ਬਾਅਦ ਵਿੱਚ ਅੱਖਾਂ ਵਿੱਚ ਘਸੁੰਨ ਦੇ ਕੇ ਰੋਣ ਦਾ ਕੋਈ ਲਾਭ ਨਹੀਂ ਹੋਣਾ। ਤੁਹਾਨੂੰ ਦੇਸ਼ ਦੀ ਸਰਕਾਰ ਵਲੋਂ ਹੁਣ ਬੜੇ ਸਬਜ ਬਾਗ ਵਿਖਾਏ ਜਾਣਗੇ, ਬਿਹਾਰ ਦੀ ਤਰਾਂ ਵੱਡੇ ਵੱਡੇ ਲਾਭ ਦੇਣ ਲਈ ਹਜਾਰਾਂ, ਲੱਖਾਂ ਕਰੋੜ੍ਹ ਰੁਪਏ ਦੀ ਬੋਲੀ ਲਗਾ ਕੇ ਪੰਜਾਬ ਦੀ ਖੁਸ਼ਹਾਲੀ ਤੇ ਤਰੱਕੀ ਕੀਤੇ ਜਾਣ ਦਾ ਝਾਂਸਾ ਦੇ ਕੇ ਤੁਹਾਨੂੰ ਰੱਜ ਕੇ ਭਰਮਾਇਆ ਜਾਵੇਗਾ ਕਿ ਆਹ ਕੀਤਾ ਜਾਵੇਗਾ, ਓਹ ਕੀਤਾ ਜਾਵੇਗਾ। ਇਹ ਵੀ ਸੰਭਵ ਹੈ ਕਿ ਕੋਈ ਨਵਾਂ ਸਿੱਖ ਚਿਹਰਾ ਪੇਸ਼ ਕਰਕੇ ਉਸ ਕੋਲੋਂ ਪੰਜਾਬ ਤੇ ਪੰਜਾਬੀਆਂ ਦੇ ਕੁਝ ਕੰਮ ਕਰਵਾਏ ਜਾਣ, 1984 ਦੇ ਦੰਗਿਆਂ ਦੇ ਹੋਰ ਦੋਸ਼ੀ ਕਾਤਲਾਂ ਨੂੰ ਸਜਾਵਾਂ ਦੁਆਈਆਂ ਜਾਣ। ਇਸ ਸਬੰਧ ਵਿੱਚ ਇਕ ਕਾਤਲ ਸੱਜਣ ਕੁਮਾਰ ਦੇ ਨਾਂ ਨੂੰ ਘੁੰਮਾਇਆ ਜਾਵੇਗਾ। ਇਹ ਵੀ ਹੋ ਸਕਦਾ ਹੈ ਸਿੱਖਾਂ ਤੇ ਪੰਜਾਬੀਆਂ ਦੀਆਂ ਵੋਟਾਂ ਲੈਣ ਲਈ ਇਕ ਦੋ ਹੋਰ ਦੰਗਿਆਂ ਦੇ ਦੋਸ਼ੀਆਂ ਉਤੇ ਕਾਰਵਾਈਆਂ ਵੀ ਕਰ ਦੇਣ। ਹੁਣ ਕਿਉਂਕਿ ਚੋਣਾਂ ਦਾ ਬਿਗਲ ਵੱਜਣ ਵਾਲਾ ਹੈ, ਇਨਾਂ ਨੂੰ ਸੁਮੇਂਧ ਸੈਣੀ ਵੀ ਚੇਤੇ ਆ ਗਿਆ ਤੇ ਪਰਮਰਾਜ ਸਿੰਘ ਉਮਰਾ ਨੰਗਲ ਵੀ ਦਿੱਸਣ ਲਗ ਪਿਆ। ਇਹ ਸਭ ਕੁਝ ਚੋਣਾਂ ਨੇੜ੍ਹੇ ਹੀ ਕਿਉਂ? ਜਰਾ ਰੁਕੋ ਇਨਾਂ ਨੂੰ ਹੋਰ ਵੀ ਬੀਤੇ ਸਮੇਂ ਵਿੱਚ ਸਿੱਖਾਂ ਤੇ ਜੁਲਮ ਢਾਹੁੰਣ ਵਾਲੇ ਵੀ ਲੱਭਣੇ ਸ਼ੁਰੂ ਹੋ ਜਾਣਗੇ। ਇਹ ਵੀ ਹੋ ਸਕਦਾ ਹੈ ਕਿ ਕੁਝ ਨਿਰਦੋਸ ਸਿੱਖ ਕੈਦੀ ਜਿਹੜੇ ਕਈ ਦਹਾਕਿਆਂ ਤੋਂ ਆਪਣੀਆਂ ਸਜਾਵਾਂ ਭੁਗੱਤ ਚੁੱਕੇ ਹਨ। ਉਨਾਂ ਨੂੰ ਰਿਹਾ ਕਰ ਦਿੱਤਾ ਜਾਵੇ। ਪੰਜਾਬ ਨੂੰ ਜਿੱਤਣਾ ਉਨਾਂ ਦੀ ਵੱਡੀ ਮਜਬੂਰੀ ਹੈ। ਪੰਜਾਬ ਵਿੱਚ ਇਕ ਵਾਰ ਇਨਾਂ ਦੀ ਸਰਕਾਰ ਬਣ ਗਈ, ਫਿਰ "ਤੂੰ ਕੋਣ" ਤੇ 'ਮੈਂ ਕੋਣ', ਜਿਵੇਂ ਪਹਿਲਾਂ 2014 ਦੀਆ ਚੋਣਾਂ ਵਿੱਚ ਦੇਸ਼ ਦੀ ਜੰਨਤਾ ਨੂੰ ਬੜੇ ਸਬਜ ਬਾਗ ਵਿਖਾਏ ਗਏ, ਕਿ ਉਨਾਂ ਦੀਆਂ ਸੱਮਸਿਆਵਾਂ ਮਹਿੰਗਾਈ ਬੇਰੁਜਗਾਰੀ, ਭ੍ਰਿਸ਼ਟਾਚਾਰ ਨੂੰ ਬਿਲਕੁਲ ਖਤਮ ਕਰ ਦਿੱਤਾ ਜਾਵੇਗਾ, ਦੇਸ਼ ਦਾ ਵਿਦੇਸ਼ਾਂ ਵਿੱਚ ਪਿਆ ਕਾਲਾ ਧੰਨ ਵਾਪਿਸ ਲਿਆਂਦਾ ਜਾਵੇਗਾ। ਹਰ ਸਾਲ ਨੌਜੁਆਨਾਂ ਨੂੰ ਦੋ ਕਰੋੜ੍ਹ ਨੋਕਰੀਆਂ ਦਿੱਤੀਆਂ ਜਾਣਗੀਆਂ, ਕਿਸਾਨਾਂ ਨੂੰ ਜਿਨਸਾਂ ਦੇ ਵਾਜਬ ਭਾਅ ਦੇ ਕੇ ਉਨਾਂ ਦੀ ਆਰਥਕ ਹਾਲਤ ਸੁਧਾਰੀ ਜਾਵੇਗੀ। ਪਰ ਹੁਣ ਸੁਆਲ ਉਠੱਦਾ ਹੈ ਕਿ ਛੇ ਸਾਲਾਂ ਤੋਂ ਇਹ ਸਰਕਾਰ ਰਾਜ ਕਰ ਰਹੀ ਹੈ, ਜੋ ਇਨਾਂ ਨੇ ਕਿਹਾ ਸੀ ਉਹ ਹੋਇਆ ਹੈ। ਤੁਹਾਡਾ ਉਤਰ ਹੋਵੇਗਾ 'ਨਹੀਂ' 'ਨਹੀਂ'। ਇਸ ਸਰਕਾਰ ਨੇ ਲੋਕਾਂ ਦੀ ਹਾਲਤ ਸੁਧਾਰਨ ਦੀ ਬਜਾਏ ਕੀਤਾ ਕੀ 'ਨੋਟ ਬੰਦੀ' ਆਮ ਲੋਕ ਜੋ ਰੋਜ ਕਮਾ ਕੇ ਖਾਂਦੇ ਸਨ ਉਨਾਂ ਨੂੰ ਬੈਂਕਾਂ ਦੀਆਂ ਲਾਈਨਾਂ ਵਿੱਚ ਲਗਵਾ ਕੇ ਸਵਾ ਸੌ ਦੇ ਕਰੀਬ ਲੋਕ ਆਪਣੇ ਹੀ ਪੈਸੇ ਲੈਣ ਜਾਂ ਬਦਲਾਉਣ ਲਈ ਗਏ ਸਨ । ਸਰਕਾਰ ਦੀ ਗੰਦੀ ਨੀਤੀ ਦੀ ਭੇਟ ਚੜ੍ਹ ਗਏ ਤੇ ਅਮੀਰਾਂ ਦੇ ਨੋਟਾਂ ਦੇ ਥੱਬਿਆਂ ਦੇ ਥੱਬੇ ਘਰ ਬੈਠੇ ਹੀ ਤਬਦੀਲ ਹੋ ਗਏ। ਸਭ ਤੋਂ ਵੱਧ ਕਾਲੇ ਧੰਨ ਨੂੰ ਸਫੈਦ ਕਰਨ ਵਿੱਚ ਇਸੇ ਰਾਜ ਕਰ ਰਹੀ ਭਾਰਤੀ ਜੰਨਤਾ ਪਾਰਟੀ ਦੇ ਸਿੱਖਰਾਂ ਦੇ ਆਗੂਆਂ ਦੇ ਨਾਂ ਵੱਜਦੇ ਰਹੇ ਸਨ। ਜਿਨਾਂ ਨੇ ਪ੍ਰਾਈਵੇਟ ਬੈਂਕਾਂ ਦੇ ਉਚੱ ਅਧਿਕਾਰੀ ਹੁੰਦਿਆਂ ਸਰਕਾਰ ਦਾ ਨਜਾਇਜ ਤੌਰਤੇ ਲਾਹਾ ਲਿਆ। ਸਰਕਾਰ ਦਾ ਸਾਰਾ ਜੋਰ ਬੈਂਕਾਂ, ਪੋਸਟ ਆਫਿਸਾਂ, ਏਅਰ ਪੋਰਟਾਂ, ਰੇਲਵੇ, ਬੀ ਐਸ ਐਨ ਐ.ਲ, ਬੀਮਾ ਕੰਪਨੀਆਂ ਆਦਿ ਅਨੇਕਾਂ ਸਰਕਾਰੀ ਸੰਪਤੀਆਂ ਨੂੰ ਕੌਡੀਆਂ ਦੇ ਭਾਅ ਆਪਣੇ ਅੰਬਾਨੀਆਂ, ਅਡਾਨੀਆਂ ਨੂੰ ਦੇ ਕੇ ਹੋਰ ਅਮੀਰ ਬਣਾਇਆ ਜਾ ਰਿਹਾ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਗੁਜਰਾਤੀ ਹੈ ਇਸ ਦੇ ਆਲੇ ਦੁਆਲੇ ਵੀ ਗੁਜਰਾਤੀਆਂ ਦੀ ਹੇੜ੍ਹ ਲਗੀ ਹੋਈ ਹੈ ਜੋ ਕਿ ਵਿਉਪਾਰੀਆਂ ਦੀ ਜਮਾਤ ਕਰਕੇ ਜਾਣੇ ਜਾਂਦੇ ਹਨ। ਅੱਜ ਦੇਸ਼ ਦਾ ਪ੍ਰਧਾਨ ਮੰਤਰੀ ਗੁਜਰਾਤੀ, ਗ੍ਰਹਿ ਮੰਤਰੀ ਗੁਜਰਾਤੀ, ਰੀਜਰਵ ਬੈਂਕ ਦਾ ਮੁੱਖੀ ਗੁਜਰਾਤੀ, ਸੀ ਬੀ ਆਈ ਦਾ ਮੁੱਖੀ ਗੁਜਰਾਤੀ, ਅਬਾਨੀ, ਅੰਡਾਨੀ, ਲਲਿਤ ਮੋਦੀ, ਮੁਕੇਸ਼ ਅਬਾਨੀ, ਨੀਰਵ ਮੌਦੀ, ਮੇਹੁਲ ਇਹ ਸਭ ਲੋਟੂ ਢਾਣਾ ਵੀ ਗੁਜਰਾਤੀ, ਬੈਂਕਾਂ ਨੂੰ ਲੁੱਟ ਰਹੇ ਗੁਜਰਾਤੀ, ਦੇਸ਼ ਵਿੱਚ ਜਿਨਾਂ ਨੂੰ ਵੱਡੇ ਵੱਡੇ ਠੇਕੇ ਦਿਤੇ ਜਾ ਰਹੇ ਹਨ ਉਹ ਵੀ ਗੁਜਰਾਤੀ ਹਨ, ਸਭ ਪਾਸੇ ਗੁਜਰਾਤੀ ਹੀ ਗੁਜਰਾਤੀ ਹੀ ਹੋ ਰਿਹਾ ਹੈ। ਸਰਕਾਰ ਦੀਆਂ ਗਲਤ ਨੀਤੀਆ ਕਾਰਨ ਕਰੋੜਾਂ ਲੋਕ ਜੋ ਰੁਜਗਾਰ ਤੇ ਲੱਗੇ ਹੋਏ ਸਨ, ਬੇਰੁਜਗਾਰ ਕਰਕੇ ਘਰ ਬਿੱਠਾ ਦਿੱਤੇ ਗਏ ਹਨ, ਲੋਕਾਂ ਨੂੰ ਰੁਜਗਾਰ ਤਾਂ ਕੀ ਦੇਣੇ ਸਨ। ਪੰਜਾਬ ਦੇਸ਼ ਦਾ ਸਰਹੱਦੀ ਸੂਬਾ ਹੋਣ ਕਰਕੇ ਇਥੋਂ ਦੇ ਲੋਕਾਂ ਨੂੰ ਨਿੱਤ ਮੁਹਿੰਮਾਂ ਨਾਲ ਜੂਝਣਾ ਪਿਆ, ਇਸ ਕਰਕੇ ਇਹ ਬਹਾਦਰ , ਅੱਣਖੀ ਤੇ ਆਪਸੀ ਸਾਂਝਾ ਨਾਲ ਰਹਿੰਦੇ ਹਨ ।ਪ੍ਰੋ ਪੂਰਨ ਸਿੰਘ ਨੇ ਪੰਜਾਬੀਆਂ ਦੇ ਸੁਭਾਅ ਬਾਰੇ ਜਿਕਰ ਕਰਦਿਆਂ ਕਿਹਾ ਹੈ ਕਿ ਉ ਪਿਆਰ ਨਾਲ ਇਹ ਕਰਨ ਗੁਲਾਮੀ, ਜਾਨ ਕੋਹ ਆਪਣੀ ਵਾਰ ਦੇਂਦੇ, ਪਰ ਟੈਂ ਨਾ ਮੰਨਣ ਕਿਸੇ ਦੀ, ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ"। ਇਹ ਪੰਜਾਬ ਦੀ ਧਰਤੀ ਗੁਰੂਆਂ ਪੀਰਾਂ, ਪੈਗੰਬਰਾਂ ਦੀ ਧਰਤੀ ਹੈ। ਇਸ ਦੇ ਰਹਿਬਰਾਂ ਨੇ ਇਥੋਂ ਦੇ ਵਾਸੀਆਂ ਨੂੰ ਜਿਥੇ ਜਬਰ ਜੁਲਮ ਵਿਰੁੱਧ ਲੜਣ ਦੀ ਸਿਖਿਆ ਦਿੱਤੀ, ਉਥੇ ਆਪਸ ਵਿੱਚ ਰਲ ਮਿਲ ਕੇ ਰਹਿਣ ਤੇ ਸਰਬਸਾਂਝੀਵਾਲਤਾ ਦਾ ਸੁਨੇਹਾ ਵੀ ਦਿੱਤਾ ।ਇਸੇ ਕਰਕੇ ਉਹ ਆਪਣੇ ਏਕੇ ਨਾਲ ਹਰ ਜਾਬਰ ਦਾ ਮੂੰਹ ਭੰਨਦੇ ਰਹੇ ਹਨ। ਪਿਛਲਾ ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਕਿ 'ਪੰਜਾਬ' ਦੀ ਦਿੱ.ਲੀ ਦੇ ਤੱਖਤ ਨਾਲ ਹਮੇਸ਼ਾਂ ਹੀ ਟੱਕਰ ਰਹੀ ਹੈ। ਕਿਉਂ ਕਿ "ਦਿੱਲੀ" ਲੋਕਾਂ ਤੇ ਜੁਲਮ ਢਾਹੁੰਦੀ ਰਹੀ ਹੈ ਤੇ ਪੰਜਾਬੀ ਉਸ ਵਿਰੁੱਧ ਜੂੱਝਦੇ ਰਹੇ ਹਨ। ਪਰ ਇਹ 'ਦਿੱ.ਲੀ ਦਾ ਤੱਖਤ' ਕਦੇ ਵੀ ਪੰਜਾਬ ਨੂੰ ਆਪਣੀ ਗਲਤ 'ਈਨ 'ਮਨਾ ਕੇ ਜਿੱਤ ਨਹੀਂ ਸਕਿਆ, ਨਾ ਹੀ ਇਸ ਦੇ ਵਾਸੀਆਂ ਨੇ ਉਸ ਦੀ ਈਨ ਮੰਨੀ। ਕਿਉਂ ਕਿ ਇਹ ਆਪਸ ਵਿੱਚ ਰੱਲ ਕੇ ਰਹਿਣ ਦੇ ਸ਼ੁਦਾਈ ਹਨ। ਇਸੇ 'ਪੰਜਾਬ'ਨੂੰ ਸਰ ਕਰਨ ਲਈ ਬੜੇ ਧਾੜਵੀ ਸਿਕੰਦਰ, ਪੋਰਸ, ਨਾਦਰ ਸ਼ਾਹ, ਜਕਰੀਆ ਖਾਨ ਆਦਿ ਵਰਗੇ ਆਏ , ਪਰ ਆਪਣਾ ਬੁਥਾੜਾ ਭੰਨਵਾ ਕੇ ਤੇ ਚਿੱਤ ਹੋ ਕੇ ਪੰਜਾਬ ਕੋਲੋਂ ਜਾਂਦੇ ਰਹੇ। ਇਹੋ ਕੁਝ ਮੁਗਲੀ ਬਾਦਸ਼ਾਹ ਔਰੰਗਜੇਬ ਨਾਲ ਹੋਇਆ ਸੀ। ਜਿਸ ਨੇ ਠਾਣੀ ਸੀ ਕਿ ਉਹ ਹੋਰ ਸਾਰੇ ਧਰਮਾਂ ਦਾ ਭੋਗ ਪਾ ਕੇ ਦੇਸ਼ ਵਿੱਚ ਇਕੋ "ਮੁਸਲਿਮ" ਧਰਮ ਦਾ ਝੰਡਾ ਝੁਲਾਉਣਾ ਹੈ। ਪਰ ਉਸ ਦੀਆਂ ਸਾਰੀਆਂ ਸੱਧਰਾਂ ਦਿੱਲ ਦੀਆਂ ਦਿੱਲ ਵਿੱਚ ਰਹਿ ਗਈਆਂ, ਉਹ ਵੀ ਹੱਥ ਮੱਲਦਾ, ਇਸ ਸੰਸਾਰ ਤੋਂ ਚੱਲਦਾ ਬਣਿਆ। ਉਹਦਾ ਮਨਸੂਬਾ ਕਦੇ ਪੂਰਾ ਨਾ ਹੋਇਆ। ਜਿਸ ਕਿਸੇ ਨੇ ਗੁਰੂ ਖਾਲਸੇ ਦੇ ਪੰਥ ਜਾਂ ਪੰਜਾਬੀਆਂ ਨਾਲ ਗੱਲਤ ਆਡਾ ਲਾਇਆ ਉਸ ਦਾ ਖੁੱਰਾ ਖੋਜ ਮਿੱਟ ਜਾਂਦਾ ਰਿਹਾ । ਚਾਹੇ ਉਹ ਅੰਗਰੇਜ ਸਨ ਜਾਂ ਫਿਰ ਕਾਂਗਰਸ ਪਾਰਟੀ ਹੀ ਕਿਉਂ ਨਹੀਂ ਸੀ। ਅੱਜ ਵੀ ਉਹੋ ਕੁਝ ਦੇਸ਼ ਦੀ ਕਟੱੜ੍ਹ ਪੰਥੀ "ਹਿੰਦੂਆਂ" ਦੀ ਸਰਕਾਰ ਵਲੋਂ ਦੁਹਰਾਇਆ ਜਾ ਰਿਹਾ ਹੈ। ਇਹ ਸਰਕਾਰ ਵੀ ਔਰੰਗਜੇਬ ਵਾਂਗੂ ਸਭ ਨੂੰ ਜਬਰੀ "ਹਿੰਦੂ" ਬਣਾਉਣ ਦੇ ਰਾਹ ਤੇ ਤੁੱਰੀ ਹੋਈ ਹੈ। ਭਾਰਤ ਵਿੱਚ ਇਸ ਕਟੱੜ ਹਿੰਦੂ ਸੋਚ ਦੇ ਲੋਕ ਸ਼ਾਇਦ 10% ਵੀ ਨਾ ਹੋਣ, ਪਰ ਇਸ ਸੋਚ ਦੀ ਧਾਰਨੀ ਦੇਸ਼ ਤੇ ਕਾਬਜ ਸਰਕਾਰ ਨੇ ਇਹ ਨਾਹਰਾ ਦਿੱਤਾ ਹੋਇਆ ਹੈ ਕਿ ਦੇਸ਼ ਨੂੰ "ਹਿੰਦੂ ਰਾਸ਼ਟਰ" ਬਣਾਉਣਾ ਹੈ। ਇਸ ਤਹਿਤ ਉਸ ਨੇ "ਇਕ ਰਾਸ਼ਟਰ, ਇਕ ਧਰਮ, ਇਕ ਸੰਵਿਧਾਨ ਤੇ ਇਕ ਬੋਲੀ" ਦਾ ਨਾਹਰਾ ਦਿੱਤਾ ਹੋਇਆ ਹੈ। ਉਨਾਂ ਨੇ ਕੀ ਖਾਣਾ, ਕੀ ਪਹਿਨਣਾ ਤੇ ਕੀ ਪੜ੍ਹਣਾ ਹੈ ਇਸ ਦਾ ਫੈਸਲਾ ਸਰਕਾਰ ਨੇ ਕਰਕੇ ਦੇਣਾ ਹੈ ।ਜਿਸ ਤਹਿਤ ਘੱਟ ਗਿਣਤੀਆਂ, ਮੁਸਲਮਾਨਾਂ, ਸਿੱਖਾਂ ਦਲਿਤਾਂ ਤੇ ਜੁਲਮ ਢਾਹੇ ਜਾ ਰਹੇ ਹਨ। ਉਨਾਂ ਨੂੰ ਇਸ ਕਦਰ ਜੁਲਮ ਕਰਕੇ ਡਰਾਇਆ ਜਾ ਰਿਹਾ ਹੈ ਕਿ ਉਹ ਇਨਾਂ ਦੀ ਇਸ ਈਨ ਨੂੰ ਮੰਨ ਲੈਣ। ਉਹ ਮੰਨੂਵਾਦੀ ਸਿਧਾਂਤ ਲਾਗੂ ਕਰਕੇ ਸਿਰਫ ਬ੍ਰਾਹਮਣਾਂ ਦੇ ਹੱਥ ਵਿੱਚ ਦੇਸ਼ ਦੀ ਸਾਰੀ ਵਾਗਡੋਰ ਸੋਪਣਾ ਚਾਹੁੰਦੇ ਹਨ। ਦੇਸ਼ ਦੇ ਰਾਸ਼ਟਰਪਤੀ ਤੋਂ ਲੈ ਕੇ ਪ੍ਰਧਾਨ ਮੰਤਰੀ, ਵਜੀਰ, ਅਦਾਲਤਾਂ ਦੇ ਮੁੱਖ ਜੱਜ ਤੇ ਹੋਰ ਜੱਜਾਂ ਸਮੇਤ ਸਾਰੇ ਜੱਜ, ਉੱਚ ਅਹੁੱਦੇ ਇਨਾਂ ਬ੍ਰਾਹਮਣਾਂ ਦੇ ਹੱਥ ਹੀ ਹੋਣਗੇ ਜਿਵੇਂ ਬ੍ਰਾਹਮਣ ਪਹਿਲਾਂ ਲੋਕਾਂ ਨਾਲ ਕਰਦੇ ਸਨ ਉਹੋ ਜਿਹੇ ਜੁਲਮ ਢਾਹੁਣੇ ਫਿਰ ਸ਼ੁਰੂ ਹੋ ਜਾਣ। ਬ੍ਰਾਹਮਣ ਆਪ ਭਾਵੇਂ ਕਿੰਨੇ ਮਾੜੇ ਤੋਂ ਮਾੜੇ ਜੁਰਮਾਂ ਬਲਾਤਕਾਰਾਂ, ਕਤਲਾਂ ਵਰਗੇ ਕਿਉਂ ਨਾ ਕਰ ਲੈਣ, ਉਨਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਹੋਵੇਗਾ ਨਾ ਹੀ ਉਹਨਾਂ ਤੇ ਕੋਈ ਕਾਨੂੰਨ ਲਾਗੂ ਹੋਵੇਗਾ। ਉਹ ਮੁੜ ਕੇ ਚਾਰ ਵਰਣਾਂ ਬ੍ਰਾਹਮਣ, ਖੱਤਰੀ, ਵੇਸ਼ ਤੇ ਸੂਦਰ ਵਿੱਚ ਲੋਕਾਂ ਨੂੰ ਵੰਡਣਾ ਚਾਹੁੰਦੇ ਹਨ। ਜਿਸ ਤੋਂ ਪਹਿਲਾਂ ਉਹ ਬੜੀ ਮੁਸ਼ਕਲ ਨਾਲ ਨਿਜਾਤ ਪਾ ਕੇ ਆਏ ਸਨ। ਇਸਤਰੀਆਂ ਤੇ ਘੱਟਗਿੱਣਤੀਆਂ ਜਿਨਾਂ ਵਿੱਚ ਮੁਸਲਮਾਨ, ਸਿੱਖ, ਈਸਾਈ, ਦਲਿਤ ਆਦਿ ਸ਼ਾਮਲ ਹਨ, ਇਹ ਸਭ ਸੂਦਰ ਗਿਣੇ ਜਾਣਗੇ। ਇਹਨਾਂ ਕੋਲ ਕਿਸੇ ਪ੍ਰਕਾਰ ਦੀ ਵੋਟ ਪਾਉਣ ਦਾ ਅਧਿਕਾਰ ਤਕ ਨਹੀਂ ਹੋਵੇਗਾ। ਇਹ ਗੁਪਤ ਏਜੰਡਾ ਹਿੰਦੂਆਂ ਦੀ ਕਟੱੜ੍ਹ ਜਥੇਬੰਦੀ ਰ ਸ ਸ ਦਾ ਹੈ। ਜਿਹੜਾ ਕਈ ਵਾਰੀ ਸੋਸਲ ਮੀਡੀਆ ਤੇ ਜੱਗ ਜਾਹਰ ਹੋ ਚੁੱਕਾ ਹੈ। ਪੰਜਾਬ ਦੇ ਪਿਛਲੇ ਸਾਰੇ ਮਸਲਿਆਂ ਨੂੰ ਉਲਝਾਉਣ ਵਿੱਚ ਇਸੇ ਫਿਰਕੂ ਪਾਰਟੀ ਦਾ ਰੋਲ ਰਿਹਾ ਹੈ। ਜੋ ਇਸ ਸਮੇਂ ਕੇਂਦਰ ਵਿੱਚ ਰਾਜ ਕਰ ਰਹੀ ਹੈ। ਜੋ ਕਦੇ ਭਾਰਤੀ ਜੰਨ ਸੰਘ ਦੇ ਨਾਂ ਹੇਠ ਹੁੰਦੀ ਸੀ ਤੇ ਹੁਣ ਭਾਰਤੀ ਜੰਨਤਾ ਪਾਰਟੀ ਦੇ ਨਾਂ ਹੇਠ ਦੇਸ਼ ਵਿੱਚ ਰਾਜ ਕਰ ਰਹੀ ਹੈ। ਪੰਜਾਬੀਓ ਇਨਾਂ ਦੇ ਪਿਛਲੇ ਇਤਿਹਾਸ ਤੋਂ ਹੀ ਸਬਕ ਲੈ ਲਉ। ਕਿਸੇ ਸਮੇਂ ਪੰਜਾਬ ਵਿੱਚ ਸਿੱਖਾਂ ਦੀ ਇਕ ਸ਼੍ਰੋਮਣੀ ਅਕਾਲੀ ਦੱਲ ਪਾਰਟੀ ਹੁੰਦੀ ਸੀ ਜਿਸ ਦਾ ਪਿਛੋਕੜ੍ਹ ਦਾ ਇਤਿਹਾਸ ਬੜਾ ਸ਼ਾਨਦਾਰ ਸੀ। ਇਸ ਦੀ ਬੁਨਿਆਦ ਬੜੀਆਂ ਕੁਰਬਾਨੀਆਂ ਦੇਣ ਉਪਰੰਤ ਬਣੀ ਸੀ। ਪਰ ਜਦੋਂ ਤੋਂ ਮਤਲਬੀ ਅਕਾਲੀ ਲੀਡਰ ਇਸ ਪਾਰਟੀ ਦੇ ਆਗੂ ਬਣੇ, ਉਨਾਂ ਨੇ ਆਪਣਾ ਅਕਸ ਤਾਂ ਖਰਾਬ ਕਰਨਾ ਹੀ ਸੀ ਪਰ ਉਨਾਂ ਨੇ ਪਾਰਟੀ ਨੂੰ ਵੀ ਰਸਾਤਲ ਵਿੱਚ ਧੱਸਾ ਦਿੱਤਾ ਹੈ। ਕਿਉਂਕਿ ਉਨਾਂ (ਭਾਜਪਾ) ਨੇ ਇਸ ਪਾਰਟੀ (ਸ਼੍ਰੋਮਣੀ ਅਕਾਲੀ ਦਲ) ਨਾਲ ਇੰਝ ਦੀ ਭਿਆਲੀ ਪਾਈ ਕਿ ਉਨਾਂ ਨਾਲ ਕਦੇ ਰਿਸ਼ਤਾ ਵੱਡੇ ਭਰਾ ਵਾਲਾ, ਕਦੇ ਨਹੁੰ ਮਾਸ ਵਾਲਾ, ਪਤਾ ਨਹੀਂ ਹੋਰ ਕਿਹੜੇ ਕਿਹੜੇ ਵਿਸ਼ੇਸ਼ਣ ਲਾ ਕੇ ਵਾਲਾ ਦਸਿਆ ਜਾਦਾ ਸੀ। ਪਰ ਹੁਣ ਅਕਾਲੀਆਂ ਦੀ ਹਾਲਤ ਕੱਚੀ ਲੱਸੀ ਤੋਂ ਪਤਲੀ ਕਰਕੇ ਉਹ ਹੀ (ਭਾਰਤੀ ਜਨਤਾ ਪਾਰਟੀ) ਅੱਜ ਕਲ ਕਦੇ ਵੱਡੇ ਭਰਾ ਤੇ ਕਦੇ ਪੰਜਾਬ ਦੀਆਂ ਅੱਧੇ ਤੋਂ ਵੱਧ ਸੀਟਾਂ ਲੈਣ ਲਈ ਇਨਾਂ ਅਕਾਲੀ ਲੀਡਰਾਂ ਨੂੰ ਅੱਖਾਂ ਵਿਖਾ ਰਹੇ ਹਨ।

ਉਹਨਾਂ (ਅਕਾਲੀਆਂ) ਨੇ ਜੇ ਕਦੇ ਇਨਾਂ ਦੇ ਫਿਤਰਤੀ ਸੁਭਾਓ ਨੂੰ ਵਾਚਿਆ ਹੁੰਦਾ ਤਾਂ ਅੱਜ ਉਹ ਇਸ ਮੁਹਾਣੇ ਤੇ ਨਾ ਪੁੱਜਦੇ। ਪੰਜਾਬੀਓ, ਤੁਹਾਡਾ ਅਮੀਰ ਵਿਰਸਾ ਜਬਰ ਜੁਲਮ ਵਿਰੁੱਧ ਲੜਨ ਵਾਲਾ ਸੀ, ਉਹਨਾਂ ਨੇ ਤੁਹਾਡਾ ਇਹ ਵਿਰਸਾ ਉਦੋਂ ਦਾ ਮਾਰ ਮੁੱਕਾ ਦਿੱਤਾ ਸਮਝਿਆ ਹੋਇਆ ਹੈ, ਜਦੋਂ ਤੁਸੀਂ ਪੰਜਾਬ, ਮਾਂ ਬੋਲੀ ਉਪੰਜਾਬੀ" ਤੇ ਪੰਜਾਬ ਦੇ ਸਾਰੇ ਹਿੱਤ ਵਿਸਾਰ ਦਿੱਤੇ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦੱਬੀਆਂ ਨੂੰ ਨਜਰ ਅੰਦਾਜ ਕਰਦੇ ਰਹੇ, ਸ੍ਰੀ ਅਕਾਲ ਤਖਤ ਨੂੰ ਆਪਣੇ ਹਿੱਤਾਂ ਲਈ ਵਰਤਦੇ ਹੋਏ ਬਲਾਤਕਾਰੀ ਸਾਧਾਂ ਨੂੰ ਸਿਰਫ ਵੋਟਾਂ ਦੀ ਖਾਤਰ ਬਿਨ ਮੁਆਫੀ ਮੰਗੇ ਅਖੌਤੀ ਜਥੇਦਾਰਾਂ ਕੋਲੋਂ ਮੁਆਫੀ ਦੁਆ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਸਿੱਖ ਧਰਮ ਨੂੰ ਢਾਹ ਲਗਾਉਂਦੇ ਰਹੇ, ਸ਼ਾਤਮਈ ਢੰਗ ਨਾਲ ਹੱਕ ਇਨਸਾਫ ਦੀ ਮੰਗ ਕਰਦਿਆਂ "ਸਤਿਨਾਮ, ਵਾਹਿਗੁਰੂ" ਦਾ ਜਾਪ ਕਰਦੀਆਂ ਸੰਗਤਾਂ ਨੂੰ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾਉਂਦੇ ਰਹੇ। ਉਹ ਹੀ ਸੂਬਿਆਂ ਨੂੰ ਵੱਧ ਅਧਿਕਾਰਾਂ ਨੂੰ ਦੇਣ ਦੀ ਮੰਗ ਕਰਨ ਵਾਲੀ , ਕਿਸਾਨਾਂ ਤੇ ਘਟ ਗਿੱਣਤੀਆਂ ਵਾਲੀ ਪਾਰਟੀ ਨੂੰ ਉਨਾਂ ਦੇ ਵਿਰੁੱਧ ਹੀ ਭੁਗਤਾਉਂਦੇ ਰਹੇ ਤੇ ਹਾਕਮ ਪਾਰਟੀ ਦੇ ਹੱਕ ਵਿੱਚ ਆਪਣੀਆਂ ਲਾਲਸਾਵਾਂ ਨੂੰ ਪੂਰਿਆਂ ਕਰਨ ਲਈ ਉਨਾਂ ਦਾ ਗਲਤ ਪੱਖ ਪੂਰਦੇ ਰਹੇ। ਇਹ ਵੀ ਭੁੱਲ ਗਏ ਕਿ ਧਾਰਾ 370 ਦੇ ਹੱਕ ਵਿਚ ਅਵਾਜ ਉਠਾਉਣੀ ਹੈ, ਕਿਸਾਨੀ ਦੇ ਹੱਕ ਵਿੱਚ ਲੜ੍ਹਣ ਵਾਲੇ ਹੁੰਦੇ ਹੋਏ ਤੁਸੀ ਤਾਂ ਹੱਦ ਹੀ ਕਰ ਦਿੱਤੀ ਕਿ ਜਦੋਂ ਕਿਸਾਨੀ ਦੇ ਹੱਕ ਵਿੱਚ ਡੱਟਣ ਦੀ ਬਜਾਏ ਉਨਾਂ ਦੇ ਵਿਰੁੱਧ ਭਾਰਤੀ ਜੰਨਤਾ ਪਾਰਟੀ ਵਲੋਂ ਪਾਸ ਕੀਤੇ ਜਾ ਰਹੇ ਤਿੰਨ ਆਰਡੀਨੈਂਸਾਂ ਦੇ ਹੱਕ ਵਿੱਚ ਖੜੋ ਕੇ ਆਪਣਾ ਰਹਿੰਦਾ ਖੂਹੰਦਾ ਜਨਾਜਾ ਵੀ ਕੱਢਾ ਲਿਆ ।

ਤੁਸੀ ਆਪਣੇ ਘਾਗ ਸਿਆਸਤ ਹੋਣ ਦੀ ਦੁਹਾਈ ਦੇਂਦੇ ਰਹੇ ਤੇ ਉਨਾਂ (ਭਾਜਪਾ) ਨੇ ਤੁਹਾਡੀਆਂ ਅੱਖਾਂ ਤੇ ਅਜਿਹੀ ਪੱਟੀ ਬੰਨਾਈ ਰੱਖੀ ਕਿ ਉਹ ਹੀ ਪਾਰਟੀ ਜਿਸ ਦਾ ਚੋਣਾਂ ਸਮੇ ਪੰਜਾਬ ਵਿੱਚ ਕਦੇ ਖਾਤਾ ਨਹੀਂ ਸੀ ਖੁੱਲਦਾ ਹੁੰਦਾ, ਉਸੇ ਪਾਰਟੀ ਨੂੰ ਇਤਨਾ ਸਿਰ ਤੇ ਚੜ੍ਹਾ ਲਿਆ ਕਿ ਉਨਾਂ ਨੇ ਇਸੇ ਅਕਾਲੀ ਪਾਰਟੀ ਜਿਸ ਦੀ ਬੁਨਿਆਦ ਪਤਾ ਨਹੀਂ ਕਿੰਨੇ ਖੂਨ ਨਾਲ ਰੰਗ ਕੇ ਮਜਬੂਤ ਬੰਨੀ ਗਈ ਸੀ। ਉਸ ਕੋਲੋਂ ਗਲਤ ਤੇ ਗਲਤ ਕੰਮ ਕਰਵਾ ਕਰਵਾ ਕੇ ਵਿਚੋਂ ਵਿੱਚ ਇਸ ਪਾਰਟੀ ਨੂੰ ਚੂਹਿਆਂ ਵਾਂਗੂ ਕੁਤਰ ਕੁਤੱਰ ਕੇ ਖਾਂਦੀ ਰਹੀ ਤੇ ਅੱਜ ਉਸ ਨੂੰ ਪੰਜਾਬ ਵਿਚੋਂ ਖਤਮ ਕਰਨ ਦੇ ਕਗਾਰ ਤੇ ਪਹੁੰਚਾ ਦਿੱਤਾ ਹੈ। ਇਸ ਅਕਾਲੀ ਪਾਰਟੀ ਨੂੰ ਤਾਂ ਹੋਰ ਬਹੁਤ ਸਾਰੇ ਪੰਜਾਬ ਦੇ ਨਿੱਧੜਕ ਤੇ ਨਿਰਸੁਆਰਥ ਆਗੂ ਵੇਲੇ ਕੁਵੇਲੇ ਸਾਂਭ ਲੈਣਗੇ। ਪਰ ਤੁਹਾਡਾ (ਸੁਆਰਥੀ ਲੀਡਰਾਂ) ਨਾਮੋ ਨਿਸ਼ਾਨ ਮਿਟ ਜਾਵੇਗਾ। ਜਦੋਂ ਤਕ ਇਹ ਸੁਆਰਥੀ ਲੀਡਰ ਜੀਉਂਦੇ ਰਹਿਣਗੇ, ਧਰਤੀ ਤੇ ਭਾਰ ਬਣੇ ਹੋਏ ਆਪਣੇ ਆਪ ਨੂੰ ਮਹਿਸੂਸ ਕਰਦੇ ਰਹਿਣਗੇ। ਕਦੇ ਇਸ ਘਾਗ ਕਹਿਣ ਵਾਲੇ ਲੀਡਰ ਨੇ ਕਿਆਸ ਵੀ ਨਹੀਂ ਕੀਤਾ ਹੋਣਾ ਕਿ ਅਖੀਰਲੀ ਉਮਰੇ ਉਸ ਨੂੰ ਆਪਣੇ ਪਤਨ ਦੇ ਇਹ ਦਿਨ ਵੀ ਦੇਖਣੇ ਪੈਣਗੇ। ਜੋ ਕੁਝ ਇਨਾਂ ਨਾਲ ਵਾਪਰਿਆ ਹੈ ਜਾਂ ਹੁਣ ਵਾਪਰ ਰਿਹਾ ਹੈ, ਸ੍ਰ ਸੁਖਦੇਵ ਸਿੰਘ ਢੀਂਡਸਾ ਤੇ ਹੋਰ ਅਕਾਲੀ ਆਗੂਆਂ ਨੂੰ ਵੀ ਜਰੂਰ ਇਸ ਤੋਂ ਸਬਕ ਲੈ ਲੈਣਾ ਚਾਹੀਦਾ ਹੈ। ਜਿਹਨਾਂ ਨੇ ਵੀ ਇਸ ਫਿਰਕੂ ਪਾਰਟੀ ਨਾਲ ਗੱਦੀਆਂ ਲਈ ਸਾਂਝ ਰੱਖੀ।

ਸਭ ਨਾਲ ਇਸੇ ਤਰਾਂ ਦਾ ਹਸ਼ਰ ਹੁੰਦਾ ਰਹਿਣਾ ਹੈ। ਇਨਾਂ ਨੇ ਤੁਹਾਨੂੰ ਇਥੋਂ ਤਕ ਪਹੁੰਚਾ ਦਿਤਾ ਹੈ ਕਿ ਤੁਸੀ ਇਕਲੇ ਤੌਰ 'ਤੇ ਚੋਣਾਂ ਲੜਣ ਦੇ ਸਮਰੱਥ ਵੀ ਨਹੀਂ ਰਹਿ ਗਏ। ਇਸ ਸਮੇਂ ਸਮੂਹ ਪੰਜਾਬ ਹਿਤੇਸ਼ੀਆਂ ਰਾਜਨੀਤਕ ਪਾਰਟੀਆਂ ਨੂੰ ਗੱਦੀਆਂ ਵੱਲ ਝਾਕਣ ਦੀ ਥਾਂ ਤੇ ਪੰਜਾਬ ਨੂੰ ਬਚਾਉਣ ਵੱਲ ਵੇਖਣ ਦੀ ਜਰੂਰਤ ਹੈ। ਇਸ ਵਿੱਚ ਕੋਈ ਸ਼ਕ ਨਹੀਂ ਕਿ ਇਸ ਸਮੇਂ ਪੰਜਾਬ ਵਿੱਚ ਹੁਣ ਕੋਈ ਵੀ ਅਜਿਹੀ ਪਾਰਟੀ ਨਹੀਂ ਰਹਿ ਗਈ ਜੋ ਇੱਕਲੇ ਤੌਰ ਤੇ ਪੰਜਾਬ ਦੀ ਵਾਂਗਡੋਰ ਸੰਭਾਲ ਸਕੇ। ਪੰਜਾਬ ਦੇ ਲੋਕਾਂ ਦੀਆਂ ਨਜਰਾਂ ਇਸ ਸਮੇਂ ਸੁਹਿਰਦ ਜਾਣੇ ਜਾਂਦੇ ਆਗੂਆਂ ਵਖਰੇ ਬਣੇ ਅਕਾਲੀ ਦੱਲ ਦੇ ਆਗੂ ਸ੍ਰ ਸੁਖਦੇਵ ਸਿੰਘ ਢੀਂਡਸਾ ਸਮੇਤ ਸ੍ਰ ਸੁਖਪਾਲ ਸਿੰਘ ਖਹਿਰਾ, ਡਾ ਧਰਮਵੀਰ ਗਾਂਧੀ, ਸ੍ਰ ਨਵਜੋਤ ਸਿੰਘ ਸਿੱਧੂ, ਸ੍ਰ ਸਿਮਰਨ ਜੀਤ ਸਿੰਘ ਬੈਂਸ, ਸ੍ਰ ਪਰਗਟ ਸਿੰਘ, ਸ੍ਰ ਸੇਵਾ ਸਿੰਘ ਸੇਖਵਾਂ, ਸ੍ਰ ਬੀਰ ਦਵਿੰਦਰ ਸਿੰਘ, ਸ੍ਰ ਤਰਲੋਚਨ ਸਿੰਘ (ਦਿੱਲੀ) ਸ੍ਰ ਸੱਚਾ ਸਿੰਘ ਛੋਟੇਪੁਰ, ਸ੍ਰੀ ਭਗਵੰਤ ਮਾਨ, ਐਡਵੋਕੇਟ ਹਰਵਿੰਦਰ ਸਿੰਘ ਫੂਲਕਾ, ਸ੍ਰ ਹਰਪਾਲ ਸਿੰਘ ਚੀਮਾ, ਸ੍ਰ ਕੰਵਰ ਸੰਧੂ, ਸ੍ਰ ਗੁਰਪ੍ਰੀਤ ਘੁੱਗੀ, ਕਿਸਾਨ ਜਥੇਬੰਦੀਆਂ ਸਮੇਤ ਖੱਬੇ ਪੱਖੀ ਕਿਸਾਨ ਜਥੇਬੰਦੀਆਂ ਦੇ ਬਹੁਤ ਸਾਰੇ ਆਗੂਆਂ ਤੋਂ ਬਿਨਾਂ ਹੋਰ ਵੀ ਬਥੇਰੇ ਚਿੰਤਕ ਹਨ, ਜਿਹੜੇ ਪੰਜਾਬ ਨੂੰ ਫਿਰ ਤੋਂ ਹੱਸਦਾ, ਨੱਚਦਾ ਟੱਪਦਾ ਤੇ ਗਾਉਂਦਾ ਵੇਖਣਾ ਚਾਹੁੰਦੇ ਹਨ। ਸੋ ਸਮੂਹ ਲੀਡਰਾਂ ਨੂੰ ਹੱਥ ਬੰਨ ਕੇ ਪੰਜਾਬ ਦੇ ਲੋਕਾਂ ਵਲੋਂ ਬੇਨਤੀ ਹੈ ਜੇ ਤੁਹਾਡੇ ਮਨਾਂ ਵਿੱਚ ਰਤਾ ਜਿੰਨਾ ਵੀ ਪੰਜਾਬ ਪ੍ਰਤੀ ਪਿਆਰ ਹੈ ਤਾਂ ਉਹ ਆਪਣੀਆਂ ਸਾਰੀਆਂ ਲਾਲਸਾਵਾਂ ਨੂੰ ਤਿਆਗ ਕੇ ਇਕ ਮੰਚ ਤੇ ਇਕਠੇ ਹੋਣ। ਅੱਜ ਪੰਜਾਬ ਨੂੰ ਤੀਜੀ ਸਾਂਝੀ ਧਿਰ ਦੀ ਭਾਰੀ ਜਰੂਰਤ ਹੈ। ਭਾਵੇਂ ਇਹ ਕਾਜ ਕਾਫੀ ਔਖਾ ਭਰਿਆ ਹੈ।

ਜੰਗ ਸਿੰਘ
+1 628 400 2882

ਪਰ ਜੇ ਪੰਜਾਬ ਨੂੰ ਬਚਾਉਣ ਦੀ ਇੱਛਾ ਹੋਵੇ ਤਾਂ ਅਸੰਭਵ ਵੀ ਸੰਭਵ ਬਣ ਜਾਂਦਾ ਹੈ। ਸਿਰਫ ਇੱਛਾ ਸ਼ਕਤੀ ਦੀ ਜਰੂਰਤ ਹੁੰਦੀ ਹੈ। ਪੰਜਾਬ ਦੀਆਂ ਚੋਣਾਂ ਦਾ ਸਮਾਂ ਭੱਜਿਆ ਆ ਰਿਹਾ ਹੈ ਤੁਹਾਡੇ ਲਈ ਇਕ ਇਕ ਦਿਨ ਦੀ ਵੱਡੀ ਅਹਿਮੀਅਤ ਹੈ। ਇਸ ਲਈ ਤੁਹਾਡੇ ਵਿਚੋਂ ਕੋਈ ਆਗੂ ਇਸ ਦੀ ਪਹਿਲ ਕਰਕੇ ਮਨ ਵਿੱਚ ਧਾਰ ਕੇ ਜੇ ਚਲ ਪਵੇ ਕਿ ਸਭ ਨੂੰ ਇਕੱਠੇ ਕਰਨਾ ਹੈ ਤਾਂ ਫਿਰ ਸਭ ਕੁਝ ਸੰਭਵ ਹੋ ਸਕਦਾ ਹੈ। ਦੇਰੀ ਨਾ ਕਰੋ, ਏਕੇ ਦੀਆਂ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰੋ। ਇਥੇ ਫਿਰ ਪੰਜਾਬ ਦੇ ਸੁਹਿਰਦ ਆਗੂਆਂ ਨੂੰ ਫਿਰ ਚੇਤੇ ਕਰਾਉਣ ਦੀ ਲੋੜ੍ਹ ਹੈ ਕਿ ਉਹ ਭੁੱਲ ਕੇ ਵੀ ਭਾਰਤੀ ਜੰਨਤਾ ਪਾਰਟੀ ਦੇ ਆਗੂਆਂ ਜਾਂ ਹਮਦਰਦਾਂ ਨੂੰ ਆਪਣੇ ਵਿੱਚ ਸ਼ਾਮਲ ਨਾ ਕਰਿਉ। ਲੋਕਾਂ ਦਾ ਕਾਫੀ ਹੱਦ ਤਕ ਇਨਾਂ ਤੋਂ ਮੋਹ ਭੰਗ ਹੋ ਚੁੱਕਾ ਹੈ, ਕਿਉਂ ਕਿ ਇਸ ਪਾਰਟੀ ਦੇ ਲਗ ਭਗ ਸਾਰੇ ਆਗੂ 'ਗੋਬਲ' ਦੇ ਚੇਲੇ ਹਨ ਜਿਹੜੇ ਬਾਰ-ਬਾਰ ਝੂਠ ਬੋਲ ਕੇ ਝੂਠ ਨੂੰ ਸੱਚ ਬਣਾਉਣ ਵਾਲੇ ਹਨ। 'ਕਾਠ ਦੀ ਹਾਂਡੀ ਬਾਰ ਬਾਰ ਨਹੀਂ ਚੜ੍ਹਦੀ'। ਇਸ ਪਾਰਟੀ ਦੇ ਮੁੱਖ ਆਗੂ ਵਲੋਂ ਭਾਰਤ ਦੇ ਇਲੈਕਟਰੋਨਿਕ ਤੇ ਪਰਿੰਟ ਮੀਡੀਏ ਨੂੰ ਖਰੀਦ ਕੇ ਸੰਸਾਰ ਦੀਆਂ ਨਜਰਾਂ ਵਿੱਚ ਆਪਣੀ ਤੇ ਮੀਡੀਏ ਸਾਖ ਗੁਆ ਚੁੱਕਾ ਹੈ। ਉਹ ਭਾਰਤ ਦੇ ਮੀਡੀਏ ਨੂੰ "ਮੋਦੀ ਮੀਡੀਆ" ਕਹਿਣ ਲਗ ਪਿਆ ਹੈ। ਅੱਜ ਬਹੁਤ ਸਾਰੇ ਹੋਰ ਮੀਡੀਏ ਨਾਲ ਸਬੰਧਤ ਲੋਕਾਂ ਦੀ ਵੀ ਜਮੀਰ ਜਾਗਣੀ ਸ਼ੁਰੂ ਹੋ ਗਈ ਹੈ। ਇਸ ਝੂਠ ਦੀ ਹਨੇਰੀ ਵਿੱਚ ਕੁਝ ਪ੍ਰੈਸ ਦੇ ਵੀਰਾਂ, ਭੈਣਾਂ ਤੇ ਲੇਖਕਾਂ ਜਿਨਾਂ ਨੂੰ ਇਹਨਾਂ ਫਿਰਕੂਆਂ ਨੇ ਆਪਣੇ ਜੁਲਮ ਦਾ ਸ਼ਿਕਾਰ ਬਣਾ ਕੇ ਕਤਲ ਕਰ ਦਿੱਤਾ ਸੀ। ਉਨਾਂ ਦੀ ਸ਼ਹਾਦਤ ਵੀ ਬਿਰਥੀ ਨਹੀਂ ਜਾਵੇਗੀ ਉਹ ਵੀ ਰੰਗ ਲਿਆ ਰਹੀ ਹੈ। ਪੰਜਾਬ ਨੇ ਹਮੇਸ਼ਾਂ ਹੀ ਦਿੱਲੀ ਦੇ ਤੱਖਤ ਵਲੋਂ ਢਾਹੇ ਜਾ ਰਹੇ ਜੁਲਮਾਂ ਵਿਰੁੱਧ ਅਵਾਜ ਉਠਾ ਕੇ ਦੇਸ਼ ਦੀ ਅਗਵਾਈ ਕਰਕੇ ਹਮੇਸ਼ਾ ਜਿੱਤ ਪ੍ਰਾਪਤ ਕੀਤੀ ਹੈ। ਅੱਜ ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਕਿਸਾਨ ਮਾਰੂ ਆਰਡੀਨੈਂਸਾਂ ਤੇ ਸਰਕਾਰੀ ਜਬਰ ਵਿਰੁੱਧ ਸੰਘਰਸ਼ ਕਰ ਰਹੀਆਂ ਹਨ ।ਅੱਜ ਹਰ ਵਰਗ ਚਾਹੇ ਉਹ ਨੌਜੁਆਨ, ਮੁਲਾਜਮ, ਮਜਦੂਰ, ਡਾਕਟਰ, ਨਰਸ, ਪ੍ਰੋਫੈਸਰ, ਅਧਿਆਪਕ ਜਾਂ ਕੋਈ ਵੀ ਵਰਗ ਹੈ। ਹਰੇਕ ਜਥੇਬੰਦੀ ਦਾ ਫਰਜ ਬਣਦਾ ਹੈ ਕਿ ਸਭ ਨੂੰ ਰੱਲ ਕੇ ਇਸ ਹੋ ਰਰੀ ਬੇਇਨਸਾਫੀ ਦੇ ਵਿਰੁੱਧ ਦਾ ਡੱਟ ਕੇ ਕਿਸਾਨਾਂ ਦਾ ਸਾਥ ਦੇਣਾ ਚਾਹੀਦਾ ਹੈ। ਦੇਸ ਵਿੱਚ ਰਾਜ ਕਰ ਰਹੀ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਦੇ ਖਿਲਾਫ ਲੋਕਾਂ ਦੀ ਜੁਆਲਾ ਭੜ੍ਹਕ ਰਹੀ ਹੈ। ਦੇਸ਼ ਦੇ ਲੋਕ ਪੰਜਾਬ ਦੀ ਅਗਵਾਈ ਨੂੰ ਉਡੀਕ ਰਹੇ ਹਨ। ਪਰ ਜੇ 2022 ਦੀਆਂ ਚੋਣਾਂ ਵਿੱਚ ਤੁਸੀਂ ਜਰਾ ਜਿਨੀ ਵੀ ਗੈਰ ਜਿੰਮੇਵਾਰੀ ਦਿਖਾ ਗਏ ਤਾਂ ਇਹ ਪੰਜਾਬੀਆਂ ਲਈ ਵਾਟਰਲੂ ਦੀ ਲੜਾਈ ਦੇ ਸਮਾਨ ਹੋਵੇਗੀ ਤੇ ਉਨਾਂ ਦੀ ਉਹੋ ਹਾਲਤ ਬਣ ਜਾਵੇਗੀ। ਜਿਹੜੀ ਸਭਰਾਵਾਂ ਦੀ ਲੜਾਈ ਤੋਂ ਬਾਅਦ ਪੰਜਾਬ ਦੀ ਬਣੀ ਸੀ ਤੇ ਉਹ ਸਦਾ ਸਦਾ ਲਈ ਅੰਗਰੇਜਾਂ ਦੇ ਗੁਲਾਮ ਹੋ ਗਿਆ ਸੀ ਤੇ ਤੁਸੀ ਵੀ ਇਨਾਂ ਕਟੱੜ੍ਹ ਹਿੰਦੂ ਫਿਰਕੂਆਂ ਦੇ ਸਦਾ ਸਦਾ ਲਈ ਗੁਲਾਮ ਹੋ ਜਾਉਗੇ। ਇਸ ਲਈ ਪੰਜਾਬੀਓ! ਜਾਗੋ ਜਾਗੋ !! ਆਪਣੀਆਂ ਸੁੱਤੀਆਂ ਕਲਾਂ ਜਗਾਉ।

(ਸਫਾ 19 ਦੀ ਬਾਕੀ)

ਪੂਨਾ ਕਰਾਰ

(10) "ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਗਾਂਧੀ ਅਜੇ ਵੀ ਅਛੂਤਾਂ ਦੇ ਵਿਰੁੱਧ ਛੇੜੇ ਯੁੱਧ ਦੇ ਮੈਦਾਨ ਵਿੱਚ ਹੈ। ਉਹ ਮੁੜ ਸਮੱਸਿਆ ਖੜ੍ਹੀ ਕਰ ਸਕਦੇ ਹਨ। ਉਸ ਤੇ ਵਿਸ਼ਵਾਸ ਕਰਨ ਦਾ ਸਮਾਂ ਨਹੀਂ ਆਇਆ ਹੈ। ਅਛੂਤਾਂ ਨੂੰ ਇਸ ਗੱਲ ਦੀ ਗੰਢ ਬੰਨ੍ਹ ਲੈਣੀ ਚਾਹੀਦੀ ਹੈ ਕਿ ਆਪਣੇ ਆਪ ਨੂੰ ਬਚਾਉਣ ਦਾ ਸਭ ਤੋਂ ਵਧੀਆ ਰਸਤਾ, ਇਹ ਹੈ, "ਗਾਂਧੀ ਤੋਂ ਸਾਵਧਾਨ ਰਹੋ।"

(11) "ਕਾਂਗਰਸ ਦਾ ਅਛੂਤ ਕਾਂਗਰਸੀਆਂ ਲਈ ਦੂਸਰਾ ਘਿ-ਨੌਣਾ ਕੰਮ ਇਹ ਸੀ ਕਿ ਉਸ ਨੇ ਅਛੂਤ ਕਾਂਗਰਸੀਆਂ ਨੂੰ ਪਾਰਟੀ ਦੇ ਕਰੜੇ ਬੰਧਨਾਂ ਰਾਹੀਂ ਅਨੁਸ਼ਾਸਨ ਵਿੱਚ ਕਾਬੂ ਰੱਖਿਆ। ਉਹ ਪੂਰੀ ਤਰ੍ਹਾਂ ਨਾਲ ਕਾਂਗਰਸ ਪਾਰਟੀ ਦੀ ਕਾਰਜਕਾਰਣੀ ਦੇ ਨਿ-ਯੰਤਰਣ (ਕੰਟਰੋਲ) ਵਿੱਚ ਸਨ।

ਉਹ ਕੋਈ ਅਜਿਹਾ ਪ੍ਰਸ਼ਨ ਨਹੀਂ ਪੁੱਛ ਸਕਦੇ ਸਨ ਜੋ ਕਾਰਜ-ਕਾਰਣੀ ਨੂੰ ਚੰਗਾ ਨਾ ਲੱਗੇ। ਉਹ ਕੋਈ ਅਜਿਹਾ ਕਾਨੂੰਨ (ਬਿੱਲ) ਪੇਸ਼ ਨਹੀਂ ਕਰ ਸਕਦੇ ਸਨ, ਜਿਸ ਦੀ ਕਾਰ-ਜਕਾਰਣੀ ਆਗਿਆ ਨਹੀਂ ਦਿੰਦੀ ਸੀ। ਉਹ ਆਪਣੀ ਇੱਛਿਆ ਅਨੁਸਾਰ ਨਾ ਬੋਲ ਸਕਦੇ ਸਨ ਅਤੇ ਨਾ ਹੀ ਵੋਟ ਪਾ ਸਕਦੇ ਸਨ। ਉਹ ਪਾਰਟੀ ਵਿੱਚ ਹੱਕ ਕੇ ਲਿਆਂਦੇ ਜਾਣ ਵਾਲੇ ਗੂੰਗੇ ਜਾਨਵਰਾਂ ਵਰਗੇ ਸਨ। ਵਿਧਾਨ ਸਭਾ ਵਿੱਚ ਅਛੂਤਾਂ ਦੇ ਪ੍ਰਤੀ-ਨਿਧਤਵ ਨੂੰ ਪ੍ਰਾਪਤ ਕਰਨ ਦਾ ਇੱਕ ਉਦੇਸ਼ ਇਹ ਸੀ ਕਿ ਉਹ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ, ਆਪਣੀ ਅਵਾਜ਼ ਬੁਲੰਦ ਕਰ ਸਕਣ। ਕਾਂਗਰਸ ਨੂੰ ਸਫਲਤਾਪੂਰਵਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅਜਿਹਾ ਨਹੀਂ ਹੋਣ ਦਿੱਤਾ।"

(12) "ਇਸ ਲੰਮੀ ਅਤੇ ਦਰਦਭਰੀ ਗਾਥਾ ਨੂੰ ਖਤਮ ਕਰਨ ਲਈ ਕਾਂਗਰਸ ਨੇ, ਪੂਨਾ-ਕਰਾਰ 'ਚੋਂ ਸਾਰਾ ਰਸ ਚੂਸ ਲਿਆ ਅਤੇ ਛਿੱਲੜ, ਅਛੂਤਾਂ ਦੇ ਮੂੰਹ 'ਤੇ ਮਾਰਿਆ।"

(13) "ਪੂਨਾ-ਕਰਾਰ ਨੇ, ਅਛੂਤਾਂ ਨੂੰ ਪੂਰੀ ਤਰ੍ਹਾਂ ਨਾਲ ਮਤ-ਅਧਿਕਾਰ ਤੋਂ ਪ੍ਰਭਾਵਹੀਣ ਕਰ ਦਿੱਤਾ ਅਤੇ ਇੰਨਾ ਹੀ ਨਹੀਂ, ਉਨ੍ਹਾਂ ਉਮੀਦਵਾਰਾਂ ਨੂੰ ਪ੍ਰਭਾਵਹੀਣ ਕਰ ਦਿੱਤਾ, ਜਿਨ੍ਹਾਂ ਨੂੰ ਉਨ੍ਹਾਂ ਨੇ ਮੁੱਢਲੀ ਚੋਣਾਂ ਵਿੱਚ ਰੱਦ ਕਰ ਦਿੱਤਾ ਸੀ।

ਮਨੂੰਵਾਦ ਦੇ ਘੋਰ ਵਿਰੋਧੀ ਪੈਰੀਅਰ ਰਾਮਾ ਸੁਆਮੀ ਨਾਇਕਰ ਜੀ

ਤਾਮਿਲਨਾਡੂ ਰਾਜ ਦੇ ਇਰੋਡ ਪਿੰਡ ਚ ਪੈਰੀਅਰ ਦਾ ਜਨਮ ਹੋਇਆ ਸੀ। ਆਪ ਦਾ ਜਨਮ 17 ਸਤੰਬਰ 1879 ਨੂੰ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਮ ਵੇਂਕਟਾ ਨਾਇਕਰ ਸੀ। ਉਨ੍ਹਾਂ ਦੀ ਮਾਤਾ ਦਾ ਨਾਮ ਚਿੰਤਾ ਬਾਈ ਸੀ। ਉਹ ਧਾਰਮਿਕ ਖਿਆਲਾਂ ਦੀ ਔਰਤ ਸੀ। ਪੈਰੀਅਰ ਦੇ ਪਿਤਾ ਦੱਖਣ ਭਾਰਤ ਦੇ ਪ੍ਰਿਸੱਧ ਵਪਾਰੀ ਸੀ। ਪੈਰੀਅਰ ਦੇ ਮਾਤਾ ਪਿਤਾ ਤੇ ਬ੍ਰਾਹਮਣਾਂ ਦੀ ਬਹੁਤ ਪ੍ਰਭਾਵ ਸੀ। ਇਨ੍ਹਾਂ ਦਾ ਪਰਿਵਾਰ ਅਛੂਤਾਂ ਤੋਂ ਬਹੁਤ ਦੂਰ

ਚਮਨ ਲਾਲ ਚੂਨਕੋਆ, ਸਾਬਕਾ ਸਰਪੰਚ

ਰਹਿੰਦਾ ਸੀ। ਭਾਵ ਅਛੂਤਾਂ ਤੋਂ ਭਿੱਟ ਚੜਨ ਤੋ ਡਰਦੇ ਸਨ। ਆਪਣੇ ਪੁੱਤਰ ਪੈਰੀਅਰ ਨੂੰ ਅਛੂਤ ਬੱਚਿਆਂ ਨਾਲ ਖੇਡਣ ਤੋਂ ਰੋਕਦੇ ਸਨ। ਪੈਰੀਅਰ ਨੂੰ 8 ਸਾਲ ਦੀ ਉਮਰ ਚ ਸਕੂਲ ਪੜਨ ਲਈ ਭੇਜਿਆ ਗਿਆ। ਦੋ ਸਾਲ ਬਾਅਦ ਪੈਰੀਅਰ ਨੇ ਸਕੂਲ ਛੱਡ ਦਿੱਤਾ। ਬਚਪਨ ਚ ਪੈਰੀਅਰ ਜਾਤੀ ਭੇਦਭਾਵ ਨੂੰ ਨਾ ਜਾਣਨ ਕਾਰਨ ਅਛੂਤ ਬੱਚਿਆਂ ਨਾਲ ਖੇਡਦੇ। ਬ੍ਰਹਮਣਾ ਨੂੰ ਪੈਰੀਅਰ ਦਾ ਇਹ ਸੁਭਾਅ ਚੰਗਾ ਨਾ ਲੱਗਿਆ। ਬ੍ਰਹਮਣਾਂ ਨੇ ਪੈਰੀਅਰ ਦੇ ਪਿਤਾ ਕੋਲ ਸ਼ਿਕਾਇਤ ਕੀਤੀ। ਮਾਤਾ ਪਿਤਾ ਨੇ ਸੁਧਾਰ ਲਈ ਉਸ ਨੂੰ ਨਾਨਕੇ ਪਿੰਡ ਭੇਜ ਦਿੱਤਾ । ਨਾਨਕੇ ਪਿੰਡ ਰਹਿਣ ਨਾਲ ਵੀ ਪੈਰੀਅਰ ਦੇ ਸੁਭਾਅ ਵਿੱਚ ਕੋਈ ਤਬਦੀਲੀ ਨਹੀਂ ਆ ਸਕੀ। ਉਨ੍ਹਾਂ ਨੂੰ ਵਾਪਸ ਪਿੰਡ ਆਉਣਾ ਪਿਆ। ਪਿਤਾ ਨੇ ਫਿਰ ਸਕੂਲ ਵਿੱਚ ਭੇਜ ਦਿੱਤਾ। ਉਹ ਕੁਝ ਸਮੇਂ ਲਈ ਸਕੂਲ ਜਾਂਦੇ ਰਹੇ। ਉਹ ਹਿੰਦੂ ਸੰਸਕ੍ਰਿਤੀ ਤੋਂ ਤੰਗ ਆ ਗਏ। ਉਨ੍ਹਾਂ ਨੇ ਸਕੂਲ ਜਾਣਾ ਸਦਾ ਲਈ ਬੰਦ ਕਰ ਦਿੱਤਾ। ਪੈਰੀਅਰ ਨੇ ਘਰ ਚ ਬਹੁਤ ਕਿਤਾਬਾਂ ਪੜੀਆਂ ਜਿੰਨਾ ਨੇ ਉਨ੍ਹਾਂ ਨੂੰ ਮਹਾਨ ਕ੍ਰਾਂਤੀਕਾਰੀ ਬਣਾ ਦਿੱਤਾ। ਉਨ੍ਹਾਂ ਨੇ 11 ਸਾਲ ਦੀ ਉਮਰ ਚ ਬਰਾਮਣਵਾਦ ਵਾਰੇ ਸਭ ਕੁਝ ਜਾਣ ਲਿਆ। ਪੈਰੀਅਰ ਦਾ ਵਿਆਹ ਨਾਗਮ ਬਾਈ ਨਾਲ ਹੋਇਆ। ਉਸ ਵਕਤ ਉਨ੍ਹਾਂ ਦੀ ਉਮਰ 29 ਸਾਲ ਦੀ ਸੀ। ਆਪ ਰਾਜਨੀਤੀ ਚ ਭਾਗ ਲੈਣ ਲੱਗੇ। ਆਪ ਨਗਰ ਪਾਲਿਕਾ ਦੇ ਪ੍ਰਧਾਨ ਬਣੇ। 1919 ਚ ਸ੍ਰੀ ਗਾਂਧੀ ਨੇ ਸਾਰੇ ਦੇਸ਼ ਚ ਨਾਮਿ-ਲਵਰਤਨ ਅੰਦੋਲਨ ਚਲਾਇਆ। ਪੈਰੀਅਰ ਦੀ ਅਗਵਾਈ ਚ ਦੱਖਣ ਭਾਰਤ ਵਿੱਚ ਇਹ ਅੰ-ਦੋਲਨ ਸਫਲ ਹੋਇਆ। ਕਾਂਗਰਸ ਪਾਰਟੀ ਨੇ ਉਨ੍ਹਾ ਨੂੰ ਤਾਮਿਲਨਾਡੂ ਰਾਜ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ। ਉਨ੍ਹਾਂ ਨੇ ਅਛੂਤਾਂ ਚ ਸ਼ਰਾਬ ਦੀ ਆਦਤ ਛੁਡ-ਾਉਣ ਲਈ ਨਸ਼ਾਬੰਦੀ ਅੰ-ਦੋਲਨ ਚਲਾਇਆ। ਕੇਰਲਾ ਰਾਜ ਵਿੱਚ ਇੱਕ ਬੈਕਮ ਮੰਦਰ ਸੀ। ਮੰਦਰ ਦੇ ਆਲੇ ਦੁਆਲੇ ਦੀਆਂ ਸੜਕਾਂ ਉੱਤੇ ਅਛੂਤਾਂ ਦੇ ਆਉਣ ਜਾਣ ਤੇ ਬ੍ਰਾਹਮਣਾਂ ਨੇ ਪਾਬੰਦੀ ਲਗਾਈ ਸੀ। ਜੇ

ਅਛੂਤ ਪਾਬੰਦੀ ਤੋੜ ਸੜਕਾਂ ਤੇ ਲੰਘਦੇ ਤਾਂ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਜਾਦੀ। ਕੋਈ ਵਿਰੋਧ ਨਹੀਂ ਕਰਦਾ ਸੀ। ਕਰੇਲਾ ਰਾਜ ਦੇ ਅਛੂਤ ਸਵਰਨਾ ਤੋਂ ਬਹੁਤ ਤੰਗ ਸਨ। ਸਵਰਨਾ ਨੇ ਅਛੂਤਾਂ ਦਾ ਜੀਉਣਾ ਬਰਬਾਦ ਕਰ ਰੱਖਿਆ ਸੀ। ਪੈਰੀਅਰ ਨੇ ਸਵਰਨਾ ਹਿੰਦੂਆਂ ਦੇ ਅੱਤਿਆਚਾਰ ਵਿਰੁੱਧ ਵਿਆਪਕ ਅੰਦੋਲਨ ਛੇੜਿਆ ਦਿੱਤਾ। ਆਪ ਨੇ ਅਛੂਤਾਂ ਨੂੰ ਜਾਗਰਿਤ ਕਰਨ ਲਈ ਤਿੱਖੇ ਭਾਸ਼ਣ ਦਿੱਤੇ। ਤਾ ਕਿ ਉਨ੍ਹਾਂ ਦੀ ਜਮੀਰ ਜਾਗ ਉਠੇ। 1920 ਚ ਅਛੂਤਾਂ ਤੇ ਪੱਛੜੇ ਵਰਗਾ ਦੀਆਂ ਮੰਗਾਂ ਲਈ ਤਿਰੂਨੇਲਵੇਲੀ ਚ ਸਮਾਗਮ ਹੋਇਆ। ਜਿਸ ਚ ਬਹੁਜਨ ਸਮਾਜ ਲਈ ਰਿਜ਼ਰਵੇਸ਼ਨ ਦੀ ਮੰਗ ਪੈਰੀਅਰ ਨੇ ਕੀਤੀ। ਸਵਰਨਾ ਵੱਲੋਂ ਇਸ ਮੰਗ ਦਾ ਵਿਰੋਧ ਕੀਤਾ ਗਿਆ। ਸਮਾਗਮ ਦੇ ਪ੍ਰਧਾਨ ਨੇ ਰਿਜ਼ਰਵੇਸ਼ਨ ਦੀ ਮੰਗ ਆ ਸਵੀਕਾਰ ਕਰ ਦਿੱਤੀ। ਪੈਰੀਅਰ ਨੇ ਬੈਕਮ ਅੰਦੋਲਨ ਜਾਰੀ ਰੱਖਿਆ। ਸ੍ਰੀ ਗਾਂਧੀ ਨੇ ਪੈਰੀਅਰ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਅੰਦੋਲਨ ਬੰਦ ਕਰ ਦਿਉ। ਪੈਰੀਅਰ ਨਾ ਮੰਨੇ। ਗਾਂਧੀ ਦੇ ਕਹਿਣ ਤੇ ਬਾਹਮਣਾਂ ਨੇ ਪਾਬੰਦੀ ਖੱਤਮ ਕਰ ਦਿੱਤੀ।

ਪੈਰੀਅਰ ਨੇ, 1925 ਚ ਤਾਮਿਲਨਾਡੂ ਕਾਂਗਰਸ ਦੇ ਕਾਜੀਪੁਰਮ ਸਮਾਗਮ ਚ ਆਪਣੀ ਪੁਰਾਣੀ ਰਿਜ਼ਰਵੇਸ਼ਨ ਦੀ ਮੰਗ ਉਠਾਈ। ਇੱਥੇ ਕੀਤੇ ਜਾ ਰਹੇ ਸਮਾਗਮ ਵਿੱਚ ਸਵਰਨਾ ਨੇ ਪੈਰੀਅਰ ਤੇ ਇੱਟਾਂ ਪੱਥਰਾਂ ਨਾਲ ਹਮਲਾ ਕੀਤਾ। ਪੈਰੀਅਰ ਨੇ ਸਦਾ ਵਾਸਤੇ ਕਾਂਗਰਸ ਪਾਰਟੀ ਛੱਡ ਦਿੱਤੀ। ਪੈਰੀਅਰ ਨੇ ਆਪਣਾ ਸਮਾਜਿਕ ਸੰਗਠਨ ਬਣਾ ਲਿਆ। ਮਨੂੰਵਾਦ ਤੇ ਉਨ੍ਹਾਂ ਨੇ ਸਖਤ ਟਿੱਪਣੀਆਂ ਕੀਤੀਆਂ।

ਆਪ ਨੇ ਬਹੁਜਨ ਸਮਾਜ ਨੂੰ ਜਾਗ੍ਰਤ ਕੀਤਾ। ਆਪ ਨੇ ਜਾਤ ਰਹਿਤ ਤੇ ਬਰਾਬਰੀ ਵਾਲਾ ਸਮਾਜ ਨਿਰਮਾਣ ਕਰਨ ਲਈ ਜਸਟਿਸ ਪਾਰਟੀ ਦਾ ਨਿਰਮਾਣ ਕੀਤਾ। 1944 ਚ ਜਸਟਿਸ ਪਾਰਟੀ ਦਾ ਨਾਮ ਬਦਲ ਕੇ ਦਰਾਵੜ ਕਜਗਮ ਪਾਰਟੀ ਰੱਖਿਆ। ਆਪ ਦੀ ਬਣਾਈ ਪਾਰਟੀ ਤਾਮਿਲਨਾਡੂ ਚ ਰਾਜ ਕਰ ਰਹੀ ਹੈ। ਤਾਮਿਲਨਾਡੂ ਰਾਜ ਚ ਬਹੁਜਨ ਸਮਾਜ ਲਈ 70% ਰਿਜਰਵੇਸਨ ਮਿਲ ਰਹੀ ਹੈ ਜੋ ਪੈਰੀਅਰ ਦੀ ਦੇਣ ਹੈ।ਪੈਰੀਅਰ ਨੇ ਬ੍ਰਾਹਮਣਵਾਦ ਦਾ ਡੱਟ ਕੇ ਵਿਰੋਧ ਕੀਤਾ। ਆਪ ਨੇ ਬਹੁਜਨ ਸਮਾਜ ਦੀ ਮਾਨਸਿਕ ਗੁਲਾਮੀ ਖੱਤਮ ਕਰਨ ਲਈ ਬਹੁਤ ਯਤਨ ਕੀਤੇ। ਆਪ ਨੇ ਦੱਖਣ ਭਾਰਤ ਆਤਮ ਸਨਮਾਨ ਦੀ ਅੰਦੋਲਨ ਚਲਾਇਆ ਤੇ ਕਾਮਯਾਬ ਕੀਤਾ ਅੰਤ 1973 'ਚ ਆਪ ਜੀ ਮੌਤ ਹੋ ਗਈ।

ਜੈ ਪੈਰੀਅਰ, ਜੈ ਭੀਮ, ਜੈ ਭਾਰਤ

ਪੰਜਾਬ ਦੇ ਪ੍ਰਸਿੱਧ ਮਿਸ਼ਨਰੀ ਗਾਇਕ ਮਲਕੀਤ ਬਬੇਲੀ ਦਾ ਗੀਤ "ਮਜ਼ਦੂਰ"

ਜਲੰਧਰ ਵਿਖੇ ਵਿਸ਼ਵ ਪ੍ਰਸਿੱਧ ਗਾਇਕ, ਗੀਤਕਾਰ ਅਤੇ ਸੰਗੀਤਕਾਰ ਜੱਗੀ ਸਿੰਘ ਵੱਲੋਂ ਵਿਸ਼ਵ ਪੱਧਰ ਤੇ 6 ਸਤੰਬਰ ਨੂੰ ਰਿਲੀਜ਼ ਕੀਤਾ ਗਿਆ । ਇਸ ਗੀਤ ਨੂੰ ਕਲਮਬੱਧ ਕੀਤਾ ਹੈ ਪਵਨ ਮਾਹੀ ਯੂ ਐਸ ਏ ਨੇ, ਇਸ ਗੀਤ ਨੂੰ ਸਾਊਂਡ ਵੇਵਜ ਮਿਊਜਿਕ ਕੰਪਨੀ ਦੇ ਬੈਨਰ ਹੇਠ ਰਿਲੀਜ ਕੀਤਾ ਗਿਆ ।

ਜਿਸ ਨੂੰ ਸੰਗੀਤਕ ਧੁੰਨਾਂ 'ਚ ਪਰੋਇਆ ਹੈ ਅਮਰੀਕ ਸਿੰਘ ਨੇ ਅਤੇ ਇਸ ਗੀਤ ਦੇ ਪ੍ਰੋਡਿਊਸਰ ਹਨ ਰਣਜੀਤ ਮਾਹੀ । ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਾਊਂਡ ਵੇਵਜ ਕੰਪਨੀ ਦੇ ਐਮ ਡੀ ਅਮਨ ਮਾਹੀ ਅਤੇ ਰਣਜੀਤ ਮਾਹੀ ਨੇ ਦੱਸਿਆ ਕਿ ਇਹ ਗੀਤ ਭਾਰਤ ਵਿੱਚ ਮਜਦੂਰਾਂ ਦੀ ਹਾਲਤ ਅਤੇ ਸਮਾਜ 'ਚ ਉਹਨਾਂ ਨਾਲ ਹੋ ਰਹੇ ਵਿਤਕਰੇ ਨੂੰ ਬਿਆਨ ਕਰਦਾ ਹੈ । ਇਸ ਮੌਕੇ ਜੱਗੀ ਸਿੰਘ ਜੀ ਨੇ ਸਮੁੱਚੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹੋ ਜਿਹੇ ਸਾਫ਼ ਸੁਥਰੇ ਗੀਤ ਅੱਜ ਕੱਲ ਬਹੁਤ ਘੱਟ ਸੁਣਨ ਨੂੰ ਮਿਲਦੇ ਹਨ ਜੋ ਕਿ ਦੇਸ਼ ਵਿੱਚ ਮਜ਼ਦੂਰਾਂ ਦੀ ਅਸਲ ਤਸਵੀਰ ਨੂੰ ਪੇਸ਼ ਕਰਦੇ ਹਨ , ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਇਹੋ ਜਿਹੇ ਗੀਤਾਂ ਨੂੰ ਪ੍ਰਮੋਟ ਕਰੀਏ । ਇਸ ਮੌਕੇ ਤੇ ਗਾਇਕਾ ਬਬਲੀ ਵਿਰਦੀ, ਗਾਇਕ ਰਾਜਾ ਘੁੰਮਣ, ਗਾਇਕਾ ਆਰਤੀ ਨਈਅਰ, ਵੀਡਿਓ ਡਾਇਰੈਕਟਰ ਜਸਵਿੰਦਰ ਬੱਲ, ਸੰਗੀਤਕਾਰ ਅਮਰੀਕ ਸਿੰਘ, ਅੰਬੇਡਕਰ ਟਾਇਗਰ ਫੌਰਸ ਪੰਜਾਬ ਪ੍ਰਧਾਨ ਰਮਨ ਮਾਹੀ, ਅੰਮ੍ਰਿਤ ਲਾਲ, ਹਨੀਸ਼ ਮੱਲ, ਗੁਰਚਰਨ ਗਾਟ, ਸੁਰਿੰਦਰ ਸ਼ਿੰਦਾ, ਲਵਿਸ਼ ਮਾਹੀ, ਪੂਰਵ ਮਾਹੀ, ਭਵਨ ਨਈਅਰ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

ਇਸ ਮੌਕੇ ਗਾਇਕ ਮਲਕੀਤ ਬਬੇਲੀ ਜੀ ਨੇ ਦੱਸਿਆ ਕਿ ਇਸ ਗੀਤ ਨੂੰ ਯੂਟਿਊਬ ਅਤੇ ਵੱਖ-ਵੱਖ ਸਾਇਟਾਂ ਉੱਪਰ ਅਪਲੋਡ ਕੀਤਾ ਗਿਆ ਹੈ ਅਤੇ ਵੱਖ-ਵੱਖ ਟੀ.ਵੀ ਚੈਨਲਾਂ ਉੱਪਰ ਦੇਖਣ ਨੂੰ ਮਿਲੇਗਾ । ਉਹਨਾਂ ਨੇ ਇਸ ਗੀਤ ਨੂੰ ਵੱਧ ਤੋਂ ਵੱਧ ਸਪੋਰਟ ਕਰਨ ਲਈ ਕਿਹਾ ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600 Fax : (530) 870-1429
532, Houston St.
West Sacramento, CA 95691
Email: myfuturetruck@gmail.com

Dharminder Singh

ਪੂਨਾ ਪੈਕਟ ਵਰਦਾਨ ਜਾਂ ਸਰਾਪ

ਕੁਸ਼ਲ ਕੁਮਾਰ
91-97807-78062

ਪੂਨਾ ਸਮਝੌਤਾ ਕੀ ਹੈ ? ਇਹ ਕਿਵੇਂ ਹੋਂਦ ਵਿਚ ਆਇਆ, ਅੱਜ ਦੇ ਪੜ੍ਹੇ-ਲਿਖੇ 21 ਵੀਂ ਸਦੀ ਦੇ ਬਹੁਜਨ ਸਮਾਜ ਦੇ ਮੂਲਨਿਵਾਸੀ ਲੋਕਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ।

1857 ਈ. ਦੇ ਵਿਦਰੋਹ ਤੋਂ ਬਾਅਦ ਭਾਰਤ ਵਿਚ ਈਸਟ ਇੰਡੀਆ ਕੰਪਨੀ ਦਾ ਰਾਜ ਖ਼ਤਮ ਹੋਣ ਤੋਂ ਬਾਅਦ, ਬ੍ਰਿਟਿਸ਼ ਨੇ ਸਿੱਧੀ ਕਮਾਂਡ ਆਪਣੇ ਹੱਥ ਵਿਚ ਲੈ ਲਈ। ਬ੍ਰਿਟਿਸ਼ ਨੇ ਪਹਿਲਾ ਇੰਡੀਅਨ ਪੀਨਲ ਕੋਡ 1860 ਵਿੱਚ ਬਣਾਇਆ। ਇਸੇ ਐਕਟ ਤਹਿਤ 1874 ਈ. ਨੂੰ ਬੰਗਾਲ ਦੇ ਬ੍ਰਾਹਮਣ ਨੰਦਕੁਮਾਰ ਦੇਵ ਨੂੰ ਫਾਂਸੀ ਦਿੱਤੀ ਗਈ ਸੀ। ਜਿਸ ਕਾਰਨ ਭਾਰਤ ਵਿਚ ਸਰਵਉੱਚ ਮੰਨੀ ਜਾਂਦੀ ਜਾਤੀ ਨੂੰ ਵੱਡਾ ਝਟਕਾ ਲੱਗਿਆ।

ਇਸਦੇ ਨਤੀਜੇ ਵਜੋਂ, 1885 ਈ. ਵਿੱਚ, ਬੰਗਾਲ ਦੇ ਬ੍ਰਾਹਮਣਾਂ ਸੁਰਿੰਦਰ ਨਾਥ ਬੈਨਰਜੀ ਆਦਿ ਨੇ ਕਾਂਗਰਸ ਦੀ ਸਥਾਪਨਾ ਕੀਤੀ। ਬ੍ਰਾਹਮਣ ਬ੍ਰਿਟਿਸ਼ ਦੰਡ ਪ੍ਰਣਾਲੀ ਤੋਂ ਇੰਨੇ ਡਰਦੇ ਸਨ ਕਿ ਉਨ੍ਹਾਂ ਨੇ ਕਾਂਗਰਸ ਦੇ ਪਹਿਲੇ ਮੁਖੀ ਰਿਟਾਇਰਡ ਬ੍ਰਿਟਿਸ਼ ਅਧਿਕਾਰੀ, ਸਰ ਏ.ਓ. ਹਿਊਮ ਨੂੰ ਬਣਾਇਆ। ਏ.ਓ.ਹਿਊਮ ਤੋਂ ਬਾਅਦ, ਕਾਂਗਰਸ ਦੀ ਕਮਾਨ ਬਾਲ ਗੰਗਾਧਰ ਤਿਲਕ ਦੇ ਹੱਥ ਵਿੱਚ ਆਈ। ਬਾਲ ਗੰਗਾਧਰ ਤਿਲਕ ਭਾਰਤ ਦੇ ਲੋਕਾਂ ਵਿਚ ਬ੍ਰਿਟਿਸ਼ ਵਿਰੁੱਧ ਨਾਰਾਜ਼ਗੀ ਪੈਦਾ ਕਰਨ ਵਿਚ ਸਫਲ ਹੋਏ। ਇਸ ਅਸੰਤੁਸ਼ਟੀ ਨੂੰ ਸ਼ਾਂਤ ਕਰਨ ਲਈ, ਬ੍ਰਿਟਿਸ਼ ਸਰਕਾਰ ਨੇ ਯੋਜਨਾ ਬਣਾਈ ਕਿ ਕਿਉਂ ਨਾ ਭਾਰਤ ਦੇ ਲੋਕਾਂ ਨੂੰ ਸੱਤਾ ਵਿੱਚ ਕੁੱਝ ਹਿਸੇਦਾਰੀ ਦਿੱਤੀ ਜਾਵੇ। ਜਿਸ ਵਿਚ ਬ੍ਰਿਟਿਸ਼ ਨੇ ਸੋਚਿਆ ਕਿ ਕਾਨੂੰਨ ਬਣਾਉਣ ਦਾ ਅਧਿਕਾਰ ਵਿਧਾਨ ਸਭਾ ਨੂੰ ਦਿੱਤਾ ਜਾਣਾ ਚਾਹੀਦਾ ਹੈ ਅਤੇ ਕਾਨੂੰਨ ਵਿਚ ਵੱਖਰੇ ਭਾਈਚਾਰਿਆਂ ਅਤੇ ਸਮੂਹਾਂ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੋਵੇਗਾ।

ਇਸ ਦੇ ਤਹਿਤ, ਸਾਊਥਬਾਊਰੋ ਕਮਿਸ਼ਨ 1918 ਈ. ਨੂੰ ਭਾਰਤ ਆਇਆ ਸੀ ਸ ਉਸ ਸਮੇਂ ਛਤਰਪਤੀ ਸ਼ਾਹੂਜੀ ਮਹਾਰਾਜ ਜੀਵਤ ਸਨ। ਡਾ. ਅੰਬੇਡਕਰ ਅਤੇ ਭਾਸਕਰਾਓ ਜਾਧਵ ਦੋਵਾਂ ਨੇ ਮਿਲ ਕੇ ਛਤਰਪਤੀ ਸ਼ਾਹੂਜੀ ਮਹਾਰਾਜ ਦੀ ਪ੍ਰੇਰਣਾ ਅਧੀਨ ਅਛੂਤਾਂ ਲਈ ਵਿਧਾਨ ਸਭਾ ਵਿੱਚ ਵੱਖਰੀ ਨੁਮਾਇੰਦਗੀ ਦੀ ਮੰਗ ਕੀਤੀ ਸੀ। ਭਾਸਕਰਾਓ ਜਾਧਵ ਨੇ ਮਰਾਠਿਆਂ ਸਮੇਤ ਓ.ਬੀ.ਸੀ. ਲਈ ਵੱਖਰੀ ਨੁਮਾਇੰਦਗੀ ਦੀ ਮੰਗ ਕੀਤੀ। ਜਿਸ ਦਾ ਲਿਖਤੀ ਸਬੂਤ ਮਹਾਰਾਸ਼ਟਰ ਸਰਕਾਰ ਦੁਆਰਾ ਪ੍ਰਕਾਸ਼ਤ ਕੀਤਾ ਗਿਆ ਸੀ।

ਬਾਲ ਗੰਗਾਧਰ ਤਿਲਕ ਨੇ ਅਕੋਲਾ ਅਤੇ ਬੁਸਾਵਾਲ ਦੇ ਖੁੱਲ੍ਹੇ ਮੈਦਾਨਾਂ ਵਿੱਚ ਆਮ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਵਰਾਜ ਸਾਡਾ ਜਨਮ ਅਧਿਕਾਰ ਹੈ ਜਿਸ ਨੂੰ ਅਸੀਂ ਲੈ ਕੇ ਰਹਾਂਗਾ, ਪਰ ਤੁਹਾਨੂੰ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਸਵਰਾਜ ਦਾ ਅਰਥ ਅੰਗਰੇਜ਼ਾਂ ਨੂੰ ਭਾਰਤ ਤੋਂ ਕੱਢਣਾ ਨਹੀਂ ਹੈ । "ਸਵਰਾਜ" ਦਾ ਅਰਥ ਹੈ ਜਿਵੇਂ ਪ੍ਰਾਚੀਨ ਸਮੇਂ ਵਿੱਚ ਮਨੁਸਮ੍ਰਿਤੀ ਵਿੱਚ ਲਿਖਿਆ ਹੈ ਕਿ ਰਾਜਾ ਅਪਣਾ ਰਾਜ ਬ੍ਰਾਹਮਣ ਨਾਲ ਮਿਲ ਚਲਾਉਂਦਾ ਸੀ, ਉਸ ਤਰ੍ਹਾਂ ਅਜੋਕੇ ਸਮੇਂ ਵਿੱਚ, ਜੇਕਰ ਬ੍ਰਿਟਿਸ਼ ਸਰਕਾਰ ਬ੍ਰਾਹਮਣ ਨਾਲ ਪ੍ਰਸ਼ਾਸਨ ਚਲਾਉਣ ਲਈ ਕੰਮ ਕਰਦੀ ਹੈ ਤਾਂ ਉਨ੍ਹਾਂ ਨੂੰ ਭਾਰਤ ਨਹੀਂ ਛੱਡਣਾ ਪਵੇਗਾ । ਤਿਲਕ ਨੇ ਅਥਨੀ, ਕੋਲਹਾਪੁਰ ਦੇ ਇੱਕ ਪਿੰਡ ਵਿੱਚ ਇੱਕ ਸੈਸ਼ਨ ਵਿੱਚ ਖੁੱਲ੍ਹ ਕੇ ਕਿਹਾ ਸੀ ਕਿ "ਤੇਲੀ ਤੰਬੋਲੀ ਅਤੇ ਕੁਨਭਟਾਂ (ਕੁਰਮੀ) ਨੇ ਵਿਧੀ ਮੰਡਲ ਵਿਚ ਜਾ ਕੇ ਕੀ ਹੱਲ ਚਲਾਉਣਾ ਹੈ ?

ਪਹਿਲਾ ਭਾਰਤੀ ਐਕਟ 1919 ਈ. ਵਿਚ ਪਾਸ ਕੀਤਾ ਗਿਆ ਸੀ। ਜਿਸ ਵਿਚ ਅਛੂਤਾਂ ਨੂੰ ਨੁਮਾਇੰਦਗੀ ਨਹੀਂ ਮਿਲੀ। ਇਸ ਵਿੱਚ ਸਿਰਫ ਨਾਮ ਦੀ ਨੁਮਾਇੰਦਗੀ ਦਾ ਮਾਮਲਾ ਮੰਨਿਆ ਗਿਆ ਅਤੇ ਹਰ 10 ਸਾਲਾਂ ਬਾਅਦ ਇਸਦੀ ਸਮੀਖਿਆ ਕਰਨ ਦੀ ਸਹੂਲਤ ਇਸ ਵਿੱਚ ਰਖੀ ਗਈ। ਜਿਸ ਦੇ ਨਤੀਜੇ ਵਜੋਂ, 1928 ਵਿਚ, ਸਾਈਮਨ ਕਮਿਸ਼ਨ ਭਾਰਤ ਆਇਆ। ਤਦ ਸ਼ਾਹੂ ਮਹਾਰਾਜ ਅਤੇ ਤਿਲਕ ਦੀ ਫੋਤ ਹੋ ਚੁੱਕੀ ਸੀ। 1927 ਵਿਚ ਚੋਦਾਰ ਤਲਾਬ ਦੇ ਅੰਦੋਲਨ ਤੋਂ ਬਾਅਦ, ਡਾ. ਅੰਬੇਡਕਰ ਉੱਭਰ ਕੇ ਸਾਹਮਣੇ ਆਉਣ ਵਾਲੇ ਆਗੂ ਬਣ ਚੁੱਕੇ ਸਨ। ਕਾਂਗਰਸ ਅਤੇ ਗਾਂਧੀ ਸਾਈਮਨ ਕਮਿਸ਼ਨ ਦਾ ਵਿਰੋਧ ਕਰ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਵਿਚ ਕੋਈ ਵੀ ਭਾਰਤੀ ਆਗੂ ਸ਼ਾਮਲ ਨਹੀਂ ਸੀ।ਬ੍ਰਿਟਿਸ਼ ਸਰਕਾਰ ਨੇ ਗਾਂਧੀ ਨੂੰ ਦੱਸਿਆ ਕਿ ਗਾਂਧੀ ਜੀ ਸਾਈਮਨ ਕਮਿਸ਼ਨ ਇਕ ਕਾਨੂੰਨੀ ਅਤੇ ਸਰਕਾਰੀ ਕਮਿਸ਼ਨ ਹੈ। ਸਰਕਾਰੀ ਕਮਿਸ਼ਨ ਵਿਚ ਕੋਈ ਨਿਜੀ ਵਿਅਕਤੀ ਸ਼ਾਮਲ ਨਹੀਂ ਹੁੰਦਾ।

ਸਾਈਮਨ ਕਮਿਸ਼ਨ ਨੇ ਆਪਣਾ ਕੰਮ ਪੂਰਾ ਕਰਕੇ ਰਿਪੋਰਟ ਸੌਂਪ ਦਿੱਤੀ। ਦੂਜੇ ਪਾਸੇ, ਬ੍ਰਿਟਿਸ਼ ਸਰਕਾਰ ਦੁਆਰਾ ਗਾਂਧੀ ਜੀ ਨਾਲ ਕੀਤੇ ਵਾਅਦੇ ਅਨੁਸਾਰ 1930 ਵਿਚ ਇੰਗਲੈਂਡ ਵਿਚ ਗੋਲ ਮੇਜ ਕਾਨਫਰੰਸ ਆਯੋਜਤ ਕੀਤੀ ਗਈ ਸੀ। ਪਰ ਭਾਰਤ ਦੇ ਸਾਰੇ ਰਾਜਨੀਤਿਕ ਅਤੇ ਸਮਾਜਿਕ ਸੰਗਠਨਾਂ ਦੇ ਨੇਤਾਵਾਂ ਦੀ ਮੌਜੂਦਗੀ ਦੇ ਕਾਰਨ, ਗਾਂਧੀ ਨੇ ਪਹਿਲੀ ਗੋਲ ਮੇਜ਼ ਕਾਨਫਰੰਸ ਵਿਚ ਜਾਣਾ ਉਚਿਤ ਨਹੀਂ ਸਮਝਿਆ। ਵਿਰੋਧ ਦਾ ਸਾਹਮਣਾ ਕਰਨ ਤੋਂ ਡਰਦੇ ਹੋਏ, ਗਾਂਧੀ ਜੀ ਦੀ ਗ਼ੈਰਹਾਜ਼ਰੀ ਕਾਰਨ ਬ੍ਰਿਟਿਸ਼ ਸਰਕਾਰ ਨੇ ਦੂਜੀ ਗੋਲ ਮੇਜ ਕਾਨਫਰੰਸ ਬੁਲਾ ਲਈ। ਗਾਂਧੀ ਜੀ ਨੂੰ ਪਤਾ ਸੀ ਕਿ ਜੇ ਉਹ ਨਹੀਂ ਜਾਂਦੇ ਤਾਂ ਉਨ੍ਹਾਂ ਦੇ ਖਿਲਾਫ ਫੈਸਲਾ ਲਿਆ ਜਾਵੇਗਾ। ਗਾਂਧੀ ਜੀ ਨੇ ਗੋਲ ਮੇਜ ਵਿਚ ਇਹ ਕਿਹਾ ਸੀ," ਜੇ ਅਛੂਤ ਲੋਕਾਂ ਨੂੰ ਮੇਰੀ ਗੱਲ ਸੁਣ ਕੇ ਦੁੱਖ ਹੁੰਦਾ ਹੈ ਅਤੇ ਅਛੂਤ ਲੋਕ ਧਰਮ ਬਦਲ ਕੇ ਈਸਾਈ ਜਾ ਮੁਸਲਮਾਨ ਬਣਦੇ ਹਨ, ਤਾਂ ਮੈਂ ਉਨ੍ਹਾਂ ਦਾ ਵਿਰੋਧ ਨਹੀਂ ਕਰਾਂਗਾ"। ਅਛੂਤਾਂ ਦੀ ਮੰਗ ਨੂੰ ਦਬਾਉਣ ਲਈ ਗਾਂਧੀ ਨੇ ਮੁਸਲਿਮ ਨੇਤਾ ਮੁਹੰਮਦ ਅਲੀ ਜਿਨਾਹ ਨੂੰ ਬੁਲਾਇਆ। ਉਸਨੇ ਜਿਨਾਹ ਨਾਲ ਇੱਕ ਗੁਪਤ ਸਮਝੌਤਾ ਵੀ ਕੀਤਾ।

ਗਾਂਧੀ ਜੀ ਨੇ ਮੁਹੰਮਦ ਅਲੀ ਜਿਨਾਹ ਨੂੰ ਕਿਹਾ "ਮੈਂ ਤੁਹਾਡੀਆਂ ਸਾਰੀਆਂ ਮੰਗਾਂ ਮੰਨਣ ਲਈ ਤਿਆਰ ਹਾਂ ਜੇ ਤੁਸੀਂ ਮੇਰੇ ਨਾਲ ਸ਼ਾਮਲ ਹੋ ਜਾਂਦੇ ਅਤੇ ਅਛੂਤਾਂ ਦੀਆਂ ਮੰਗਾਂ ਦਾ ਵਿਰੋਧ ਕਰਦੇ ਹੋ" ਜਿਨਾਹ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਉਸਨੇ ਗਾਂਧੀ ਨੂੰ ਕਿਹਾ ਕਿ ਅਸੀਂ ਖੁਦ ਇਕ ਘੱਟਗਿਣਤੀ ਹਾਂ, ਅਤੇ ਅਸੀਂ ਘੱਟਗਿਣਤੀ ਲੋਕਾਂ ਦੀ ਮੰਗ ਦਾ ਵਿਰੋਧ ਕਿਵੇਂ ਕਰ ਸਕਦੇ ਹਾਂ? ਇਸੇ ਲਈ ਗਾਂਧੀ ਨੇ ਸਿੱਧੇ ਤੌਰ 'ਤੇ ਪ੍ਰੈਸ ਕਾਨ-ਫਰੰਸ ਬੁਲਾ ਕੇ ਕਿਹਾ ਕਿ" ਜੇ ਬ੍ਰਿਟਿਸ਼ ਸਰਕਾਰ ਡਾ. ਅੰ-ਬੇਡਕਰ ਦੇ ਸ਼ਬਦਾਂ ਨਾਲ ਸਹਿਮਤ ਹੋਏ ਤਾਂ ਮੈਂ ਆਪਣੀ ਜ਼ਿੰਦਗੀ ਦਾਅ' ਤੇ ਲਗਾ ਦੇਵਾਂਗਾ"। ਇਹ ਕਹਿ ਕੇ, ਗਾਂਧੀ ਨੇ ਗੋਲ ਮੇਜ ਕਾਨਫਰੰਸ ਛੱਡ ਦਿੱਤੀ। ਉਸ ਸਮੇਂ ਇੰਗਲੈਂਡ ਦੇ ਪ੍ਰਧਾਨਮੰਤਰੀ ਰਮਸੇ ਮੈਕਡੋਨਲਡ ਸਨ। ਉਹ ਗਾਂਧੀ ਦੀਆਂ ਹਰਕਤਾਂ ਤੋਂ ਬਹੁਤ ਦੁਖੀ ਸਨ। ਉਸਨੇ ਸਾਰੀਆਂ ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਦੱਸਿਆ ਕਿ ਜੇ ਕਿਸੇ ਗੱਲ 'ਤੇ ਸਹਿਮਤੀ ਨਹੀਂ ਬਣਦੀ ਤਾਂ ਉਹ ਮਤਾ ਪਾਸ ਕਰਨਗੇ, ਇੰਗਲੈਂਡ ਦੇ ਕਿੰਗ ਜਾਰਜ ਪੰਚਮ ਦੀ ਪ੍ਰਧਾਨਗੀ ਹੇਠ ਇੱਕ ਕਮਿਸ਼ਨ ਬਣਾਇਆ ਜਾਵੇਗਾ ਅਤੇ ਭਾਰਤ ਦੇ ਸਮੂਹ ਧਾਰਮਿਕ,ਰਾਜਨੀ-ਤਿਕ ਅਤੇ ਸਮਾਜਿਕ ਆਗੂਆ ਨੂੰ ਇਸ ਦੇ ਫੈਸਲੇ ਨੂੰ ਸਵੀਕਾਰਨਾ ਪਏਗਾ। ਅਤੇ ਗਾਂਧੀ ਜੀ ਨੇ ਸਭ ਤੋਂ ਪਹਿਲਾਂ ਇਸ ਪ੍ਰਸਤਾਵ ਤੇ ਦਸਤਖਤ ਕੀਤੇ ਸਨ।

ਪ੍ਰਧਾਨਮੰਤਰੀ ਰਮਸੇ ਮੈਕਡੋਨਲਡ ਨੇ ਰਾਜਾ ਜਾਰਜ ਪੰਚਮ ਦੀ ਅਗਵਾਈ ਹੇਠ ਲਾਵਾਦ ਮੰਡਲ ਦੀ ਨਿਯੁਕਤੀ ਕੀਤੀ। ਜਿਉਂ ਹੀ ਗਾਂਧੀ ਇੰਗਲੈਂਡ ਤੋਂ ਭਾਰਤ ਪਰਤਿਆ, ਉਹ ਮੁੰਬਈ ਦੇ ਪੁਣੇ ਦੀ ਯਰਵਦਾ ਜੇਲ੍ਹ ਵਿੱਚ ਕੈਦ ਕਰ ਲਿਆ ਗਿਆ।

ਕਮਿਊਨਲ਼ ਅਵਾਰਡ ਦੀ ਘੋਸ਼ਣਾ 16 ਅਗਸਤ 1932 ਨੂੰ ਕੀਤੀ ਗਈ ਸੀ। ਡਾ: ਅੰਬੇਡਕਰ ਦੀਆਂ ਚਾਰ ਮੰਗਾਂ ਮੰਨ ਲਈਆਂ ਗਈਆਂ।

1) ਵੱਖਰੇ ਚੋਣ ਖੇਤਰ ।
2) ਦੋਹਰੀ ਵੋਟ ਦਾ ਅਧਿਕਾਰ ।
3) ਬਾਲਗ ਮੱਤਾਧਿਕਾਰ ।
4) ਕੇਂਦਰੀ ਅਤੇ ਰਾਜ ਵਿਧਾਨ ਸਭਾਵਾਂ ਵਿਚ ਢੁਕਵੀਂ ਨੁਮਾਇੰਦਗੀ ਦਾ ਅਧਿਕਾਰ ।

ਇਸ ਤੋਂ ਇਲਾਵਾ ਕਮਿਊਨ਼ਲ ਐਵਾਰਡ ਵਿੱਚ ਮੁਸਲਿਮ,ਸਿੱਖ,ਪਿਛੜੀ ਜਾਤੀਆਂ,ਭਾਰਤੀ ਈਸਾਈਆਂ, ਐਂਗਲੋ ਇੰਡਿਅਨ ਅਤੇ ਔਰਤਾਂ ਲਈ ਵੀ ਵਿਸ਼ੇਸ਼ ਅਧਿਕਾਰ ਸਨ। ਇੰਗਲੈਂਡ ਦਾ ਪ੍ਰਧਾਨ ਮੰਤਰੀ ਰੈਮਸੇ ਮੈਕਡਨਾਲਡ ਖੁੱਦ ਨੂੰ ਭਾਰਤੀਆਂ ਦਾ ਦੋਸਤ ਮੰਨਦਾ ਸੀ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਹੱਲ ਕਰਨਾ ਚਾਹੁੰਦਾ ਸੀ।

ਇਹ ਅਧਿਕਾਰ ਗਾਂਧੀ ਐਂਡ ਕੰਪਨੀ ਨੂੰ ਪਰਮਾਣੂ ਬੰਬ ਦੇ ਰੂਪ ਵਿੱਚ ਪ੍ਰਗਟ ਹੋਇਆ। ਅਛੂਤ ਲੋਕਾਂ ਲਈ ਵੱਖਰੇ ਚੋਣ ਹਲਕਿਆਂ ਦੀ ਪ੍ਰਣਾਲੀ ਅਤੇ ਦੋਹਰੀ ਵੋਟ ਪਾਉਣ ਦੇ ਅਧਿਕਾਰ ਦੇ ਵਿਰੋਧ ਵਿੱਚ ਗਾਂਧੀ ਨੇ 20 ਸਤੰਬਰ 1932 ਨੂੰ ਮਰਨ ਵਰਤ ਰੱਖਿਆ ਸੀ। ਗਾਂਧੀ ਜੀ ਨੇ ਸੋਚਿਆ ਕਿ ਜੇ ਮੈਂ ਅੰਬੇਡਕਰ ਦੇ ਵਿਰੋਧ ਵਿੱਚ ਮਰਨ ਵਰਤ 'ਤੇ ਜਾਵਾਂਗਾ ਤਾਂ ਪੂਰਾ ਦੇਸ਼ ਅੰਬੇਡਕਰ ਦੇ ਵਿਰੋਧ ਵਿੱਚ ਖੜਾ ਹੋ ਜਾਵੇਗਾ ਅਤੇ ਡਾ. ਅੰਬੇਡਕਰ ਤੂੜੀ ਦੀ ਤਰ੍ਹਾਂ ਹਵਾ ਵਿੱਚ ਉੱਡ ਜਾਣਗੇ।

ਦੂਜੇ ਪਾਸੇ ਡਾ. ਅੰਬੇਡਕਰ ਤੇ ਗਾਂਧੀ ਜੀ ਦੇ ਮਰਨ ਵਰਤ ਦਾ ਕੋਈ ਅਸਰ ਨਹੀਂ ਹੋਇਆ। ਗਾਂਧੀ ਜੀ ਦੀ ਹਾਲਤ ਵਿਗੜ ਗਈ। ਫਿਰ ਕਾਂਗਰਸ ਨੇ ਜਾਇਜ਼ਾ ਲਿਆ ਕਿ, ਗਾਂਧੀ ਜੀ ਦੇ ਮਰਨ ਵਰਤ ਦਾ ਅਸਰ ਡਾ: ਅੰਬੇਡਕਰ ਤੇ ਕਿਉਂ ਨਹੀਂ ਹੋ ਰਿਹਾ । ਫਿਰ ਕਾਂਗਰਸੀਆਂ ਨੇ ਡਾ. ਅੰਬੇਡਕਰ ਨੂੰ ਲਹੂ ਨਾਲ ਲਥਪਥ ਪੱਤਰ ਲਿਖ ਕੇ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ। ਦੂਰਅੰਦੇਸ਼ੀ, ਡਾ. ਅੰਬੇਡਕਰ ਜਾਣਦੇ ਸਨ ਕਿ ਇਹ ਕਾਂਗਰਸ ਦੀ ਸ਼ੈਤਾਨੀ ਖੇਡ ਹੈ ।

ਅਖੀਰ ਵਿੱਚ, ਕਾਂਗਰਸ ਨੇ ਉਹਨਾਂ ਲੋਕਾਂ ਦੀਆਂ ਬਸਤੀਆਂ ਸਾੜਨ ਦੀ ਇੱਕ ਨਵੀਂ ਯੋਜਨਾ ਬਣਾਈ ਜਿਸਦੇ ਲਈ ਡਾ. ਅੰਬੇਡਕਰ ਨੇ ਅਧਿਕਾਰ ਪ੍ਰਾਪਤ ਕੀਤੇ ਸਨ। ਇਹ ਗੱਲ ਕਾਨਪੁਰ, ਬਨਾਰਸ ਅਤੇ ਪਟਨਾ ਦੇ ਪਿੰਡਾਂ ਵਿਚ ਹੋਈ ਸੀ, ਜਿੱਥੇ ਅਛੂਤਾਂ ਦੀਆਂ ਬਸਤੀਆਂ ਸਾੜਨੀਆ ਸ਼ੁਰੂ ਕਰ ਦਿਤੀਆਂ ਗਈਆਂ। ਡਾ.ਅੰਬੇਦਕਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸਨੇ ਇਸ ਬਾਰੇ ਬ੍ਰਿਟਿਸ਼ ਪੁਲਿਸ ਅਧਿਕਾਰੀਆ ਨਾਲ ਗੱਲ ਕੀਤੀ। ਉਨ੍ਹਾਂ ਨੇ ਬਾਬਾ ਸਾਹਿਬ ਡਾ: ਅੰਬੇਦਕਰ ਨੂੰ ਕਿਹਾ ਕਿ ਸਾਡੀ ਸੁਰੱਖਿਆ ਪ੍ਰਣਾਲੀ ਸਿਰਫ ਅਤੇ ਸਿਰਫ ਸ਼ਹਿਰਾਂ ਵਿਚ ਹੈ। ਅਸੀਂ ਪਿੰਡ ਵਿਚ ਤੁਹਾਡੀ ਮਦਦ ਨਹੀਂ ਕਰ ਸਕਦੇ।

ਫਿਰ ਅਖੀਰ ਵਿੱਚ 24 ਸਤੰਬਰ 1932 ਨੂੰ, ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਗਾਂਧੀ ਜੀ ਵਿਚਕਾਰ ਪੂਨਾ ਸਮਝੌਤਾ ਹੋਇਆ। ਡਾ. ਅੰਬੇਡਕਰ ਪੂਨਾ ਸਮਝੌਤੇ 'ਤੇ ਹਸਤਾਖਰ ਨਹੀਂ ਕਰਨਾ ਚਾਹੁੰਦੇ ਸਨ, ਬਲਕਿ ਉਨ੍ਹਾਂ ਨੇ ਮਜ਼ਬੂਰ ਹੋ ਕੇ ਇਸ' ਤੇ ਦਸਤਖਤ ਕੀਤੇ ਸਨ। ਬਾਬਾ ਸਾਹਿਬ ਨੇ ਪੂਨਾ ਸਮਝੌਤੇ ਦੇ ਵਿਰੋਧ ਵਿੱਚ 3 ਕਿਤਾਬਾਂ ਵੀ ਲਿਖੀਆਂ ।

1) ਕਾਂਗਰਸ ਅਤੇ ਗਾਂਧੀ ਨੇ ਅਛੂਤ ਲੋਕਾਂ ਲਈ ਕੀ ਕੀਤਾ ?
2) ਰਾਜ ਅਤੇ ਘੱਟਗਿਣਤੀ ।
3) ਮਿਸਟਰ ਗਾਂਧੀ ਅਤੇ ਅਛੂਤਾਂ ਦੀ ਮੁਕਤੀ ।

ਇਸ ਪ੍ਰਕਾਰ ਬਾਬਾ ਸਾਹਿਬ ਅਤੇ ਗਾਂਧੀ ਜੀ ਦਰਮਿਆਨ ਹੋਇਆ ਇਹ ਪੂਨਾ ਸਮਝੌਤਾ ਗਾਂਧੀ ਦੀ ਸਾਜਿਸ਼ ਸੀ, ਜਿਸ ਨਾਲ ਇੱਕ ਸਾਜਿਸ਼ ਤਹਿਤ ਅਛੂਤਾਂ ਦੇ ਦੋਹਰੀ ਵੋਟ ਅਤੇ ਅਲੱਗ ਚੋਣ ਖੇਤਰ(ਇਪਅਰਅਟਇ ਓਲਇਚਟੋਰਅਟਇ)ਦੇ ਹੱਕ ਖੋਹ ਲਏ ਗਏ ਸਨ। ਇਸ ਦੀ ਥਾਂ (Joint Electorate) ਜੋ ਹੁਣ ਮੌਜੂਦਾ ਚੋਣ ਪ੍ਰਣਾਲੀ ਹੈ, ਲਾਗੂ ਕੀਤੀ ਗਈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਆਮ ਚੋਣਾਂ ਕਰਵਾਈਆਂ ਗਈਆਂ । ਜਿਥੇ ਵੀ ਬਾਬਾ ਸਾਹਿਬ ਅੰਬੇਡਕਰ ਦੀ ਪਾਰਟੀ ਦੇ ਉਮੀਦਵਾਰ ਖੜੇ ਹੋਏ ਸਨ, ਬਾਬਾ ਸਾਹਿਬ ਅੰਬੇਡਕਰ ਦੀ ਪਾਰਟੀ ਹਾਰ ਗਈ । ਜਿਸ 'ਤੇ ਬਾਬਾ ਸਾਹਿਬ ਨੇ ਆਪਣੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਕੀਤੀ ਅਤੇ ਇਸ ਵਿਚ ਸਮੀਖਿਆ ਕੀਤੀ ਕਿ ਕਿਹੜੇ ਕਾਰਨਾਂ ਕਰਕੇ ਉਨ੍ਹਾਂ ਨੂੰ ਏਨੀ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ। ਜਿਸ ਵਿਚ ਇਹ ਸਾਹਮਣੇ ਆਇਆ ਕਿ ਗਾਂਧੀ ਨੇ ਜਿਹੜਾ ਪੂਨਾ ਪੈਕਟ ਕੀਤਾ ਸੀ। ਉਸ ਨਾ਼ਲ ਸਾਡੇ ਸਮਾਜ ਦੀ ਸਹੀ ਨੁਮਾਇੰਦਗੀ ਉਸ ਦੁਆਰਾ ਖਤਮ ਕੀਤੀ ਗਈ ਸੀ।

ਪੂਨਾ ਸਮਝੌਤੇ ਨੇ ਭਡਵੇ, ਦਲਾਲਾਂ, ਚੱਮਚਿਆਂ ਅਤੇ ਉੱਚੀਆਂ ਸਵਰਨ ਹਿੰਦੂ ਜਾਤੀਆਂ ਦੇ ਸੰਦਾਂ ਨੂੰ ਪੈਦਾ ਕੀਤਾ।

ਹਾਲ ਹੀ ਵਿੱਚ, ਭਾਰਤ ਦੇ ਰਾਸ਼ਟਰੀ ਸਰਵੇਖਣ ਦੀ ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ 83 ਕਰੋੜ ਲੋਕਾਂ ਦੀ ਆਮਦਨ 6 ਰੁਪਏ ਤੋਂ 20 ਰੁਪਏ ਤੱਕ ਹੈ। 83 ਕਰੋੜ ਲੋਕਾਂ ਨੂੰ ਭੁੱਖਮਰੀ ਅਤੇ ਬੇਰੁਜ਼ਗਾਰੀ ਦੇ ਖੂਹ ਵਿਚ ਧੱਕਿਆ ਗਿਆ ਹੈ।

ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਮ੍ਰਿਤਕ ਗਾਂਧੀ 83 ਕਰੋੜ ਲੋਕਾਂ ਨੂੰ ਮਾਰਨ ਵਿੱਚ ਲੱਗਾ ਹੋਇਆ ਹੈ। ਕਿਉਂਕਿ ਜੇਕਰ ਸਾਡੇ ਸਮਾਜ ਦੇ ਲੋਕਾਂ ਦੀ ਸਹੀ ਨੁਮਾਇੰਦਗੀ ਹੁੰਦੀ, ਤਾਂ ਭੁੱਖਮਰੀ, ਬੇਰੁਜ਼ਗਾਰੀ ਅਤੇ ਕੁਪੋਸ਼ਣ ਦੇ ਵਿਰੁੱਧ ਜ਼ਰੂਰ ਲੜਾਈ ਲੜੀ ਜਾਂਦੀ ।

ਬੀ ਬੀ ਐਮ ਬੀ ਡੀ ਏ ਵੀ ਪਬਲਿਕ ਸਕੂਲ ਨੰਗਲ ਦੀਆਂ ਫੀਸਾਂ ਦੀ ਮੁਆਫੀ ਲਈ ਮਾਪਿਆਂ ਨੇ ਸਕੂਲ ਮੈਨੇਜਮੈਂਟ ਕਮੇਟੀ ਚੇਅਰਮੈਨ ਨੂੰ ਮੰਗ ਪੱਤਰ ਦਿੱਤਾ

ਨੰਗਲ ਸ਼ਹਿਰ ਦੀ ਸਥਾਪਨਾ ਬੀ ਬੀ ਐਮ ਬੀ ਦੇ ਭਾਖੜਾ ਡੈਮ ਦੇ ਪ੍ਰੋਜੈਕਟ ਕਾਰਨ ਹੋਈ ਹੈ। ਬੀ ਬੀ ਐਮ ਬੀ ਵਲੋਂ ਭਾਖੜਾ ਡੈਮ ਪ੍ਰੋਜੈਕਟ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਰਿਹਾਇਸ਼ੀ ਮਕਾਨ ਨੰਗਲ ਵਿੱਚ ਬਣਾਏ ਗਏ ਸਨ। ਇਸੇ ਤਰਾਂ ਹੀ ਨੰਗਲ ਵਿੱਚ ਕਰਮਚਾਰੀਆਂ ਅਤੇ ਇਲਾਕੇ ਦੇ ਲੋਕਾਂ ਦੀ ਸਹੂਲਤ ਅਤੇ ਭਲਾਈ ਲਈ ਸਕੂਲ, ਹਸਪਤਾਲ, ਆਦਿ ਵੀ ਬਣਾਏ ਗਏ ਸਨ। ਇਲਾਕੇ ਦੇ ਬਹੁਤੇ ਲੋਕਾਂ ਦੁਕਾਨਦਾਰਾਂ, ਬੀ ਬੀ ਐਮ ਬੀ ਤੋਂ ਰਿਟਾਇਰਡ ਕਰਮਚਾਰੀਆਂ, ਆਸ-ਪਾਸ ਦੇ ਪਿੰਡਾਂ ਦੇ ਬੱਚੇ ਅਤੇ ਬੀ ਬੀ ਐਮ ਬੀ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਬੱਚੇ ਬੀ ਬੀ ਐਮ ਬੀ ਡੀ.ਏ.ਵੀ. ਪਬਲਿਕ ਸਕੂਲ ਵਿੱਚ ਪੜ੍ਹਦੇ ਹਨ। ਇਸ ਸਕੂਲ ਨੂੰ ਬਿਲਡਿੰਗ, ਬਿਜਲੀ ਅਤੇ ਹੋਰ ਸਹੂਲਤਾਂ ਬੀ ਬੀ ਐਮ ਬੀ ਵਲੋਂ ਸਰਕਾਰੀ ਕੋਟੇ ਵਿੱਚੋਂ ਉਪਲਬੱਧ ਹਨ। ਹੁਣ ਇਸ ਸਕੂਲ ਵਲੋਂ ਫੀਸਾਂ ਜਮ੍ਹਾਂ ਕਰਵਾਉਣ ਲਈ ਮਾਪਿਆਂ ਨੂੰ ਨੋਟਿਸ ਭੇਜੇ ਗਏ ਹਨ ਜਿਸ ਨੂੰ ਲੈਕੇ ਬੱਚਿਆਂ ਦੇ ਮਾਪਿਆਂ ਵਿੱਚ ਬੇਚੈਨੀ ਪਾਈ ਜਾ ਰਹੀ ਹੈ ਅਤੇ ਸੈਂਕੜੇ ਮਾਪਿਆਂ ਨੇ ਅੱਜ ਰੋਸ ਪ੍ਰਦਰਸਨ ਕੀਤਾ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਹੁਸਨ ਲਾਲ ਕੰਬੋਜ ਅਤੇ ਸਕੂਲ ਪ੍ਰਿੰਸੀਪਲ ਰਜਨੀਸ ਸਰਮਾ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਮਾਪਿਆਂ ਸਿਵ ਰਾਣਾ, ਰਾਜਵਿੰਦਰ ਕਲਸੀ, ਕੁਲਦੀਪ ਚੰਦ, ਲਖਵਿੰਦਰ ਸਿੰਘ ਲੱਕੀ, ਆਦਿ ਨੇ ਦੱਸਿਆ ਕਿ ਸਕੂਲ ਦੀ ਮੈਨੇਜਮੈਂਟ ਵਲੋਂ ਸਕੂਲ ਦੀਆਂ ਫੀਸਾਂ ਦੀ ਵਸੂਲੀ ਲਈ ਨੋਟਿਸ ਜਾਰੀ ਕੀਤੇ ਗਏ ਹਨ ਜਿਸ ਅਨੁਸਾਰ ਬੀ ਬੀ ਐਮ ਬੀ ਕਰਮਚਾਰੀਆਂ ਦੇ ਬੱਚਿਆਂ ਅਤੇ ਬਾਕੀ ਬੱਚਿਆਂ ਦੀਆਂ ਫੀਸਾਂ ਵਿੱਚ ਵੱਡਾ ਫਰਕ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਕੋਰੋਨਾ ਕਾਰਨ ਹਰ ਪਾਸੇ ਵਿੱਤੀ ਸੰਕਟ ਆਇਆ ਹੋਇਆ ਹੈ ਅਤੇ ਬਹੁਤੇ ਪਰਿਵਾਰਾਂ ਨੂੰ ਰੋਜਾਨਾਂ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਵੀ ਭਾਰੀ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੂਲ ਮੈਨੇਜਮੈਂਟ ਕਮੇਟੀ ਦੇ ਇਸ ਫੈਸਲੇ ਨਾਲ ਇਲਾਕੇ ਦੇ ਬੱਚੇ ਚੰਗੇਰੀ ਸਿਖਿਆ ਤੋਂ ਬਾਂਝੇ ਹੋ ਜਾਣਗੇ ਕਿਉਂਕਿ ਗਰੀਬ ਬੱਚਿਆਂ ਦੇ ਮਾਪੇ ਆਪਣੇ ਬੱਚਿਆਂ ਨੂੰ ਇਸ ਸਕੂਲ ਵਿੱਚ ਨਹੀਂ ਪੜ੍ਹਾ ਸਕਣਗੇ। ਉਨ੍ਹਾਂ ਮੰਗ ਕੀਤੀ ਕਿ ਕਰੋਨਾ ਕਾਰਨ ਆਏ ਵਿੱਤੀ ਸੰਕਟ ਨੂੰ ਵੇਖਦੇ ਹੋਏ ਬੀ ਬੀ ਐਮ ਬੀ ਡੀ ਏ ਵੀ ਪਬਲਿਕ ਸਕੂਲ ਨੰਗਲ ਵਿੱਚ ਪੜ੍ਹਣ ਵਾਲੇ ਸਮੂਹ ਵਿਦਿਆਰਥੀਆਂ ਦੀ ਇਸ ਸਾਲ ਦੀ ਫੀਸ ਬੀ ਬੀ ਐਮ ਬੀ ਅਪਣੇ ਫੰਡ ਵਿੱਚੋਂ ਦੇਵੇ ਜਿਸ ਨਾਲ ਬੀ ਬੀ ਐਮ ਬੀ ਕਰਮਚਾਰੀਆਂ ਅਤੇ ਦੂਜੇ ਮਾਪਿਆਂ ਨੂੰ ਰਾਹਤ ਮਿਲ ਸਕੇ। ਇਸ ਮੌਕੇ ਤੇ ਹਾਜਰ ਮਾਪਿਆਂ ਨੇ ਬੀ.ਬੀ.ਐਮ.ਬੀ. ਨੂੰ ਚੇਤਾਵਨੀ ਦਿਤੀ ਕਿ ਜੇਕਰ ਸਕੂਲ ਦੀਆਂ ਫੀਸਾਂ ਜਮ੍ਹਾਂ ਕਰਵਾਉਣ ਦਾ ਫੈਸਲਾ ਵਾਪਸ ਨਾਂ ਲਿਆ ਤਾਂ ਰੋਸ ਪ੍ਰਦਰਸ਼ਨ ਅਤੇ ਸੰਘਰਸ਼ ਤੇਜ ਕੀਤਾ ਜਾਵੇਗਾ ਜਿਸਦੀ ਜਿੰਮੇਬਾਰੀ ਬੀ.ਬੀ.ਐਮ.ਬੀ. ਅਧਿਕਾਰੀਆਂ ਦੀ ਹੋਵੇਗੀ। ਇਸ ਮੌਕੇ ਤੇ ਦੀਪਕ ਕੁਮਾਰ, ਕਮਲ ਸਿੰਘ, ਭੂਪਿੰਦਰ ਸਿੰਘ, ਸੁਨੀਲ ਕੁਮਾਰ, ਗਗਨ, ਹਰੀਸ ਕੁਮਾਰ, ਕੁਲਵਿੰਦਰ ਸਿੰਘ, ਵਿਨੋਦ ਕੁਮਾਰ, ਰਾਜੇਸ ਕੁਮਾਰ, ਯਾਦਵਿੰਦਰ, ਰਮਨ ਛਾਵੜਾ,ਰਾਜ ਕੁਮਾਰ,ਸਤਵਿੰਦਰ ਸਿੰਘ, ਪੂਨਮ ਦੇਵੀ, ਮੋਨਿਕਾ, ਰਜਨੀ, ਰੀਮਾ, ਬੇਬੀ, ਸੰਨੀ ਰਾਣਾ, ਭੂਪਿੰਦਰ ਰਾਣਾ, ਸੁਭਾਸ ਚੰਦ ਆਦਿ ਸੈਂਕੜੇ ਇਲਾਕਾਵਾਸੀ ਹਾਜਰ ਸਨ। ਇਸ ਸਬੰਧੀ ਸਕੂਲ ਪ੍ਰਿੰਸੀਪਲ ਰਾਜਨੀਸ ਸਰਮਾ ਨੇ ਦੱਸਿਆ ਕਿ ਇਸ ਸਕੂਲ ਵਿੱਚ ਲੱਗਪੱਗ ਇੱਕ ਹਜਾਰ ਬੱਚੇ ਨਾਨ ਬੀ ਬੀ ਐਮ ਬੀ ਨਾਲ ਸਬੰਧਿਤ ਹਨ ਅਤੇ ਫੀਸ ਸਟਰਕਚਰ ਸਕੂਲ ਮੈਨੇਜਮੈਂਟ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਬਣਾਇਆ ਗਿਆ ਹੈ। ਉਨ੍ਹਾਂ ਦੰਸਿਆ ਕਿ ਫੀਸ ਮੁਆਫੀ ਸਬੰਧੀ ਫੈਸਲਾ ਬੀ ਬੀ ਐਮ ਬੀ ਨੇ ਕਰਨਾ ਹੈ। ਇਸ ਸਬੰਧੀ ਸਕੂਲ ਮੈਨੇਜਮੈਂਟ ਕਮੇਟੀ ਚੇਅਰਮੈਨ ਇੰਜਨੀਅਰ ਹੁਸਨ ਲਾਲ ਕੰਬੋਜ ਨੇ ਦੱਸਿਆ ਕਿ ਫੀਸਾਂ ਸਬੰਧੀ ਉਹ ਆਏ ਇਸ ਮੰਗ ਪੰਤਰ ਨੂੰ ਬੋਰਡ ਆਫਿਸ ਨੂੰ ਭੇਜ ਦੇਣਗੇ ਅਤੇ ਬੋਰਡ ਆਫਿਸ ਵਲੋਂ ਕੀਤੇ ਗਏ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਣਗੇ।

ਕੁਲਦੀਪ ਚੰਦ 91-94175-63054

ਅੱਜ 21 ਸਤੰਬਰ ਪੰਜਾਬ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਧਰਤੀ ਦੇ ਦਲੇਰ ਪੁੱਤਰ ਰਾਏ ਅਹਿਮਦ ਖ਼ਾਨ ਖਰਲ ਦਾ ਸ਼ਹੀਦੀ ਦਿਹਾੜਾ ਹੈ

ਜਿਥੇ ਪੰਜਾਬ ਦੀ ਧਰਤੀ ਦੀ ਝੰਗ ਰਾਜਾ ਪੋਰਸ, ਦੁੱਲਾ ਭੱਟੀ, ਭਗਤ ਸਿੰਘ ਸ਼ਹੀਦ ਹੋਰਾਂ ਲੜਈ ਓਥੇ ਰਾਏ ਅਹਿਮਦ ਖ਼ਾਂ ਖਰਲ ਨੇ ਵੀ ਅਪਣਾ ਸਿਰ ਪੰਜਾਬ ਦੀ ਧਰਤੀ ਲਈ ਨਜ਼ਰਾਨਾ ਦਿੱਤਾ ਅੱਜ ਵੀ ਲੋਕ ਇਹਨਾਂ ਦੇ ਗਾਵਣ ਗਾਵੰਦੇ ਨੇ।ਆਕਬ ਸੱਤਿਆ ਨਵੀ ਲਿਖਦੇ ਨੇ

ਅਸੀਂ ਵਾਸੀ ਦੇਸ ਪੰਜਾਬ ਦੇ ਸਾਡਾ ਵਿਰਸਾ ਲੋਕ ਵਿਰਾਗ
ਅਸੀਂ ਬੋਲੀ ਬਾਹੂ ਦੀ ਬੋਲਦੇ । ਸਾਨੂੰ ਪੀਰ ਫ਼ਰੀਦ ਦੀ ਜਾਗ

ਜਿਵੇਂ ਮਿਹਰ ਮੁਰਾਦ ਦਲੀਲ ਦੇ । ਲਿਆ ਰੁਏ-ਏ- ਅਹਿਮਦ ਖ਼ਾਨ ਦਾ ਵੀਰ
ਇੰਜ ਵੇਹੜਿਆ ਖਰਲ ਅੰਗਰੇਜ਼ ਨੂੰ । ਨਾ ਚਾਵਨ ਦਿੱਤਾ ਪੈਰ

ਅਸਾਂ ਕਾਲ਼ਾ ਪਾਣੀ ਭੋਗਿਆ । ਨਈਂ ਮੁੜ ਵੀ ਮੰਨੀ ਹਾਰ
ਅਸੀਂ ਪਰੇਮੀ ਆਪਣੇ ਦੇਸ ਦੇ । ਸਾਨੂੰ ਰਹਿਤਲ ਨਾ਼ਲ ਏ ਪਿਆਰ

ਅਸਾਂ ਦੀਵਾ ਸਕਦਾ ਬਾਲਿਆ । ਅਸਾਂ ਵੇਖੇ ਸੁਖ ਦੇ ਖ਼ਾਬ
ਸਾਡੀ "ਆਕਬ" ਝੋਕ ਰਨਗੀਲੜੀ । ਸ਼ਾਲਾ ਵਸੇ ਦੇਸ ਪੰਜਾਬ

ਅੰਗਰੇਜ਼ ਸਰਕਾਰ ਨੇ 1849 ਵਿਚ ਪੰਜਾਬ ਤੇ ਕਬਜ਼ਾ ਕਰਦਿਆਂ ਈ ਪੰਜਾਬ ਦੇ ਲੋਕਾਂ ਤੇ ਜ਼ੁਲਮ ਕਰਨਾ ਸ਼ੁਰੂ ਕਰ ਦੇਤਾ।ਬੇਗੁਨਾਹ ਲੋਕਾਂ ਨੂੰ ਛੋਟੀਆਂ ਮੋਟਿਆਂ ਗੱਲਾਂ ਕਰ ਕੇ ਈ ਫਾਂਸੀ ਵਰਗੀਆਂ ਸਜ਼ਾਈਂ ਦਿੱਤੀਆਂ ਜਾਣ ਲੱਗੀਆਂ। ਤੇ ਨਾ਼ਲ ਦੀ ਨਾ਼ਲ ਈ ਪੰਜਾਬ ਦੀਆਂ ਮੁਕਾਮੀ ਸਾਂਤਾਂ ਨੂੰ ਤਬਾਹ ਬਰਬਾਦ ਕਰ ਕੇ ਸਾਰਾ ਮਾਲ ਇੰਗਲਿਸਤਾਨ ਲਿਜਾਣਾ ਸ਼ੁਰੂ ਕਰ ਦੇਤਾ ਇਸ ਨਾ਼ਲ ਪੰਜਾਬ ਦੇ ਲੋਕਾਂ ਦੇ ਮੁਆਸ਼ੀ ਹਾਲਾਤ ਕਮਜ਼ੋਰ ਹੋਏ ਤੇ ਲੋਕਾਈ ਵਿਚ ਅੰਗਰੇਜ਼ਾਂ ਖ਼ਿਲਾਫ਼ ਨਫ਼ਰਤ ਹੋਰ ਵਧਣ ਲੱਗੀ । ਤੇ ਅੰਗਰੇਜ਼ਾਂ ਨੇ ਬਹੁਤ ਸਾਰੇ ਸਾਧੂ ਸੰਤਾਂ ਨੂੰ ਵੀ ਸ਼ੱਕ ਕਾਰਨ ਫਾਹੇ ਲਾ ਦਿਤਾ।

ਪੰਜਾਬ ਦੇ ਸਰਹੱਦੀ ਇਲਾਕੇ ਵਿਚ ਰਹਿਣ ਵਾਲੇ ਅੰਗਰੇਜ਼ਾਂ ਦਾ ਕਲਕੱਤਾ ਤੇ ਲੰਦਨ ਨਾ਼ਲ ਰਾਬਤਾ ਕਰਾਚੀ ਦੇ ਜ਼ਰੀਏ ਰਹਿ ਗਿਆ ਸੀ ।ਅੰਗਰੇਜ਼ ਸਰਕਾਰ ਚਾਹੁੰਦੀ ਸੀ ਸਿੰਧ ਪੰਜਾਬ ਚੇ ਅਮਨ ਰਵੇਤਾ ਕੇ ਜਰਨੈਲੀ ਸੜਕ ਅੰਗਰੇਜ਼ਾਂ ਲਈ ਆਉਣ ਜਾਵਣ ਲੀ ਖੁੱਲੀ ਰਹੇ ਸੁਣਨ ਤੇ ਪੜ੍ਹਨ ਚ ਆਇਆਂ ਕੇ ਇਸ ਕੰਮ ਦੀ ਜ਼ੰਮਿਦਾਰੀ ਪਟਿਆਲਾ ਤੇ ਨਾਬੇ ਦੇ ਰਾਜਿਆਂ ਨੇ ਲੈ ਲੀ ।ਤੇ ਓਹਨੀ ਦਿਨੀਂ ਹੀ ਗੋਗੀਰਾ ਜ਼ਿਲੇ ਦਾ ਸਦਰ ਮੁਕਾਮ ਹੁੰਦਾ ਸੀ ।ਤੇ ਇੰਨਾਂ ਈ ਦਿਨਾਂ ਚੇ ਇਸ ਇਲਾਕੇ ਚੇ ਰਾਏ ਅਹਿਮਦ ਖ਼ਾਨ ਖਰਲ ਦਾ ਨਾਂ ਵੱਜਦਾ ਸੀ ਰਾਏ ਅਹਿਮਦ ਖ਼ਾਨ ਪਿੰਡ ਝਾ ਮਰਾ ਦੇ ਰਹਿਣ ਵਾਲੇ ਸਨ ਤੇ ਪੰਜਾਬ ਦੀ ਧਰਤੀ ਤੇ ਪੰਜਾਬ ਦੇ ਲੋਕਾਂ ਨਾ਼ਲ ਬਹੁਤ ਮੋਹ ਕਰਦੇ ਸਨ । ਅੰਗਰੇਜ਼ਾਂ ਦੇ ਜ਼ੁਲਮ ਨੂੰ ਬਰਦਾਸ਼ਤ ਨਾਂ ਕਰਦੇ ਹੋਏ 1857 ਚੇ ਪੰਜਾਬ ਦੀ ਆਜ਼ਾਦੀ ਦੀ ਲੜਾਈ ਲੜਨ ਦਾ ਫੈਸਲਾ&; ਕੀਤਾ । 16 ਸਤੰਬਰ 1857 ਨੂੰ ਰਾਏ ਅਹਿਮਦ ਖ਼ਾਨ ਖਰਲ ਨੇ ਗੋਗੀਰਾ ਤੇ ਝੰਗ ਦੇ ਸਰਦਾਰਾਂ ਨੂੰ ਇਕ ਜਗ੍ਹਾ ਇਕੱਠੀਆਂ ਕੀਤਾ ਤੇ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਆਜ਼ਾਦੀ ਲੇਣ ਲਈ ਇਕ ਮੂਠ ਹੋ ਕੇ ਲੜਨ ਦਾ ਆਖਿਆ ਸਭ ਨੇ ਹਾਮ੍ਹੀ ਭਰੀ ਤੇ ਅਹਿਮਦ ਖ਼ਾਂ ਨੂੰ ਅਪਣਾ ਅੱਗੋ ਮਨ ਲਿਆ ਤੇ ਅੰਗਰੇਜ਼ਾਂ ਖ਼ਿਲਾਫ਼ ਲੜਨ ਦੀ ਤਿਆਰੀ ਸ਼ੁਰੂ ਕੀਤੀ ਆਪਣੀਆਂ ਈ ਗ਼ੱਦਾਰੀ ਕੀਤੀ ਤੇ ਇਸ ਗੱਲ ਦੀ ਸਾਰੀ ਖ਼ਬਰ ਰਾਤੋ ਰਾਤ ਸਰ ਫ਼ਿਰਾਜ਼ ਖਰਲ ਨੇ ਅੰਗਰੇਜ਼ ਨੂੰ ਜਾ ਦਿੱਤੀ ਜੋ ਕੇ ਅੰਗਰੇਜ਼ ਸਰਕਾਰ ਦਾ ਮੁਖ਼ਬਰ ਸੀ।ਇਸ ਕਰਕੇ ਅੰਗਰੇਜ਼ਾਂ ਨੇ ਲੋਕਾਂ ਨੂੰ ਗ੍ਰਿਫ਼ਤਾਰ ਕਰਨਾਂ ਸ਼ੁਰੂ ਕਰ ਦੇਤਾ ਤੇ ਅਹਿਮਦ ਖ਼ਾਂ ਦੇ ਪਿੰਡ ਨੂੰ ਅੱਗ ਲਵਾ ਦਿੱਤੀ ।ਜੋ ਮਨਸੂਬੇ ਅੰਗਰੇਜ਼ਾਂ ਖ਼ਿਲਾਫ਼ ਰਾਚੇ ਗੇ ਸਨ ਉਨ੍ਹਾਂ ਨੂੰ ਨਕਾਮੀ ਹਾਸਲ ਹੋਣ ਲੱਗੀ-ਏ- ਤੇ 20 ਸਤੰਬਰ 1857 ਨੂੰ ਫ਼ਤਿਹ ਪੁਰ ਜਾ ਮੋਰਚਾ ਲਾਇਆ ਤੇ ਅੰਗਰੇਜ਼ਾਂ ਨੂੰ ਓਥੋਂ ਨੱਸਣਾਂ ਪਿਆ। ਤੇ ਅਗਲੇ ਈ ਦਿਨ 21 ਸਤੰਬਰ 1857 ਨੂੰ ਅੰਗਰੇਜ਼ ਸਾਮਰਾਜ ਦੇ ਕਮਾਂਡਰ ਬਰਕਲੇ ਤੇ ਫ਼ੌਜਾਂ ਦੀ ਵੱਡੀ ਤਾਦਾਦ ਨਾ਼ਲ ਪਿੰਡ ਗਸ਼ਕੋਰੀ ਦੇ ਲਾਗਲੇ ਜੰਗ਼ਲ ਚੇ ਅਹਿਮਦ ਖ਼ਾਂ ਹੋਰਾਂ ਤੇ ਹੱਲਾ ਬੋਲ ਦੇਤਾ ਤੇ ਅਹਿਮਦ ਖ਼ਾਂ ਖਰਲ ਤੇ ਉਸਦੇ ਸਾਥੀ ਸਿਰ ਤੇ ਕਫ਼ਨ ਬਣ ਕੇ ਮੈਦਾਨ ਚ ਆਨ ਪੂਜੇ ਅੰਗਰੇਜ਼ਾਂ ਕੋ਼ਲ ਨੂੰ ਅਸਲਾ ਤੇ ਵਾਢੀ ਤਾਦਾਦ ਫ਼ੌਜੀਆਂ ਦੀ ਸੀ ਇਸ ਦੇ ਬਾਵਜੂਦ ਵੀ ਅੰਗਰੇਜ਼ ਘਬਰਾਇਆ ਹੋਇਆ ਸੀ ਲੜਾਈ ਜਾਰੀ ਸੀ ਤੇ ਲੌਢੇ ਦਾ ਵੇ਼ਲਾ ਹੋ ਗਿਆ ਅਹਿਮਦ ਖ਼ਾਂ ਅਸਰ ਦੀ ਨਮਾਜ਼ ਪੜ੍ਹਨ ਲੱਗੇ ਤੇ ਅੰਗਰੇਜ਼ਾਂ ਨੇ ਗੋਲੀਆਂ ਦਾ ਮੀਂਹ ਵਰ੍ਹਾ ਦੇਤਾ ਇਸ ਦਰਮਿਆਨ ਇਕ ਗੋਲੀ ਸਦੀ ਸੀਨੇ ਅਣ ਲੱਗੀ ਤੇ ਸ਼ਹੀਦ ਹੋਗੇ । ਇਸ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਉਨ੍ਹਾਂ ਦਾ ਸਿਰ ਕੱਟ ਕੇ ਗੋਗੀਰਾ ਜੇਲ੍ਹ ਦੀ ਕੰਧ ਤੇ ਜਾ ਲਟਕਾਇਆਤਾ ਕੇ ਲੋਕਾਂ ਚੇ ਸਰਕਾਰ ਦਾ ਡਰ ਵਧੇ ਤੇ ਨਾ਼ਲ ਦੇ ਸਾਥੀ ਜਵਾਨਾਂ ਰਾਤੋ ਰਾਤ ਗੋਗੀਰਾ ਜੇਲ੍ਹ ਤੋਂ ਕੱਟਿਆ ਸਿਰ ਲਿਆਂਦਾ ਧੜ ਨਾ਼ਲ ਜੌੜਾ ਉਨ੍ਹਾਂ ਦੀ ਆਖ਼ਰੀ ਰਸਮ ਪਿੰਡ ਝਾ ਮਰਾ ਜਾ ਨਿਭਾਈ ।ਅੱਜ ਵੀ ਗੋਗੀਰਾ ਦੇ ਇਲਾਕੇ ਚੇ ਰਾਏ ਅਹਿਮਦ ਖ਼ਾਂ ਦੀ ਬਹਾਦਰੀ ਦੇ ਕਿੱਸੇ ਪੜ੍ਹੇ ਜਾਂਦੇ ਨੇ। ਇਹਨਾਂ ਸ਼ਹੀਦਾਂ ਦਾ ਕਰਜ਼ ਇਸੀ ਕਦੇ ਨਹੀਂ ਦੇ ਸਕਦੇ।

- ਅੰਜੁਮ ਗਿਲ

ਸਲਾਮ ਸ਼ਹਿਦਾਂ ਨੂੰ

ਪੇਸ਼ਕਸ- ਬਾਬਰ ਜਲੰਧਰੀ

23 ਸਤੰਬਰ 2020 ਨੂੰ 23ਵੀ ਬਰਸੀ ਉੱਤੇ ਵਿਸ਼ੇਸ਼ ਲੇਖ

ਉੱਘੇ ਸਮਾਜ ਸੁਧਾਰਕ ਬਾਬਾ ਬੂਟਾ ਰਾਮ ਧਰਮਸੋਤ ਜੀ

ਇਸ ਧਰਤੀ ਉੱਤੇ ਅਨੇਕਾਂ ਲੋਕ ਰੋਜ਼ਾਨਾ ਜਨਮ ਲੈਂਦੇ ਹਨ। ਇਨ੍ਹਾਂ ਵਿੱਚੋਂ ਬਹੁਤੇ ਲੋਕ ਆਪਣਾ ਸਾਧਾਰਨ ਜੀਵਨ ਜੀਅ ਕੇ ਇਸ ਦੁਨੀਆ ਤੋਂ ਰੁਖ਼ਸਤ ਹੋ ਜਾਂਦੇ ਹਨ। ਪਰ ਲੱਖਾਂ ਵਿਅਕਤੀਆਂ ਵਿੱਚੋਂ ਕੋਈ ਇੱਕ ਵਿਅਕਤੀ ਅਜਿਹਾ ਵੀ ਹੁੰਦਾ ਹੈ ਜੋ ਆਪਣਾ ਜੀਵਨ ਆਪਣੇ ਲਈ ਨਹੀਂ ਜਿਊਂਦਾ ਬਲਕਿ ਉਹ ਲੋਕਾਂ ਵਾਸਤੇ ਜਿਊਂਦਾ ਹੈ। ਅਜਿਹੇ ਲੋਕ ਆਪਣਾ ਪਰਿਵਾਰ ਆਪਣੇ ਸਮਾਜ ਨੂੰ ਹੀ ਮੰਨ ਕੇ ਆਪਣੇ ਸਮਾਜ ਦੀ ਤਰੱਕੀ ਲਈ ਜੁਟੇ ਰਹਿੰਦੇ ਹਨ। ਅਜਿਹੇ ਲੋਕਾਂ ਨੂੰ ਹੀ ਸਮਾਜ ਸੁਧਾਰਕ ਕਿਹਾ ਜਾਂਦਾ ਹੈ। ਸਮਾਜ ਸੁਧਾਰਕ ਲੋਕਾਂ ਦੀ ਜ਼ਿੰਦਗੀ ਦਾ ਲੇਖਾ ਉਨ੍ਹਾਂ ਦੇ ਇਸ ਦੁਨੀਆ ਤੋਂ ਚਲੇ ਜਾਣ ਉਪਰੰਤ ਜਦੋਂ ਲੋਕ ਕਰਦੇ ਹਨ ਤਾਂ ਫਿਰ ਅਜਿਹੇ ਲੋਕਾਂ ਦੀ ਜ਼ਿੰਦਗੀ ਦਾ ਮਹੱਤਵ ਸਮਝ ਲੱਗਦਾ ਹੈ। ਬਾਬਾ ਬੂਟਾ ਰਾਮ ਧਰਮਸੋਤ ਜੀ ਵੀ ਅਜਿਹੇ ਹੀ ਸਮਾਜ ਸੁਧਾਰਕਾਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਮਾਜ ਸੇਵਾ ਦੇ ਲੇਖੇ ਲਾ ਦਿੱਤੀ।



ਬਾਬਾ ਬੂਟਾ ਰਾਮ ਧਰਮਸੋਤ ਜੀ ਦਾ ਜਨਮ 13 ਮਾਰਚ 1920 ਨੂੰ ਬਾਬਾ ਨਿਹਾਲਾ ਰਾਮ ਧਰਮਸੋਤ ਜੀ ਦੇ ਘਰ ਹੋਇਆ। ਉਨ੍ਹਾਂ ਦਾ ਵਿਆਹ ਸ਼੍ਰੀਮਤੀ ਮੰਧੀ ਦੇਵੀ ਨਾਲ 3 ਜਨਵਰੀ 1937 ਨੂੰ ਹੋਇਆ ਸੀ। ਉਨ੍ਹਾਂ ਦਾ ਇਕ ਬੇਟਾ ਹੈ ਕਰਤਾਰ ਚੰਦ, ਜਿਸ ਦਾ ਜਨਮ 5 ਅਕਤੂਬਰ, 1938 ਨੂੰ ਹੋਇਆ ਸੀ। ਬਾਬਾ ਬੂਟਾ ਰਾਮ ਜੀ ਸ਼ੁਰੂ ਤੋਂ ਹੀ ਰੱਬ ਦੀ ਰਜ਼ਾ ਵਿੱਚ ਮਸਤ ਰਹਿਣ ਵਾਲੇ ਵਿਅਕਤੀ ਸਨ।

ਬਾਬਾ ਬੂਟਾ ਰਾਮ ਧਰਮਸੋਤ ਜੀ ਆਪਣੇ ਸਮਾਜ ਦੇ ਲੋਕਾਂ ਦਾ ਮਨੋਬਲ ਉੱਪਰ ਚੁੱਕਣ ਲਈ ਕਿਹਾ ਕਰਦੇ ਸਨ ਕਿ ਗੋਆਰ ਸਮਾਜ ਇੱਕ ਬਹੁਤ ਮਹਾਨ ਸਮਾਜ ਹੈ ਜਿਸ ਵਿੱਚੋਂ ਬਾਬਾ ਹਾਥੀ ਰਾਮ (ਬਲਜੋਤ), ਬਾਬਾ ਬੱਲੂ ਰਾਏ ਨਾਇਕ (ਬਿੰਝਰਾਵਤ), ਬਾਬਾ ਲੱਖੀ ਸ਼ਾਹ ਬੰਜਾਰਾ (ਵ੍ਰਤੀਆ), ਭਾਈ ਮਨੀ ਸਿੰਘ (ਬਿ-ਝਰਾਵਤ), ਬਾਬਾ ਦਿਆਲਾ ਜੀ (ਬਿੰਝਰਾਵਤ), ਬਾਬਾ ਬਚਿੱਤਰ ਸਿੰਘ (ਬਿੰਝਰਾਵਤ), ਬਾਬਾ ਮੱਖਣ ਸ਼ਾਹ ਲੁਬਾਣਾ, ਸੰਤ ਸੇਵਾਲਾਲ, ਬਾਪੂ ਬੇਪਰਵਾਹ, ਬਾਬਾ ਬਾਵਾ ਲਾਲ ਜੀ ਵਰਗੀਆਂ ਮਹਾਨ ਸ਼ਖ਼ਸੀਅਤਾਂ ਨੇ ਜਨਮ ਲਿਆ ਹੈ।

ਬਾਬਾ ਬੂਟਾ ਰਾਮ ਧਰਮਸੋਤ ਨੇ ਆਪਣੇ ਗੋਆਰ ਸਮਾਜ ਦੇ ਲੋਕਾਂ ਨੂੰ ਹਮੇਸ਼ਾ ਯਾਦ ਕਰਵਾਉਣ ਦੀ ਕੋਸ਼ਿਸ਼ ਕੀਤੀ ਕਿ ਸਾਡਾ ਇਤਿਹਾਸ ਸੁਨਹਿਰੀ ਇਤਿਹਾਸ ਹੈ। ਉਨ੍ਹਾਂ ਨੇ ਹਮੇਸ਼ਾ ਮੰਗਣ ਦੀ ਪ੍ਰਥਾ ਦਾ ਵਿਰੋਧ ਕਰਦਿਆਂ ਆਪਣੇ ਗੋਆਰ ਸਮਾਜ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਸਾਨੂੰ ਆਪਣੇ ਜੱਦੀ ਪੁਰਖੀ ਕਿੱਤੇ ਵਪਾਰ ਨੂੰ ਅਪਣਾਉਣਾ ਚਾਹੀਦਾ ਹੈ। ਉਹ ਹਮੇਸ਼ਾ ਮੰਗਣ ਜਾਣ ਵਾਲੀਆਂ ਔਰਤਾਂ ਨੂੰ ਦੱਸਦੇ ਸਨ ਕਿ ਸਾਡੇ ਸਮਾਜ ਦੀਆਂ ਔਰਤਾਂ ਕਿਵੇਂ ਆਪਣੇ ਘਰੇਲੂ ਕੰਮ-ਕਾਰ ਦੇ ਨਾਲ ਨਾਲ ਸੂਈ ਖੰ-ਦੂਈ ਤੇ ਚੂੜੀਆਂ ਆਦਿ ਵੇਚ ਕੇ ਗੁਜ਼ਾਰਾ ਕਰਦੀਆਂ ਸਨ।

ਦਾਜ ਦਹੇਜ ਦੀ ਪ੍ਰਥਾ ਦੇ ਵਿਰੁੱਧ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਬਾਬਾ ਬੂਟਾ ਰਾਮ ਧਰਮਸੋਤ ਨੇ ਹਮੇਸ਼ਾ ਲੋਕਾਈ ਨੂੰ ਸੰਦੇਸ਼ ਦਿੱਤਾ। ਉਨ੍ਹਾਂ ਨੇ ਖ਼ੁਦ ਸਾਦਾ ਜੀਵਨ ਜੀ ਕੇ ਲੋਕਾਂ ਨੂੰ ਵੀ ਸਾਦਾ ਜੀਵਨ ਜੀਣ ਲਈ ਪ੍ਰੇਰਿਤ ਕੀਤਾ।

ਬਾਬਾ ਬੂਟਾ ਰਾਮ ਧਰਮਸੋਤ ਦੇ ਸੰਘਰਸ਼ ਦੀ ਬਦੌਲਤ ਹੀ ਅੱਜ ਮੁਹ-ੱਲਾ ਧਰਮਕੋਟ ਇੰਨੀ ਤਰੱਕੀ ਕਰ ਸਕਿਆ ਹੈ ਅਤੇ ਪੰਜਾਬ ਦੀਆਂ ਬਾਜ਼ੀਗਰ ਬਸਤੀਆਂ ਵਿੱਚੋਂ ਸਭ ਤੋਂ ਜ਼ਿਆਦਾ ਪ੍ਰਫੁੱਲਿਤ ਹੈ। ਮੁਹੱਲਾ ਧਰਮਕੋਟ ਦੀ ਅਗਵਾਈ ਕਰਦਿਆਂ ਜਿਸਦਾ ਪੁਰਾਣਾ ਨਾਮ ਝੁੱਗੀਆਂ ਜਾਂ ਬਾਜ਼ੀਗਰ ਬਸਤੀ ਸੀ, ਉਨ੍ਹਾਂ ਨੇ ਮੁਹੱਲਾ ਨਿਵਾ-ਸੀਆਂ ਨੂੰ ਬਰਾਬਰ ਜ਼ਮੀਨ ਵੰਡ ਕੇ ਦਿੱਤੀ। ਜ਼ਮੀਨ ਵੰਡਣ ਦੌਰਾਨ ਉਨ੍ਹਾਂ ਨੇ ਸੜਕਾਂ ਅਤੇ ਗ਼ਲੀਆਂ ਦਾ ਪੂਰਾ ਖਿਆਲ ਰੱਖਿਆ। ਬਾਬਾ ਬੂਟਾ ਰਾਮ ਧਰਮਸੋਤ ਜੀ ਦੀ ਇਹ ਦੂਰ-ਦ੍ਰਿਸ਼ਟੀ ਹੀ ਹੈ ਜਿਸ ਦੇ ਕਾਰਣ ਮੁਹੱਲਾ ਧਰਮਕੋਟ ਸਹੀ ਢੰਗ ਨਾਲ ਪਲੈਨ ਕਰਕੇ ਵਸਾਈ ਹੋਈ ਬਾਜ਼ੀਗਰ ਬਸਤੀ ਮੰਨੀ ਜਾਂਦੀ ਹੈ।

ਕਮਲ ਧਰਮਸੋਤ ਯੂ. ਐੱਸ. ਏ.

ਬਾਬਾ ਬੂਟਾ ਰਾਮ ਧਰਮਸੋਤ ਜੀ ਦੀ ਅਗਵਾਈ ਦੇ ਦੌਰਾਨ ਹੀ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਮੁਹੱਲਾ ਧਰਮਕੋਟ ਵਿੱਚ ਆ ਚੁੱਕੇ ਹਨ। ਬਾਬਾ ਬੂਟਾ ਰਾਮ ਧਰਮਸੋਤ ਜੀ ਦੇ ਅਨੁਸਾਰ ਝੁੱਗੀਆਂ ਤੋਂ ਮੁਹੱਲਾ ਧਰਮਕੋਟ ਨਾਮ ਰੱਖਣ ਪਿੱਛੇ ਵੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੀ ਪ੍ਰੇਰਣਾ ਹੀ ਸੀ। ਪੰਡਿਤ ਜਵਾਹਰ ਲਾਲ ਨਹਿਰੂ ਜੀ ਜਦੋਂ 12 ਫ਼ਰਵਰੀ, 1954 ਨੂੰ ਰਾਮਗੜ੍ਹੀਆ ਐਜੂਕੇਸ਼ਨਲ ਇੰਸਟੀ-ਚਿਊਸ਼ਨਜ਼ ਸਤਨਾਮਪੁਰਾ ਫਗਵਾੜਾ ਵਿਖੇ ਆਏ ਸਨ ਤਾਂ ਉਨ੍ਹਾਂ ਨੇ ਫਗਵਾੜਾ ਦੀ ਕੋਈ ਪਛੜੀ ਹੋਈ ਬਸਤੀ ਦੇਖਣ ਦੀ ਇੱਛਾ ਜ਼ਾਹਿਰ ਕੀਤੀ। ਤਦ ਉਨ੍ਹਾਂ ਨੂੰ ਇਸ ਬਸਤੀ ਵਿੱਚ ਲਿਆਂਦਾ ਗਿਆ ਜਿਸ ਨੂੰ ਉਦੋਂ ਝੁੱਗੀਆਂ ਦੇ ਨਾਮ ਨਾਲ ਬੁਲਾਇਆ ਜਾਂਦਾ ਸੀ। ਪੰਡਿਤ ਨਹਿਰੂ ਜੀ ਨੇ ਜਦੋਂ ਮੋਹਤਬਰ ਬੰਦਿਆਂ ਨੂੰ ਪੁੱਛਿਆ ਕਿ ਇਸ ਝੁੱਗੀਆਂ ਨਾਂ ਦੀ ਬਸਤੀ ਵਿੱਚ ਜ਼ਿਆਦਾਤਰ ਕੌਣ ਰਹਿੰਦੇ ਹਨ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਜ਼ਿਆਦਾ ਕਰਕੇ ਧਰਮਸੋਤ ਰਹਿੰਦੇ ਹਨ ਤਾਂ ਪੰਡਿਤ ਜੀ ਨੇ ਸੁਝਾਅ ਦਿੱਤਾ ਕਿ ਇਸ ਬਸਤੀ ਨੂੰ ਝੁੱਗੀਆਂ ਦੀ ਜਗ੍ਹਾ ਧਰਮਕੋਟ ਬੁਲਾਇਆ ਜਾਵੇ। ਉਦੋਂ ਤੋਂ ਇਸ ਬਸਤੀ ਦਾ ਨਾਮ ਮੁਹੱਲਾ ਧਰਮਕੋਟ ਹੋ ਗਿਆ।

ਬਾਬਾ ਬੂਟਾ ਰਾਮ ਧਰਮਸੋਤ ਨੇ ਸਮਾਜਿਕ ਕੁਰੀਤੀਆਂ ਦੇ ਖ਼ਿਲਾਫ਼ ਲੜਦਿਆਂ ਆਪਣੀ ਪੂਰੀ ਜ਼ਿੰਦਗੀ ਬਤੀਤ ਕੀਤੀ। ਉਨ੍ਹਾਂ ਦੇ ਬੇਟੇ ਦੀ ਉਮਰ ਉਦੋਂ ਮਸਾਂ ਸੱਤ ਸਾਲ ਸੀ ਜਦੋਂ ਉਨ੍ਹਾਂ ਦੀ ਧਰਮ ਪਤਨੀ ਵਿਛੋੜਾ ਦੇ ਗਈ। ਬੇਟੇ ਦੇ ਵਿਆਹ ਮਗਰੋਂ ਉਹ ਗ੍ਰਹਿਸਤ ਤਿਆਗ ਕੇ ਸੰਤ ਦੇ ਭੇਸ ਵਿੱਚ ਰਹਿਣ ਲੱਗੇ ਅਤੇ ਨਾਲ ਨਾਲ ਮੁਹੱਲੇ ਦੀ ਅਗਵਾਈ ਵੀ ਕਰਦੇ ਰਹੇ। ਬਾਬਾ ਬੂਟਾ ਰਾਮ ਧਰਮਸੋਤ ਹਮੇਸ਼ਾ ਮੰਦਿਰ ਵਿੱਚ ਹੀ ਨਿਵਾਸ ਕਰਦੇ ਰਹੇ। 23 ਸਤੰਬਰ, 1997 ਨੂੰ ਉਨ੍ਹਾਂ ਨੇ ਆਪਣੇ ਸਵਾਸ ਤਿਆਗੇ। ਲੋਕ ਭਲਾਈ ਲਈ ਕੀਤੇ ਗਏ ਕੰਮਾਂ ਕਾਰਣ ਲੋਕ ਉਨ੍ਹਾਂ ਨੂੰ ਅੱਜ ਵੀ ਯਾਦ ਕਰਦੇ ਹਨ।

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਲਈ ਵਿਸ਼ੇਸ਼

ਸ਼ਹੀਦ ਭਗਤ ਸਿੰਘ ਦੇਸ਼ ਦੇ ਨੌਜਵਾਨਾਂ ਲਈ ਇੱਕ ਵੱਡਾ ਆਦਰਸ਼ ਹਨ

ਕੁਲਦੀਪ ਚੰਦ
91-9417563054

ਭਾਰਤ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ। ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਅਜ਼ਾਦ ਕਰਵਾਉਣ ਲਈ ਦੇਸ਼ ਭਗਤਾਂ ਨੇ ਸੰਘਰਸ਼ ਕੀਤਾ ਅਤੇ ਅੰਦੋਲਨ ਚਲਾਏ ਅਤੇ ਕਈ ਦੇਸ਼ ਭਗਤਾਂ ਨੇ ਸ਼ਹੀਦੀਆਂ ਦਿਤੀਆਂ ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਮ ਪ੍ਰਮੁੱਖ ਹੈ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਪੂਸ਼ਤੈਨੀ ਪਿੰਡ ਖਟਕੜਕਲਾਂ ਨੇੜੇ ਬੰਗਾ ਜਿਲ੍ਹਾ ਨਵਾਂ ਸ਼ਹਿਰ ਜਿਸਦਾ ਨਾਮ ਹੁਣ ਬਦਲਕੇ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਗਿਆ ਹੈ ਸੀ ਪ੍ਰੰਤੂ ਉਨ੍ਹਾਂ ਦਾ ਜਨਮ 28 ਸਤੰਬਰ 1907 ਨੂੰ ਪਿੰਡ ਬੰਗਾ ਜਿਲ੍ਹਾ ਲਾਇਲਪੁਰ ਪੰਜਾਬ ਜੋਕਿ ਹੁਣ ਪਾਕਿਸਤਾਨ ਵਿੱਚ ਹੈ ਮਾਤਾ ਵਿਦਿਆਵਤੀ ਦੀ ਕੁੱਖੋਂ ਪਿਤਾ ਕਿਸ਼ਨ ਸਿੰਘ ਦੇ ਘਰ ਹੋਇਆ ਸੀ। ਸ਼ਹੀਦ ਭਗਤ ਸਿੰਘ ਦਾ ਪਰਿਵਾਰ ਦੇਸ਼ ਭਗਤਾਂ ਦਾ ਪਰਿਵਾਰ ਸੀ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੇ ਕੁੱਝ ਮੈਂਬਰਾਂ ਨੇ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿੱਚ ਵੀ ਕੰਮ ਕੀਤਾ ਸੀ ਅਤੇ ਕਈ ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਨਾਲ ਜੁੜ੍ਹੇ ਹੋਏ ਸਨ। ਜਿਸ ਦਿਨ ਸ਼ਹੀਦ ਭਗਤ ਸਿੰਘ ਦਾ ਜਨਮ ਹੋਇਆ ਉਸੇ ਦਿਨ ਉਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਅਤੇ ਦੋ ਚਾਚੇ ਅਜੀਤ ਸਿੰਘ ਅਤੇ ਸਵਰਨ ਸਿੰਘ ਜੋਕਿ ਦੇਸ਼ ਦੀ ਅਜਾਦੀ ਦੀ ਲੜਾਈ ਵਿੱਚ ਭਾਗ ਲੈਣ ਕਾਰਨ ਜੇਲ ਗਏ ਹੋਏ ਸਨ ਜੇਲ ਤੋਂ ਰਿਹਾ ਹੋਕੇ ਆਏ ਸਨ। ਸ਼ਹੀਦ ਭਗਤ ਸਿੰਘ ਦਾ ਪਰਿਵਾਰ ਬੇਸ਼ੱਕ ਇੱਕ ਸਿੱਖ ਪਰਿਵਾਰ ਸੀ ਪਰੰਤੂ ਇਸ ਪਰਿਵਾਰ ਤੇ ਆਰੀਆ ਸਮਾਜ ਅਤੇ ਮਹਾਰਿਸ਼ੀ ਦਯਾਨੰਦ ਦੀ ਵਿਚਾਰਧਾਰਾ ਦਾ ਡੂੰਘਾ ਪ੍ਰਭਾਵ ਸੀ। ਸ਼ਹੀਦ ਭਗਤ ਸਿੰਘ ਨੇ ਅਪਣੀ ਮੁਢਲੀ ਪੜਾਈ ਪਿੰਡ ਦੇ ਸਕੂਲ ਤੋਂ ਸ਼ੁਰੂ ਕੀਤੀ ਅਤੇ ਫਿਰ ਡੀ ਏ ਵੀ ਸਕੂਲ ਲਾਹੌਰ ਵਿੱਚ ਦਾਖਲਾ ਲੈ ਲਿਆ। ਭਗਤ ਸਿੰਘ ਦੀ ਮੁਢਲੀ ਪੜ੍ਹਾਈ ਲਾਇਲਪੁਰ ਦੇ ਜਿਲ੍ਹਾ ਬੌਰਡ ਪ੍ਰਾਇਮਰੀ ਸਕੂਲ ਵਿੱਚ ਹੋਈ, ਉਚੇਰੀ ਪੜਾਈ ਲਈ ਉਨ੍ਹਾਂ ਨੇ ਡੀ ਏ ਵੀ ਹਾਈ ਸਕੂਲ ਲਹੋਰ ਵਿੱਚ ਦਾਖਲਾ ਲੈ ਲਿਆ। ਅੰਗਰੇਜ ਇਸ ਸਕੂਲ ਨੂੰ ਰਾਜ ਵਿਰੋਧੀ ਸਰਗਰਮੀਆਂ ਦੀ ਨਰਸਰੀ ਕਹਿੰਦੇ ਸਨ। 13 ਅਪ੍ਰੈਲ 1919 ਨੂੰ ਵਾਪਰੀ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਵੇਲੇ ਸ਼ਹੀਦ ਭਗਤ ਸਿੰਘ ਦੀ ਉਮਰ ਲੱਗਭੱਗ 12 ਸਾਲ ਸੀ ਅਤੇ ਉਹ ਅਪਣੇ ਸਕੂਲ ਤੋਂ ਲੱਗਭੱਗ 12 ਮੀਲ ਪੈਦਲ ਚੱਲਕੇ ਜਲ੍ਹਿਆਂ ਵਾਲੇ ਬਾਗ ਵਿੱਚ ਪਹੁੰਚੇ। ਸ਼ਹੀਦ ਭਗਤ ਸਿੰਘ ਕੁੱਝ ਸਮੇਂ ਬਾਦ ਦੇਸ਼ ਭਗਤ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿੱਚ ਆ ਗਏ ਅਤੇ ਉਨ੍ਹਾਂ ਨੇ ਕ੍ਰਾਂਤੀਕਾਰੀ ਵੀਰ ਸਾਵਰਕਰ ਦੀ ਕਿਤਾਬ 1857 ਪਹਿਲਾ ਸੁਤੰਤਰਤਾ ਸੰਗਰਾਮ ਪੜ੍ਹੀ ਜਿਸਦਾ ਉਨ੍ਹਾਂ ਤੇ ਡੂੰਘਾ ਪ੍ਰਭਾਵ ਪਿਆ ਅਤੇ ਉਹ ਸਭ ਕੁੱਝ ਛੱਡਕੇ ਅਜ਼ਾਦੀ ਦੇ ਅੰਦੋਲਨ ਵਿੱਚ ਸ਼ਾਮਿਲ ਹੋ ਗਏ। ਜੂਨ 1924 ਵਿੱਚ ਉਹ ਵੀਰ ਸਾਵਰਕਰ ਨੂੰ ਯਰਵਦਾ ਜੇਲ ਵਿੱਚ ਮਿਲੇ ਅਤੇ ਉਸਤੋਂ ਬਾਦ ਕ੍ਰਾਂਤੀਕਾਰੀ ਚੰਦਰ ਸ਼ੇਖਰ ਅਜ਼ਾਦ ਨੂੰ ਮਿਲੇ ਅਤੇ ਉਨ੍ਹਾਂ ਦੇ ਦੱਲ ਵਿੱਚ ਸ਼ਾਮਿਲ ਹੋ ਗਏ। ਇਸ ਦੱਲ ਵਿੱਚ ਕ੍ਰਾਂਤੀਕਾਰੀ ਸੁਖਦੇਵ, ਰਾਜਗੁਰੂ, ਭਗਵਤੀਚਰਨ ਵੋਹਰਾ ਆਦਿ ਵੀ ਸ਼ਾਮਿਲ ਸਨ। ਲਾਹੌਰ ਦੇ ਨੈਸ਼ਨਲ ਕਾਲਜ਼ ਦੀ ਪੜ੍ਹਾਈ ਛੱਡ ਕੇ ਭਗਤ ਸਿੰਘ ਨੇ ਭਾਰਤ ਦੀ ਆਜ਼ਾਦੀ ਦੇ ਲਈ ਨੋਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਕਾਕੋਰੀ ਕਾਂਡ ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਲਾਹੋਰ ਦੇ ਦੁਸਿਹਰਾ ਮੇਲੇ ਵਿੱਚ ਬੰਬ ਧਮਾਕਾ ਕਰਨ ਦੇ ਦੋਸ਼ ਵੀ ਲਗਾਏ ਗਏ। ਇਸ ਵਿੱਚ ਸ਼ਾਮਿਲ ਰਾਮ ਪ੍ਰਸਾਦ ਬਿਸਮਿਲ ਸਮੇਤ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਅਤੇ 16 ਨੂੰ ਜੇਲ ਦੀਆਂ ਸਜ਼ਾਵਾਂ ਤੋਂ ਉਹ ਕਾਫੀ ਪ੍ਰਭਾਵਿਤ ਹੋਏ ਅਤੇ ਆਪਣੀ ਪਾਰਟੀ ਨੌਜਵਾਨ ਭਾਰਤ ਸਭਾ ਨੂੰ ਹਿੰਦੁਸਤਾਨ ਰਿਪਬਲਿਕ ਐਸ਼ੋਸੀਏਸ਼ਨ ਵਿੱਚ ਸ਼ਾਮਿਲ ਕਰ ਦਿੱਤਾ ਅਤੇ ਇੱਕ ਨਵਾਂ ਨਾਮ ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਐਸ਼ੋਸੀਏਸ਼ਨ ਰੱਖ ਦਿੱਤਾ। ਲਾਹੌਰ ਵਿੱਚ ਸਾਂਡਰਸ ਨੂੰ ਮਾਰਨਾ ਅਤੇ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਚੰਦਰ ਸ਼ੇਖਰ ਆਜ਼ਾਦ ਅਤੇ ਪਾਰਟੀ ਦੇ ਹੋਰ ਮੈਂਬਰਾਂ ਨਾਲ ਬੰਬ ਵਿਸਫੋਟ ਕਰਕੇ ਅਤੇ ਪਰਚੇ ਸੁੱਟਕੇ ਅੰਗਰੇਜੀ ਹਕੂਮਤ ਦੇ ਵਿਰੁੱਧ ਵਿਦਰੋਹ ਦੀ ਅਵਾਜ਼ ਬੁਲੰਦ ਕੀਤੀ। ਫਰਵਰੀ 1928 ਵਿੱਚ ਭਾਰਤ ਵਿੱਚ ਪਹੁੰਚੇ ਸਾਈਮਨ ਕਮੀਸ਼ਨ ਦੇ ਵਿਰੋਧ ਅਤੇ ਬਾਈਕਾਟ ਲਈ ਪ੍ਰਦਰਸ਼ਨ ਹੋਏ। ਇਹਨਾਂ ਪ੍ਰਦਰਸ਼ਨਾਂ ਵਿੱਚ ਭਾਗ ਲੈਣ ਵਾ-ਲਿਆਂ ਤੇ ਅੰਗਰੇਜ਼ੀ ਸ਼ਾਸ਼ਨ ਨੇ ਲਾਠੀਚਾਰਜ ਵੀ ਕੀਤਾ। ਇਸ ਪ੍ਰਦਰਸ਼ਨ ਦੌਰਾਨ ਹੀ ਵਿਰੋਧ ਦੀ ਅਗਵਾਈ ਕਰ ਰਹੇ ਕਾਂਗਰਸੀ ਆਗੂ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ। ਇਸਦੇ ਰੋਸ ਵਜੋਂ ਸ਼ਹੀਦ ਭਗਤ ਸਿੰਘ ਨੇ ਅਪਣੇ ਸਾਥੀਆਂ ਨਾਲ ਮਿਲਕੇ ਪੁਲਿਸ ਸੁਪਰੀਟੰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। 17 ਦਸੰਬਰ 1928 ਨੂੰ ਕਰੀਬ ਸਵਾ ਚਾਰ ਵਜੇ, ਸਕਾਟ ਦੀ ਜਗ੍ਹਾ ਤੇ, ਏ.ਐਸ.ਪੀ. ਸਾਂਡਰਸ ਦੇ ਆਉਂਦੇ ਹੀ ਰਾਜਗੁਰੂ ਨੇ ਇੱਕ ਗੋਲੀ ਸਿੱਧੀ ਉਸਦੇ ਸਿਰ ਵਿੱਚ ਮਾਰੀ ਜਿਸ ਨਾਲ ਉਹ ਬੇਹੋਸ਼ ਹੋ ਗਿਆ ਅਤੇ ਭਗਤ ਸਿੰਘ ਨੇ 3-4 ਗੋਲੀਆਂ ਮਾਰਕੇ ਉਸਨੂੰ ਮਾਰ ਮੁਕਾਇਆ। ਇਸਤੋਂ ਬਾਦ ਜਦੋਂ ਇਹ ਦੋਨੋਂ ਭੱਜ ਰਹੇ ਸੀ ਤਾਂ ਇੱਕ ਸਿਪਾਹੀ ਚੰਨਣ ਸਿੰਘ ਨੇ ਇਹਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਉਸਨੂੰ ਪਿੱਛਾ ਕਰਨ ਤੋਂ ਰੋਕਿਆ ਪਰ ਨਾਂ ਰੁਕਣ ਤੇ ਆਜ਼ਾਦ ਨੇ ਉਸਨੂੰ ਗੋਲੀ ਮਾਰ ਦਿੱਤੀ। ਇਸ ਤਰ੍ਹਾਂ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈ ਲਿਆ। ਆਪ ਬੇਸ਼ੱਕ ਖੂਨ ਖਰਾਬੇ ਦੇ ਪੱਖ ਵਿੱਚ ਨਹੀਂ ਸੀ ਪਰ ਕਾਰਲ ਮਾਰਕਸ ਦੇ ਸਿਧਾਂਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ। ਉਹ ਸਮਾਜਵਾਦੀ ਵਿਚਾਰਾਂ ਵਾਲਾ ਸੀ ਇਸੇ ਕਾਰਨ ਉਸਨੂੰ ਪੂੰਜੀਪਤੀਆਂ ਦੀ ਮਜ਼ਦੂਰਾਂ ਦੇ ਸ਼ੋਸ਼ਣ ਦੀ ਨੀਤੀ ਪਸੰਦ ਨਹੀਂ ਸੀ। ਉਸ ਸਮੇਂ ਬਹੁਤੇ ਉਦਯੋਗ ਅੰਗਰੇਜਾਂ ਕੋਲ ਹੀ ਸਨ ਅਤੇ ਅੰਗਰੇਜ਼ਾਂ ਦੇ ਮਜ਼ਦੂਰਾਂ ਪ੍ਰਤੀ ਅੱਤਿਆਚਾਰਾਂ ਨਾਲ ਉਹਨਾਂ ਦਾ ਵਿਰੋਧ ਸੁਭਾਵਿਕ ਹੀ ਸੀ। ਮਜ਼ਦੂਰ ਵਿਰੋਧੀ ਨੀਤੀਆਂ ਨੂੰ ਬ੍ਰਿਟਿਸ਼ ਸੰਸਦ ਵਿੱਚ ਪਾਸ ਨਾ ਹੋਣ ਦੇਣ ਲਈ ਉਹਨਾਂ ਨੇ ਟ੍ਰੇਡ ਡਿਸਪੀਉਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਦੇ ਵਿਰੋਧ ਵਿੱਚ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਦੀ ਯੋਜਨਾ ਬਣਾਈ। ਇਸ ਕੰਮ ਲਈ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦਾ ਨਾਮ ਚੁਣਿਆ ਗਿਆ। 08 ਅਪ੍ਰੈਲ 1929 ਨੂੰ ਜਦੋਂ ਇਹ ਬਿੱਲ ਪੇਸ਼ ਹੋਣੇ ਸਨ ਕੇਂਦਰੀ ਅਸੈਂਬਲੀ ਵਿੱਚ ਇਹਨਾਂ ਦੋਨਾਂ ਨੇ ਇੱਕ ਅਜਿਹੇ ਸਥਾਨ ਤੇ ਬੰਬ ਸੁੱਟਿਆ ਜਿੱਥੇ ਕੋਈ ਮੌਜੂਦ ਨਹੀਂ ਸੀ, ਇਸ ਨਾਲ ਪੂਰਾ ਹਾਲ ਧੂੰਏ ਨਾਲ ਭਰ ਗਿਆ। ਉਹਨਾਂ ਦੋਨਾਂ ਨੇ "ਇਨਕਲਾਬ-ਜਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ" ਦਾ ਨਾਹਰਾ ਲਗਾਇਆ ਅਤੇ ਆਪਣੇ ਨਾਲ ਲਿਆਂਦੇ ਹੋਏ ਅੰਗਰੇਜ ਸਰਕਾਰ ਵਿਰੋਧੀ ਪਰਚੇ ਹਵਾ ਵਿੱਚ ਉਛਾਲ ਦਿੱਤੇ। ਕੁਝ ਦੇਰ ਬਾਅਦ ਪੁਲਿਸ ਆ ਗਈ ਅਤੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੇਲ ਵਿੱਚ ਭਗਤ ਸਿੰਘ ਕਰੀਬ 2 ਸਾਲ ਰਹੇ।

ਇਸ ਦੌਰਾਨ ਉਹ ਲੇਖ ਲਿਖ ਕੇ ਆਪਣੇ ਕ੍ਰਾਂਤੀਕ-ਾਰੀ ਵਿਚਾਰ ਪ੍ਰਗਟ ਕਰਦੇ ਰਹੇ। ਉਹਨਾਂ ਦੁਆਰਾ ਲਿਖੇ ਗਏ ਲੇਖ ਅਤੇ ਸਕੇ ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਅੱਜ ਵੀ ਉਹਨਾਂ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ।

ਆਪਣੇ ਲੇਖਾਂ ਵਿੱਚ ਉਹਨਾਂ ਨੇ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਉਹਨਾਂ ਨੇ ਲਿਖਿਆ ਕਿ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਵਾਲੇ ਉਹਨਾਂ ਦਾ ਦੁਸ਼ਮਣ ਹੈ। ਉਹਨਾਂ ਨੇ ਇੱਕ ਲੇਖ ਮੈਂ ਨਾਸਤਿਕ ਕਿਉਂ ਹਾਂ ਵੀ ਲਿਖਿਆ। ਉਹਨਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਤੇ ਦੂਜੇ ਵਰਗਾਂ ਵਲੋਂ ਕੀਤੇ ਜਾਂਦੇ ਹਮਲਿਆਂ ਅਤੇ ਸ਼ੋਸਣ ਦਾ ਵੀ ਉਸੇ ਤਰਾਂ ਵਿਰੋਧ ਕੀਤਾ ਜਿਵੇਂ ਕਿ ਅੰਗਰੇਜ਼ਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਦਾ ਵਿਰੋਧ ਕੀਤਾ। ਉਹਨਾਂ ਨੂੰ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਬਾਂਗਲਾ ਵੀ ਆਉਂਦੀ ਸੀ । ਉਨ੍ਹਾਂ ਨੇ ਮੌਤ ਦੀ ਸਜ਼ਾ ਸੁਣ-ਾਉਣ ਦੇ ਬਾਅਦ ਵੀ ਮਾ-ਫੀਨਾਮਾ ਲਿਖਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਸੀ। ਉਹਨਾਂ ਨੇ ਅੰਗਰੇਜ਼ ਸਰਕਾਰ ਨੂੰ ਇੱਕ ਚਿੱਠੀ ਵੀ ਲਿਖੀ ਜਿਸ ਵਿੱਚ ਕਿਹਾ ਗਿਆ ਸੀ ਕਿ ਉਹਨਾਂ ਨੂੰ ਅੰਗਰੇਜ਼ੀ ਸਰਕਾਰ ਦੇ ਖਿਲਾਫ ਭਾਰਤੀਆਂ ਦੇ ਯੁੱਧ ਦਾ ਪ੍ਰਤੀਕ ਇੱਕ ਯੁੱਧਬੰਦੀ ਸਮਝਿਆ ਜਾਵੇ ਅਤੇ ਫਾਂਸੀ ਦੇਣ ਦੀ ਬਜਾਏ ਗੋਲੀ ਨਾਲ ਉਡਾ ਦਿੱਤਾ ਜਾਵੇ। ਜ਼ੇਲ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ ਅਤੇ ਇਸ ਦੌਰਾਨ ਉਹਨਾਂ ਦੇ ਇੱਕ ਸਾਥੀ ਜਤਿੰਦਰਨਾਥ ਦਾਸ ਨੇ ਤਾਂ ਭੁੱਖ ਹੜਤਾਲ ਵਿੱਚ ਆਪਣੇ ਪ੍ਰਾਣ ਹੀ ਤਿਆਗ ਦਿੱਤੇ। 07 ਅਕਤੂਬਰ, 1930 ਨੂੰ ਟ੍ਰਿਬਿ-ਊਨਲ ਦਾ ਫੈਸਲਾ ਜੇਲ ਵਿੱਚ ਪਹੁੰਚਿਆ ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ, ਵਿਜੈ ਕੁਮਾਰ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਂਵੀਰ ਸਿੰਘ ਨੂੰ ਉਮਰਕੈਦ, ਕੁੰਦਨ ਲਾਲ ਨੂੰ 07 ਸਾਲ ਅਤੇ ਪ੍ਰੇਮ ਦੱਤ ਨੂੰ 03 ਸਾਲ ਕੈਦ ਏ ਬਾਮੁਸ਼ਕਤ ਦੀ ਸਜ਼ਾ ਸੁਣਾਈ ਗਈ। ਇਨ੍ਹਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੇਣ ਲਈ 24 ਮਾਰਚ 1931 ਸਵੇਰੇ 8 ਵਜੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਪਰੰਤੂ ਅੰਗਰੇਜੀ ਹਕੂਮਤ ਨੇ 23 ਮਾਰਚ 1931 ਨੂੰ ਸ਼ਾਮ ਲੱਗਭੱਗ 7 ਵਜਕੇ 33 ਮਿੰਟ ਤੇ ਹੀ ਫਾਂਸੀ ਦੇ ਦਿੱਤੀ।

ਫਾਂਸੀ ਤੋਂ ਬਾਅਦ ਅੰਗਰੇਜ਼ਾਂ ਨੇ ਪਹਿਲਾਂ ਇਹਨਾਂ ਦੇ ਸ਼ਰੀਰ ਦੇ ਟੁਕੜੇ ਕਰ ਦਿੱਤੇ ਅਤੇ ਫਿਰ ਬੋਰੀਆਂ ਵਿੱਚ ਭਰ ਕੇ ਫਿਰੋਜ਼ਪੁਰ ਵੱਲ ਲੈ ਗਏ ਜਿੱਥੇ ਮਿੱਟੀ ਦਾ ਤੇਲ ਪਾ ਕੇ ਇਹਨਾਂ ਦੇ ਮ੍ਰਿਤਕ ਸ਼ਰੀਰਾਂ ਨੂੰ ਜਲਾਇਆ ਜਾਣ ਲੱਗਾ। ਪਿੰਡ ਦੇ ਲੋਕਾਂ ਨੇ ਅੱਗ ਬਲਦੀ ਦੇਖੀ ਤਾਂ ਨੇੜੇ ਆਏ। ਇਸਤੋਂ ਡਰ ਕੇ ਅੰਗਰੇਜ਼ਾਂ ਨੇ ਇਹਨਾਂ ਦੀਆਂ ਲਾਸ਼ਾਂ ਦੇ ਅੱਧਜਲੇ ਟੁਕੜਿਆਂ ਨੂੰ ਸਤਲੁਜ ਦਰਿਆ ਵਿੱਚ ਸੁੱਟ ਦਿੱਤਾ ਅਤੇ ਭੱਜ ਗਏ। ਜਦੋਂ ਪਿੰਡ ਵਾਲੇ ਨੇੜੇ ਆਏ ਤਾਂ ਉਹਨਾਂ ਨੇ ਇਨ੍ਹਾਂ ਦੇ ਮ੍ਰਿਤਕ ਸਰੀਰ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਦਾਹ ਸੰਸਕਾਰ ਕੀਤਾ। ਅੱਜ ਅਸੀਂ ਬੇਸੱਕ ਸ਼ਹੀਦਾਂ ਦਾ ਸ਼ਹੀਦੀ ਦਿਵਸਮ ਮਨਾ ਰਹੇ ਹਾਂ ਪ੍ਰੰਤੂ ਇਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਦਾ ਅਜਾਦ ਭਾਰਤ ਬਣਾਉਣ ਲਈ ਅਜੇ ਵੀ ਬਹੁਤ ਕੁੱਝ ਕਰਨਾ ਬਾਕੀ ਹੈ।

ਪੰਜਾਬੀ ਮਨੋਰੰਜਨ ਅਪਡੇਟ – ਅੰਮ੍ਰਿਤ ਪਵਾਰ

ਪਿਆਰੀ ਹੀਰੋਇਨ : ਈਸ਼ਾ ਰਿਖੀ

'ਮੇਰੇ ਯਾਰ ਕਮੀਨੇ' ਫਿਲ ਵਾਲੀ ਇਸ਼ਾ ਰਿਖੀ 'ਨਵਾਬਜਾਦੇ' ਸਮੇਤ ਕਈ ਪੰਜਾਬੀ ਫਿਲਮਾ 'ਚ ਦਮਦਾਰ ਕਿਰਦਾਰ ਨਿਭਾ ਚੁੱਖੀ ਹੈ। 'ਦੇਸੀ ਮੁੰਡੇ' ਜਿਹੀਆਂ ਫਿਲਮਾਂ ਕਰਨੀਆਂ ਪਰ ਕਈ ਵਾਰ ਅਜਿਹੀਆਂ ਫਿਲਮਾਂ ਦੀ ਲੇਟ ਰਿਲੀਜ ਕੈਰੀਅਰ ਤੇ ਮਾੜਾ ਅਸਰ ਪਾਉਂਦੀ ਹੈ। ਈਸਾ ਨੇ ਕਿਹਾ ਹੈ 'ਜੱਟ ਬੁਆਏਜ' ਜਿਹੀਆਂ ਫਿਲਮਾਂ ਮਿਲਣ ਤਾਂ ਫਿਰ ਕੈਰੀਅਰ ਇੱਕ ਵਾਰ ਬੁਲੰਦੀਆਂ ਤੇ ਹੋਏਗਾ।

ਮੁੱਛ ਦਾ ਸਵਾਲ – ਰਾਣਾ

ਇੱਕ ਵਾਰ ਫਿਰ ਰਾਣਾ ਸੰਧੂ ਨੇ 'ਮੁੱਛ ਦਾ ਸਵਾਲ' ਆਪਣੇ ਗੀਤ ਦੀ ਮੰਗ ਦੇਖ ਕਿ ਇਸ ਨੂੰ ਰੀਕਰੇਟ ਕਰਨ ਦਾ ਫੈਸਲਾ ਕੀਤਾ । ਸਭ ਕੁਝ ਸਹੀ ਰਿਹਾ ਤਾਂ ਰਾਣਾ ਸੰਧੂ ਇਸ ਵਾਰ ਫਿਲਮੀ ਸੰਗਤਿ ਅਨਸਾਰ ਇਹ ਗੀਤ ਰੀਕਰੇਟ ਕਰਵਾਏਗਾ ਤਾਂ ਜੋ 'ਯੂ.ਕੇ.ਟੂ ਪੰਜਾਬ' ਫਿਲਮ ਲਈ ਇਹ ਗੀਤ ਵਰਤਿਆ ਜਾਏ।

ਮਾਂ ਰੱਬ ਦਾ ਨਾਂਅ – ਦਵਿੰਦਰ ਦੀਪ

'ਸਿਕੰਦਰਾ' 'ਬਦਲਾ ਜੱਟੀ ਦਾ' ਫਿਲਮਾਂ ਦੇ ਸਹਿਨਾਇਕ ਤੇ 'ਦਿਲ ਦਾ ਮਾਮਲਾ' 'ਜੱਟ ਜਿਊਣਾ ਮੋੜ' ਦੇ ਸਹਿਨਿਰਮਾਤਾਦਿਵੰਦਰ ਦੀਪ ਕਾਲਾ ਨੇ ਕਿਹਾ ਕਿ ਮਾਂ ਰੱਬ ਦਾ ਨਾਂਅ ਹੁੰਦੀ ਹੈ ਤੇ ਅਮਰੀਕਾ ਰਹਿ ਕਿ ਮਾਂ ਦੀ ਯਾਦ ਹੀ ਉਸ ਲਈ ਪ੍ਰੇਰਨਾ ਹੈ। ਦਵਿੰਦਰ ਦੀਪ ਕਾਲਾ ਨੇ ਹੁਣ ਪੀ.ਟੀ.ਸੀ ਪੰਜਾਬੀ ਤੇ 'ਮਾਲਵੇ ਦੀ ਜੱਟੀ' ਫਿਲਮ ਦਾ ਨਿਰਮਾਣ ਕੀਤਾ ਸੀ।

ਸੁਣੋ ਸਪਨਾ ਠਾਕਰ ਦੀ

'ਦਿਨ ਦਿਹਾੜੈ ਲੈ ਜਾਣਗ' ਦੀ ਹੀਰੋਇਨ ਸਪਨਾ ਠਾਕਰ ਨੇ ਕਿਹਾ ਹੈ ਕਿ ਉਹ 'ਰਹੇ ਚੜਦੀ ਕਲਾ ਪੰਜਾਬ ਦੀ' ਵਰਗੀਆਂ ਫਿਲਮਾਂ ਕਕਰਨ ਦੇ ਹੱਕ 'ਚ ਹੈ। ਸਪਨਾ ਠਾਕਰ ਤੇ ਸਾਊਥ 'ਚ ਵੀ ਕੰਮ ਕੀਤਾ ਹੈ ਪਰ ਵੱਡੀ ਬਰੇਕ ਨਾ ਮਿਲਣ ਕਾਰਣ ਉਸ ਦਾ ਕੈਰੀਅਰ ਤੇਜੀ ਨਾਲ ਅੱਗੇ ਨਹੀ ਵਧ ਸਕਿਆ।

'ਵਾਈਬ' ਮਨਵੀਰ ਦੀ

ਜੀ ਮਿਊਜਿਕ ਨੇ ਹਾਲੀਵੁੱਡ ਸਟਾਇਲ ਗਾਇਕਾ ਮਨਵੀਰ ਸਿੰਘ ਦਾ ਟਰੈਕ 'ਡੀਭਓ' ਜਾਰੀ ਕੀਤਾ ਹੈ । ਰਾਏ ਦੇ ਵੀਡਿਉ ਨਾਲ ਕਰਨ ਦਾ ਮਨਵੀਰ ਸਿੰਘ ਚਰਚਾ 'ਚ ਹੈ। ਮਨਵੀਰ ਦੇ ਇਸ ਗੀਤ ਦਾ ਸੰਗੀਤ ਜੇ.ਐਸ.ਬੀ ਦਾ ਹੈ । ਸਾਕਸੀ ਦਿਵੇਰੀ ਇਸ ਦੀ ਮੁੱਖ ਮਾਡਲ ਹੈ।

'ਦੁਵਿਧਾ'

ਨਿਰਦੇਸ਼ਕ ਜੌਹਨ ਦੀ ਸਾਰਟ ਫਿਲਮ 'ਦੁਵਿਧਾ' ਆ ਗਈ ਹੈ। ਕਰਮ ਕੌਰ, ਮਨੀਸ, ਕੋਮਲ, ਪਾਹੂਜਾ ਬਿੰਦ ਇਸ ਦੇ ਸਿਤਾਰੇ ਹਨ। ਕਰਮ ਕੌਰ ਨੇ 'ਦੁਵਿਧਾ' ਦੀ ਟੀਮ ਤੇ ਯੂਨਿਟ ਦੀ ਮਿਹਨਤ ਨੂੰ ਚੰਗੀ ਫਿਲਮ 'ਦੁਵਿਧਾ' ਬਣਨ ਦਾ ਸਿਹਰਾ ਦਿਤਾ ਹੈ।

ਗੁਰਗੱਦੀ 'ਤੇ ਵਿਸ਼ੇਸ਼

ਗੁਰੂ ਅੰਗਦ ਦੇਵ ਜੀ

ਮੁਗਲ ਬਾਦਸ਼ਾ ਹਮਾਯੂੰ ਦੀ ਹਕੂਮਤ ਦਾ ਸਮਾਂ ਸੀ। ਅਰਾਜਕਤਾ ਦਾ ਦੌਰ ਸੀ। ਉਸ ਸਮੇਂ ਸਿੱਖ ਧਰਮ ਦੇ ਦੂਸਰੇ ਪਾਤਸ਼ਾਹ ਗੁਰੂ ਅੰਗ ਦੇਵ ਸਾਹਿਬ ਜੀ ਨੇ 1539-1552 ਈ: 13 ਸਾਲ ਤੱਕ ਖਡੂਰ ਸਾਹਿਬ ਦੀ ਪਾਵਨ ਇਤਿਹਾਸਕ ਨਗਰੀ ਤੋਂ ਸਿੱਖੀ ਦਾ ਪ੍ਰਚਾਰ ਜਾਰੀ ਰੱਖਿਆ। ਉਹਨਾਂ ਨੇ ਗੁਰਮਤਿ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ। ਗੁਰੂ ਨਾਨਕ ਦੇਵ ਜੀ ਦੇ ਮਨੁੱਖਤਾ ਦੀ ਭਲਾਈ ਦੇ ਸੰਕਲਪ ਨੂੰ ਅਗਾਂਹ ਤੋਰਿਆ।

ਗੁਰੂ ਅੰਗਦ ਦੇਵ ਜੀ ਦਾ ਪ੍ਰਵਾਰਕ ਨਾਂ ਲਹਿਣਾ ਜੀ ਦਾ ਆਗਮਨ 31 ਮਾਰਚ 1504 ਵਿਚ ਮੱਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਭਾਈ ਫੇਰੂ ਜੀ ਅਤੇ ਮਾਤਾ ਦਇਆ ਕੌਰ (ਸਭਰਾਈ) ਦੇ ਗ੍ਰਹਿ ਵਿਖੇ ਹੋਇਆ। ਬਾਬਰ ਦੇ ਹਮਲਿਆਂ ਵਿਚ ਮੱਤੇ ਦੀ ਸਰਾਂ ਦਾ ਟਿਕਾਣਾ ਉਜੜਨ ਕਰਕੇ ਉਹਨਾਂ ਦਾ ਪਰਿਵਾਰ ਖਡੂਰ ਸਾਹਿਬ ਵੱਸ ਗਿਆ। ਭਾਈ ਲਹਿਣਾ ਜੀ ਦਾ ਵਿਆਹ ਜਨਵਰੀ 1520 ਵਿਚ ਬੀਬੀ ਖੀਵੀ ਜੀ ਨਾਲ ਹੋਇਆ। ਇਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਸਿੰਘ ਜੀ ਪਾਸੋਂ, ਰੱਬੀ ਅੰਮ੍ਰਿਤ ਬਾਣੀ ਸਰਵਣ ਕੀਤੀ। ਬਾਣੀ ਦੇ ਅੰਮ੍ਰਿਤ ਰਸ ਤੋਂ ਪ੍ਰਭਾਵਿਤ ਹੋ ਕੇ ਗੁਰ ਦਰਸ਼ਨਾਂ ਦੀ ਤਾਂਘ 1533 ਵਿਚ ਕਰਤਾਰਪੁਰ ਖਿੱਚ ਲਿਆਈ। ਉਹ ਕਰਤਾਰਪੁਰ ਹੀ ਟਿਕ ਗਏ। ਉਹ ਨਾਮ ਸਿਮਰਨ ਤੇ ਸੇਵਾ ਦੇ ਰਾਹ ਤੇ ਤੁਰ ਪਏ।

ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਨੂੰ ਆਪਾ ਸਮਰਪਣ ਕਰਕੇ ਕਰੜੀ ਘਾਲ ਘਾਲੀ। ਉਹ ਸੇਵਾ ਦੀ ਮਿਸਾਲ ਬਣ ਗਏ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਪਾਰਖੂ ਨਜ਼ਰ ਨਾਲ ਨਿਸਚਿਤ ਕੀਤਾ ਸੀ ਕਿ ਗੁਰਗੱਦੀ ਦੀ ਜ਼ਿੰਮੇਵਾਰੀ ਭਾਈ ਲਹਿਣਾ ਜੀ ਨੇ ਨਿਭਾਉਣੀ ਹੈ। ਪਰ ਸੰਗਤਾਂ ਦਾ ਵਿਸ਼ਵਾਸ ਜਿੱਤਣ ਲਈ ਪਰਖ ਅਤੇ ਸੇਵਾ ਦਾ ਮੌਕਾ ਦਿੱਤਾ। ਸੱਤ ਸਾਲ ਗੁਰੂ ਦੀ ਸੇਵਾ ਵਿਚ ਰਹਿਣ ਨਾਲ ਉਹਨਾਂ ਨੂੰ 22 ਸਤੰਬਰ 1539 ਵਿਚ ਗੁਰਗੱਦੀ ਦੀ ਬਖਸ਼ਿਸ਼ ਹੋਈ। ਉਹਨਾਂ ਨੂੰ ਅੰਗਦ ਦੇਵ ਦਾ ਨਾਂ ਮਿਲਿਆ।

ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਆਪਣਾ ਪ੍ਰਚਾਰ ਕੇਂਦਰ ਬਣਾਇਆ। ਜਿੱਥੇ 1539 ਈਂ ਤੋਂ 1552 ਤੱਕ 13 ਸਾਲ ਦਾ ਗੁਰੂ ਕਾਲ ਦਾ ਸਮਾਂ ਬਤੀਤ ਹੋਇਆ। ਇੱਥੇ ਹੀ ਆਪ ਜੀ ਦਾ ਮੇਲ ਗੁਰੁ ਅਮਰਦਾਸ ਜੀ ਨਾਲ ਹੋਇਆ। ਗੁਰੂ ਅਮਰਦਾਸ ਜੀ ਨੇ 12 ਸਾਲ ਗੁਰੂ ਅੰਗਦ ਦੇਵ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਵਾਉਣ ਲਈ ਦਰਿਆ ਬਿਆਸ ਤੋਂ ਜਲ ਦੀ ਗਾਗਰ ਲਿਆਉਣ ਦੀ ਸੇਵਾ ਕੀਤੀ। ਉਹਨਾਂ ਨੇ ਨਿਥਾਣਿਆਂ ਦੀ ਥਾਂ, ਨਿਆਸਰਿਆਂ ਦਾ ਆਸਰਾ, ਨਿਓਟਿਆਂ ਦੀ ਓਅ ਵਰਗੀ ਉਪਮਾ ਦਾ ਵਰ ਪ੍ਰਾਪਤ ਕੀਤਾ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਗੁਰਮੁਖੀ ਲਿਪੀ ਨੂੰ ਬਣਾ ਸੰਵਾਰ ਕੇ ਗੁਰਬਾਣੀ ਲਿਖਣ ਲਈ ਪ੍ਰਪੱਕ ਇਜ਼ਾਦ ਕੀਤਾ। ਆਮ ਲੋਕਾਂ ਦੇ ਸਮਝਣ ਯੋਗ ਬਣਾਇਆ। ਸਿੱਖ ਆਪਣੇ ਧਾਰਮਿਕ ਗ੍ਰੰਥ ਬਿਨਾਂ ਕਿਸੇਸ਼ੰਕੇ ਦੇ ਸਮਝ ਸਕਣ, ਪ੍ਰਚਾਰ ਕਰ ਸਕਣ। ਧੁਰ ਕੀ ਬਾਣੀ ਗੁਰੂ ਨਾਨਕ ਦੇਵ ਜੀ ਅਤੇ ਸਮੇਂ ਦੇ ਭਗਤਾਂ ਦੀ ਬਾਣੀ ਇਕੱਤਰ ਕਰਕੇ ਪੋਥੀਆਂ ਅਤੇ ਗੁਟਕੇ ਤਿਆਰ ਕਰਕੇ ਦੂਰ-ਦਰਾਜ ਭੇਜਣ ਦਾ ਕਾਰਜ ਆਰੰਭਿਆ। ਭਾਈ ਬਾਲਾ ਜੀ ਤੋਂ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਜੀਵਨ ਬਿਰਤਾਂਤ ਸੁਣਿਆ ਅਤੇ ਭਾਈ ਮੋਖੋ ਪੈੜੇ ਦੇ ਹੱਥੋਂ ਗੁਰਮੁਖੀ ਵਿਚ ਲਿਖਵਾਇਆ। ਬੱਚਿਆਂ ਲਈ ਬਾਲ ਬੋਧ ਤਿਆਰ ਕਰਵਾਏ। ਪੰਜਾਬੀ ਗੁਰਮੁਖੀ ਲਿੱਪੀ ਦੇ ਵਿਸਥਾਰ ਲਈ ਸਕੂਲ ਖੋਲ੍ਹੇ ਤਾਂ ਜੋ ਸਧਾਰਨ ਸੰਗਤ ਵੀ ਵਿਦਿਆ ਪ੍ਰਾਪਤ ਕਰਕੇ ਧਾਰਮਿਕ, ਰਾਜਨੀਤਿਕ, ਸਮਾਜਿਕ ਵਿਵਹ-ਾਰਿਕ, ਅਧਿਆਤਮਕ ਚੇਤਨਾ ਨਾਲ ਆਪਣਾ ਜੀਵਨ ਪੱਧਰ ਉਚਾ ਚੁੱਕ ਸਕੇ। ਜਿੱਥੇ ਆਪ ਜੀ ਨੇ ਗੁਰਬਾਣੀ ਇਕੱਤਰ ਕੀਤੀ, ਉਥੇ ਆਪ ਜੀ ਨੇ ਖੁਦ ਵੀ ਗੁਰਬਾਣੀ ਦੀ ਰਚਨਾ ਕੀਤੀ। ਆਦਿ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵਿਚ ਆਪ ਜੀ ਦੇ 62 ਸਲੋਕ 10 ਰਾਗਾਂ ਵਿਚ ਅੰਕਿਤ ਹਨ। ਆਤਮਕ ਬਿਰਤੀ ਅਤੇ ਨਰੋਈ ਸਿਹਤ ਲਈ ਨਸ਼ਾ ਮੁਕਤ ਸਮਾਜ ਦੀ ਉਸਾਰੀ ਕੀਤੀ। ਗੁਰੂ ਜੀ ਨੇ ਕਸਰਤਾਂ ਕਰਨ ਲਈ ਮੱਲ ਅਖਾੜਾ ਬਣਵ-ਾਇਆ, ਜਿੱਥੇ ਸੰਗਤਾਂ ਸਰੀਰਕ ਅਤੇ ਅਧਿਆਤਮਕ ਅਭਿਆਸ ਕਰਦੀਆਂ। ਉਹਨਾਂ ਅਨੁਸਾਰ ਸਿਹਤਮੰਦ ਸਰੀਰ ਵਿਚ ਹੀ ਸਿਹਤਮੰਦ ਮਨ ਵੱਸ ਸਕਦਾ ਹੈ। ਉਹਨਾਂ ਖੇਡਾਂ, ਕੁਸ਼ਤੀਆਂ ਅਤੇ ਸਰੀਰਕ ਕਸਰਤਾਂ ਰਾਹੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਦੇਹ ਅਰੋਗਤਾ, ਰਿਸ਼ਟ-ਪੁਸ਼ਟ, ਤੰਦਰੁਸਤੀ ਚੜ੍ਹਦੀਕਲਾ ਅਤੇ ਸਰਬੱਤ ਦੇ ਭਲੇ ਦਾ ਉਪਦੇਸ਼ ਦਿੱਤਾ। ਬਰਾਬਰਤਾ ਦਾ ਅਹਿਸਾਸ ਦਿਵਾਉਣ ਲਈ ਲੰਗਰ ਦੀ ਪ੍ਰਥਾ ਨੂੰ ਆਪਣੀ ਨਿਗਰਾਨੀ ਹੇਠ ਚਲਾਇਆ। ਆਪ ਜੀ ਦੇ ਲੰਗਰਾਂ ਵਿਚ ਘਿਆਲੀ ਦੇਸੀ ਘਿਓ ਵਾਲੀ ਖੀਰ ਵਰਤਦੀ ਸੀ।

ਮਾਤਾ ਖੀਵੀ ਜੀ ਆਪਣੇ ਹੱਥੀਂ ਲੰਗਰ ਵਰਤਾਇਆ ਕਰਦੇ ਸਨ। ਜਿਸ ਨਾਲ ਇਸਤਰੀਆਂ ਨੂੰ ਧਰਮ ਪ੍ਰਬੰਧ ਵਿਚ ਅਗਵਾਈ ਦੇ ਕੇ ਮਾਣ ਬਖਸ਼ਿਆ। ਗੁਰੂ ਜੀ ਨੇ ਆਪਣੀ ਕਮਾਈ ਦਾ ਦਸਵੰਧ ਲੋਕ ਭਲਾਈ ਦੇ ਕੰਮਾਂ ਵਿਚ ਲਗਾਉਣਾ, ਵੰਡ ਛਕਣਾ, ਨਿਸ਼ਕਾਮ ਸੇਵਾ, ਰੱਬ ਦੀ ਰਜ਼ਾ ਵਿਚ ਰਹਿਣਾ। ਦਿਖਾਵੇ ਤੋਂ ਦੂਰ ਰਹਿਣਾ। ਹਮੇਸ਼ਾ ਲੋੜਵੰਦਾਂ, ਬਿਮਾਰਾਂ ਦੀ ਸੇਵਾ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਬਾਦਸ਼ਾਹ ਹਮਾਯੂੰ ਦਾ ਹੰਕਾਰ ਤੋੜ ਕੇ ਨਿਮਰਤਾ ਵਿਚ ਰਹਿ ਕੇ ਧਰਮ ਅਤੇ ਨਿਆਂ ਤੇ ਚੱਲਣ ਦਾ ਅਹਿਸਾਸ ਕਰਵਾਇਆ।

ਗੁਰੂ ਅੰਗਦ ਦੇਵ ਜੀ ਨੇ ਧਰਮ ਪ੍ਰਚਾਰ ਵਿਚ ਉਹਨਾਂ ਸਾਰੇ ਸਥਾਨਾਂ ਤੇ ਪ੍ਰਚਾਰ ਕੀਤਾ, ਜਿੱਥੇ ਜਿੱਥੇ ਗੁਰੂ ਨਾਨਕ ਦੇਵ ਸਾਹਿਬ ਜੀ ਵਿਚਰੇ ਸਨ। ਉਹਨਾਂ ਨੇ ਹੋਰ ਸੈਂਕੜੇ ਸਿੱਖ ਮੱਤ ਦੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਉਹਨਾਂ ਦੀ ਕਾਰਜ ਸ਼ੈਲੀ ਵਿਚ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਉਹਨਾਂ ਨੇ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਹੁਨਰ ਨਿਪੁੰਨ ਨੂੰ ਅੱਗੇ ਤੋਰਿਆ।

ਇਕ ਨਵੇਂ ਧਰਮ ਨੂੰ ਵਿਸਥਾਰ ਦੇ ਰਾਹ ਪਾਇਆ। ਜਿਸਨੇ ਅੱਜ ਸੰਸਾਰ ਭਰ ਵਿਚ ਆਪਣੀ ਪ੍ਰਭਾਵਸ਼ਾਲੀ ਪਛਾਣ ਬਣਾਈ ਹੈ। ਉਹਨਾਂ ਨੇ ਜੋਗੀਆਂ, ਸੰਨਿਆਸੀਆਂ ਨਾਲ ਗੋਸ਼ਟੀ ਕਰਕੇ ਸਿੱਖ ਮੱਤ ਦੇ ਨਿਖਾਰ ਨੂੰ ਪੇਸ਼ ਕੀਤਾ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਰੰਭੇ ਧਾਰਮਿਕ ਅਤੇ ਅਧਿਆਤਮਕ ਗਿਆਨ ਪਾਪਤ ਕਰਕੇ ਅੱਗੇ ਤੀਸਰੇ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤਾ। ਮਾਰਚ, 28, 1552 ਨੂੰ ਜੋਤੀ ਜੋਤ ਸਮਾਅ ਗਏ। ਗੁਰਗੱਦੀ ਤੇ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਸਾਬਿ ਜੀ ਨੂੰ ਬਿਰਾਜਮਾਨ ਕੀਤਾ। ਗੁਰੂ ਅੰਗਦ ਦੇਵ ਸਾਹਿਬ ਜੀ ਵੱਲੋਂ ਆਰੰਭੇ ਗੋਂਦਵਾਲ ਨੂੰ ਗੁਰੂ ਅਮਰਦਾਸ ਸਾਹਿਬ ਜੀ ਨੇ ਵਸਾਇਆ।
ਅੰਤਿਕਾ: ਜਿਸ ਪਿਆਰੇ ਨਾਲ ਪਿਆਰ ਹੋਵੇ। ਅਹੰਕਾਰ ਛੱਡ ਕੇ ਉਸਦੇ ਸਨਮੁਖ ਰਹਿਣਾ ਚਾਹੀਦਾ ਹੈ। ਸੰਸਾਰ ਵਿਚ ਉਸ ਤੋਂ ਬੇਮੁਖ ਹੋ ਕੇ ਜਿਊਣਾ, ਇਸ ਜੀਵਨ ਨੂੰ ਧਿਕਾਰ ਹੈ। ਅੰਗ 83

ਗੀਤ

ਜੇ ਆਪਣੇ ਦੁੱਖਾਂ ਨੂੰ ਮੰਨਦੇ ਰਹਿਣਾ ਰੱਬ ਦਾ ਭਾਣਾ ਹੈ
ਫਿਰ ਤਾਂ ਖੁਦਕੁਸ਼ੀਆਂ ਦੇ ਰਾਹ ਹੀ, ਮਿੱਤਰੋ ਜਾਣਾ ਹੈ।
ਆ ਫਿਰਦੇ ਧੀਆਂ ਪੁੱਤ ਤੁਹਾਡੇ ਟੋਲੇ ਬੇਰੁਜ਼ਗਾਰਾਂ ਦੇ
ਜੇ ਹੁਣ ਨਹੀਂ ਪੈਣਾ ਫਿਰ ਕਦ ਪੈਣਾ ਗਲ ਸਰਕਾਰਾਂ ਦੇ।

ਆਹ ਮਹਿੰਗਾਈ ਨੇ ਕੀਤੀ ਔਖੀ ਜੂਨ ਹੰਢਾਉਣੀ ਹੈ।
ਹੋਰ ਕਿੰਨਾ ਚਿਰ ਸਹਿਣਾ ਤੇ ਕਦ ਰੌਲੀ ਪਾਉਣੀ ਹੈ।
ਚੁੱਪ ਤੋੜ ਬਣਾਈਏ ਬੋਲ ਇਸ ਦੇ ਲਲਕਾਰਾਂ ਦੇ।
ਜੇ ਹੁਣ ਨਹੀਂ ......

ਕੋਰਟ, ਥਾਣੇ, ਦਫਤਰ ਸਿਆਸਤ ਭ੍ਰਿਸ਼ਟੇ ਸਾਰੇ ਹੈ।
ਇਨਸਾਫ ਲੈਣ ਲਈ ਕਦ ਤੱਕ ਰਹਿਣਾ ਬਣੇ ਵਿਚਾਰੇ ਹੈ।
ਹੋਸ਼ ਕਰੋ ਕੁਝ ਜੋਸ਼ ਭਰੋ ਵਿਚ ਆਪਣੇ ਯਾਰਾਂ ਦੇ
ਜੇ ਹੁਣ ਨਹੀਂ ......

ਔਹ ਨਸ਼ਿਆਂ ਦੇ ਵਪਾਰੀ ਯਾਰੀ ਹਾਕਮ ਪਾਲ ਗੇ।
ਪਰ ਵਾਰੋ-ਵਾਰੀ ਆਪਾਂ ਸਾਰੇ ਹੋ ਕੰਗਾਲ ਰਹੇ।
ਕੀ ਫਾਹੀਆਂ ਬਣਦੇ ਵੇਖੀ ਜਾਣਾ ਸੁਪਨੇ ਹਾਰਾਂ ਦੇ
ਜੇ ਹੁਣ ਨਹੀਂ .....

ਅਸੀਂ ਭੁੱਖੇ ਮਰਦੇ ਰਹਿਣਾ ਤੇ ਅੰਨ ਸੜਦਾ ਰਹਿਣਾ ਹੈ।
ਮੋਰੋਂ ਵਾਲੇ ਦਾ ਕਹਿਣਾ ਜੇ ਕਰਮਾਂ ਤੇ ਬਹਿਣਾ ਹੈ।
ਆਓ ਕੱਠੇ ਹੋਈਏ ਮੂੰਹ ਮੋੜੀਏ ਹੋ ਰਹੇ ਵਾਰਾਂ ਦੇ
ਜੇ ਹੁਣ ਨਹੀਂ ਪੈਣਾ .....

-ਜਸਵੀਰ ਸਿੰਘ ਮੋਰੋਂ

ਗ਼ਜ਼ਲ

ਮਿੱਟੀ ਦੇ ਨਾਲ ਮਿੱਟੀ ਹੋ ਕੇ ਜੋ ਦਿਨ ਰਾਤ ਮੇਹਨਤ ਕਰਦਾ ।
ਉਹ ਭੁੱਖਾ ਢਿੱਡੋਂ ਵੱਸਦਾ ਇਥੇ ਤੇ ਸ਼ਾਹੂਕਾਰ ਤਜ਼ੋਰੀ ਭਰਦਾ ।

ਟੈਕਸਾਂ ਦੀ ਚੋਰੀ ਕਰਦੇ ਜੋ ਨੇ ਉਹ ਬੈਠੇ ਹੀ ਸੇਠ ਬਣ ਜਾਂਦੇ,
ਨੇਕ ਕਮਾਈ ਕਰਦਾ ਜੋ ਹੈ ਉਹ ਰਹਿ ਜਾਂਦਾ ਏ ਹੱਥ ਮਲਦਾ ।

ਝੂਠ ਬੋਲਣ ਤੇ ਰੋਕ ਕੋਈ ਨਹੀਂ ਹੁੰਦੀ ਸੱਚ ਦੀ ਖਿੱਚ ਖਿਚਾਈ
ਜੋ ਲੁੱਟ ਖੋਹ ਖਾਂਦਾ ਤੇ ਖ਼ਲਾਉਂਦਾ ਉਹ ਰਹਿੰਦਾ ਇਥੇ ਪਲਦਾ ।

ਖਿੱਚ ਘੜੀਸ ਗਰੀਬ ਦੀ ਹੁੰਦੀ ਤੇ ਤਕੜੇ ਦੀ ਜੈ ੨ ਕਾਰ ਬੁਲਾਂਦੇ,
ਭੈੜੇ ਕੰਮਾਂ ਤੋਂ ਨਾ ਕਦੇ ਵਰਜਣ ਉਸ ਨੂੰ ਜੋ ਆ ਪਧਾੜੀ ਭਰਦਾ ।

ਜ਼ੋਰਾਵਰਾਂ ਦੀ ਚਲਦੀ ਹੈ ਥਾਂ-ਥਾਂ ਤੇ ਉਨ੍ਹਾਂ ਕਾਨੂੰਨ ਨੇ ਛਿੱਕੇ ਟੰਗੇ,
ਸ਼ਰੀਫ ਲੁਕ-ਲੁਕ ਜਿੰਦ ਗੁਜ਼ਾਰਨ ਤੇ ਅਦਾਲਤ ਜਾਣੋ ਵੀ ਡਰਦਾ ।

ਗਿਆ ਨਾ ਕਿਰਦਾਰ ਗੁਲਾਮੀ ਵਾਲਾ ਭਾਵੇਂ ਦੇਸ਼ ਅਜ਼ਾਦੀ ਆਈ,
ਹੱਕ ਸੱਚ ਲਈ ਖੜਦਾ ਹੈ ਜੋ ਵੀ ਉਹ ਰਹਿੰਦਾ ਇਥੇ ਮਰਦਾ ।

-ਰਬਿੰਦਰ ਸ਼ਰਮਾ
919814667682

ਨਾ ਪਾਣੀ ਨੂੰ ਰੋੜ੍ਹ

ਨਾ ਪਾਣੀ ਨੂੰ ਰੋੜ੍ਹ ਓ ਬੰਦਿਆ ਨਾ ਪਾਣੀ ਨੂੰ ਰੋੜ੍ਹ।
ਗੁਆ ਨਾ ਇਹ ਅਜਾਂਈ ਐਂਵੇਂ ਹੋ ਜਾਣੀ ਏ ਥੋੜ ।
ਹੋਈ ਜਦ ਥੋੜ ਓ ਬੰਦਿਆ ਨਾ ਪੂਰੀ ਹੋਣੀ ਲੋੜ ।
ਨਾ ਪਾਣੀ ਨੂੰ ਰੋੜ੍ਹ ਓ ਬੰਦਿਆ ਨਾ ਪਾਣੀ ਨੂੰ ਰੋੜ੍ਹ।

ਧਰਤੀ ਦਾ ਡੂੰਘਾ ਪਾਣੀ ਐਵੇ ਨਾ ਡੋਲ ਗੁਆਈਂ ,
ਸਦੀਆਂ ਬਾਦ ਪਹੁੰਚਿਆ ਥੱਲੇ ਨਾ ਗੁਆ ਮੁਕਾਈਂ।
ਇਹ ਸੁੱਧ ਅਮ੍ਰਿਤ ਲੱਭਣ ਦੀ ਲੱਗ ਜਾਣੀ ਏ ਹੋੜ,
ਨਾ ਪਾਣੀ ਨੂੰ ਰੋੜ੍ਹ ਓ ਬੰਦਿਆ ਨਾ ਪਾਣੀ ਨੂੰ ਰੋੜ੍ਹ ।

ਪਾਣੀ ਹਵਾ ਬਿਨ ਜੀਣਾ ਔਖਾ ਨਾ ਤੂੰ ਜ਼ਹਿਰ ਰਲਾ,
ਨਾਂ ਵੱਢ ਪੌਦੇ ਦੇਂਈ ਤੂੰ ਇਹ ਜੀਵਨ ਦੁਰਭਰ ਬਣਾ।
ਨਾ ਸਾੜ ਪਰਾਲ਼ੀ,ਕੱਖ ਚੜ ਗਿਆ ਧੂਆਂ ਘਨਘੋਰ,
ਨਾ ਪਾਣੀ ਨੂੰ ਰੋੜ੍ਹ ਓ ਬੰਦਿਆ ਨਾਂ ਪਾਣੀ ਨੂੰ ਰੋੜ੍ਹ ।

ਨਾਂ ਗੰਦ ਮੰਦ ਸੁੱਟ ਨਹਿਰ, ਨਦੀ ਕਰੀਂ ਤੂੰ ਖ਼ਰਾਬ,
ਕੁੱਦਰਤ ਦੀ ਇਹ ਬਖ਼ਸ਼ਿਸ ਦੇ ਨਾ ਜਾਏ ਜਵਾਬ।
ਸਾਫ਼ ਰੱਖ ਵਾਤਾਵਰਣ ਤੇ ਦੇ ੨ ਇਕ ਨਵਾਂ ਮੋੜ,
ਨਾ ਪਾਣੀ ਨੂੰ ਰੋੜ੍ਹ ਓ ਬੰਦਿਆ ਨਾਂ ਪਾਣੀ ਨੂੰ ਰੋੜ੍ਹ ।

ਕਿਸਾਨ ਸੱਜਣਾ

ਜੱਟਾ ਕੌਣ ਕਹਿੰਦਾ ਦੁਨੀਆਂ ਦੀ ਤੇਰੇ ਉੱਤੇ ਅੱਖ ਹੋਊਗੀ
ਤੂੰ ਬੱਸ ਥੋੜਾ ਚਿਰ ਠਹਿਰ ਧੌਣ ਤੇਰੀ ਧੜੋਂ ਵੱਖ ਹੋਊਗੀ
ਸਰਮਾਏਦਾਰੀ ਖੇਡੂ ਤੇਰੇ ਨਾਲ ਖੇਡ ਐਸੀ ਉਏ ਪਲਾਂ ਵਿੱਚ
ਸਿਵਾ ਤੇਰਾ ਠਾਰ ਦੇਣਗੇ
ਜੇ ਨਾ ਸੰਭਲਿਆ ਤੇਰੇ ਕੋਲੋਂ ਮੌਕਾ ਉਏ ਕਿਸਾਨ ਸੱਜਣਾ
ਸਾਨੂ੍ ਸਰਕਾਰੀ ਤੈਨੂੰ ਮਾਰ ਦੇਣਗੇ.....

ਇਹਨਾਂ ਦਿਆਂ ਹੱਥਾਂ ਵਿੱਚ ਹਥਿਆਰ ਖ਼ੂਨੀ ਕਲਮਾਂ
ਜੋ ਲਿਖਦੇ ਨੇ ਤੇਰੀ ਮੌਤ ਵਾਲੇ ਫੈਸਲੇ ਲਾਹ ਕੇ ਸ਼ਰਮਾਂ
ਸਾਰੇ ਮੁਲਖ਼ ਨੂੰ ਰਜਾਉਣ ਵਾਲਿਆ ਤੂੰ ਯਾਦ ਰੱਖੀਂ ਕਰ
ਤੈਨੂੰ ਇਹ ਤਾਰੋ ਤਾਰ ਦੇਣਗੇ
ਜੇ ਨਾ ਸੰਭਲਿਆ ਤੇਰੇ ਕੋਲੋਂ ਮੌਕਾ ਉਏ ਕਿਸਾਨ ਸੱਜਣਾ
ਸਾਨ੍ਹ ਸਰਕਾਰੀ ਤੈਨੂੰ ਮਾਰ ਦੇਣਗੇ.....

ਸਾਲ ਵਿੱਚ ਤੇਰੇ ਕਿੰਨ੍ਹਿਆ ਨੇ ਆਪਾ ਮਾਰਿਆ ਰੱਖਿਆ ਤੂੰ ਕਰ ਗਿਣਤੀ
ਕਦੇ ਸਲਫਾਸ ਸੀ ਸ਼ੈਤਾਨ ਕਦੇ ਤੇਰਿਆਂ ਨੇ ਰੱਸਿਆਂ ਦੀ ਕੀਤੀ ਮਿਣਤੀ
ਜਿਹਨ੍ਹਾਂ ਪਿੱਛੇ ਜਾ ਕੇ ਰੈਲੀਆਂ ਚ ਤੂੰ ਬੁੱਕਦੈਂ ਨਹੀਂਉ ਕਦੇ ਤੇਰਾ ਬੇੜਾ
ਇਹ ਕਰ ਪਾਰ ਦੇਣਗੇ
ਜੇ ਨਾ ਸੰਭਲਿਆ ਤੇਰੇ ਕੋਲੋਂ ਮੌਕਾ ਉਏ ਕਿਸਾਨ ਸੱਜਣਾ
ਸਾਨ੍ਹ ਸਰਕਾਰੀ ਤੈਨੂੰ ਮਾਰ ਦੇਣਗੇ.....

ਤੁਸੀਂ ਜੰਮੇ ਨਹੀਂ ਹਾਰਾਂ ਵਾਲੇ ਹਾਰ ਗਲਾਂ ਵਿੱਚ ਪਾਉਣ ਦੇ ਲਈ
ਨਾ ਜੰਮੇ ਤੁਸੀਂ ਹਰ ਵਾਰ ਸਰਕਾਰੀ ਵਿਕਟਮ ਕਹਾਉਣ ਦੇ ਲਈ
ਹੁਣ ਦੁਨੀਆਂ ਨੂੰ ਇਹ ਦੱਸਣੇ ਦਾ ਵੇਲਾ ਕਿਵੇਂ ਚੌਧਰਾਂ ਦੀ ਕੁਰਸੀ
ਦੇ ਯਾਰ ਥੋਨੂੰ ਚਾਰ ਦੇਣਗੇ
ਜੇ ਨਾ ਸੰਭਲਿਆ ਤੇਰੇ ਕੋਲੋਂ ਮੌਕਾ ਉਏ ਕਿਸਾਨ ਸੱਜਣਾ
ਸਾਨ੍ਹ ਸਰਕਾਰੀ ਤੈਨੂੰ ਮਾਰ ਦੇਣਗੇ.....

ਹੱਕ ਮਿਲਦੇ ਨਾ ਹੱਥ ਅੱਡ ਕੇ ਹੱਕ ਸਦਾ ਇੱਥੇ ਖੋਹਣੇ ਪੈਂਦੇ ਆ
ਗੁਲਾਬ ਸਮਝਕੇ ਨਾ ਸੇਜ਼ ਤੇ ਸਜਾ ਮਿੱਤਰਾ ਇਹ ਤਾਂ ਫੁੱਲ ਗੈਂਦੇ ਆ
ਬਿੱਲ ਬੁੱਲ ਸਾਰੇ ਦੇਖੀਂ ਕਿਵੇਂ ਰੁਲ ਜਾਣਗੇ ਤੇ ਏਕੇ ਤੁਹਾਡੇ ਵੈਰੀਆਂ
ਨੂੰ ਹਾਰ ਦੇਣਗੇ
ਜੇ ਨਾ ਸੰਭਲਿਆ ਤੇਰੇ ਕੋਲੋਂ ਮੌਕਾ ਉਏ ਕਿਸਾਨ ਸੱਜਣਾ
ਸਾਨ੍ਹ ਸਰਕਾਰੀ ਤੈਨੂੰ ਮਾਰ ਦੇਣਗੇ.....

ਜਦੋਂ ਤੁਸੀਂ ਜਿੱਤਿਆ ਮੈਦਾਨ ਸਾਉਂਕੇ ਵਿੱਚ ਪੂਰੀ ਹਾਹਾਕਾਰ ਮੱਚੂਗੀ
ਹਲਾਂ ਵਾਲੇ ਹੱਥ ਜਦੋਂ ਪੈਗੇ ਪੜ੍ਹਨੇ ਉਂਗਲਾਂ ਤੇ ਲੋਟੂ ਸਰਕਾਰ ਨੱਚੂਗੀ
ਰਹੇ ਵੱਸਦਾ ਮੇਰੇ ਦੇਸ਼ ਦਾ ਅੰਨਦਾਤਾ ਉਏ ਲੰਡੂ ਤਾਂ ਨਿੱਝਰ ਨੂੰ ਬਾਗ਼ੀ
ਕਹਿ ਕੇ ਸਾਰ ਦੇਣਗੇ
ਜੇ ਨਾ ਸੰਭਲਿਆ ਤੇਰੇ ਕੋਲੋਂ ਮੌਕਾ ਉਏ ਕਿਸਾਨ ਸੱਜਣਾ
ਸਾਨ੍ਹ ਸਰਕਾਰੀ ਤੈਨੂੰ ਮਾਰ ਦੇਣਗੇ.....

-ਤਲਵਿੰਦਰ ਨਿੱਝਰ ਸਾਉਂਕੇ
91-94173-86547

'ਬੰਬ' ਹੋਇਆ ਠੁੱਸ !

ਜਦੋਂ ਤੋਂ ਅਕਾਲੀ ਦਲ ਬਣਿਆਂ 'ਬਾਦਲ ਦਲ'
ਆਪਣੇ ਸਿਧਾਂਤ ਦੀ ਹੀ ਲੀਹੋਂ ਥੱਲੇ ਲਹਿ ਗਿਆ।

ਮਾਨਵੀ ਹੱਕਾਂ ਲਈ ਕਦੇ ਜੂਝਦਾ ਰਿਹਾ ਸੀ ਦਲ
ਫਾਸ਼ੀਵਾਦੀਆਂ ਦੇ ਅੱਗੇ ਗੋਡੇ ਟੇਕ ਢਹਿ ਗਿਆ।

ਮੰਗੂ ਮੱਠ ਗੋਦੜੀ ਗਿਆਨ ਗੁਰਧਾਮ ਢੁਆਏ
ਲੰਗਰਾਂ 'ਤੇ ਲੱਗਿਆ 'ਜਜੀਆ' ਵੀ ਸਹਿ ਗਿਆ।

ਗਲਾ ਘੁੱਟ ਹੁੰਦਾ ਘੱਟਗਿਣਤੀਆਂ ਦਾ ਦੇਖ ਕੇ ਵੀ
ਬਿੱਲੀ ਦੇਖ ਵਾਂਗਰਾਂ ਕਬੂਤਰਾਂ ਦੇ ਛਹਿ ਗਿਆ।

ਆਰਡੀਨੈਂਸਾਂ ਦੇ ਸੋਹਲੇ ਗਾਈ 'ਭਰਦਾਨ' ਗਿਆ
ਦੇਖ ਕੇ ਹਾਲਾਤ ਝੱਟ ਝੱਗ ਵਾਂਗੂੰ ਬਹਿ ਗਿਆ।

ਦੇ ਕੇ ਅਸਤੀਫਾ ਚਿੱਤੋਂ ਆਪਣੇ ਚਲਾਇਆ 'ਬੰਬ'
ਮੀਡ੍ਹੀਏ 'ਚ ਆਉਂਦਿਆਂ ਹੀ ਠੁੱਸ ਹੋ ਕੇ ਰਹਿ ਗਿਆ!

-ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

Misfits

We are immigrants
Misfits.
Landed USA.
Having no skills.
But big dreams.
Stars in darkness.
Narrow space.
Deep inside.
A new slow.
No friends.
Bitter relations.
In big homes.
Got little space.
Looking job,
With pale face.
Not habitual,
With routine.
Learn without teach.
Inspired by birds.
They find,
New places,
In hard seasons.
Started job,
With low wages.
Fired on
From many places.
We were misfits.
Jobs not match,
To the past image.
But have to have,
Worked hard.
With little hope,
Keep the,
Dreams fulfilled.
Mixed in new color.
27 years passed.
Life settled.
In this new country.
That fits
The misfits.
We are immigrants.

Parminder
S. Parwana.
(510) 415 – 9377

ਕਿਸਾਨ ਜ਼ਿੰਦਾਬਾਦ

ਏਕੇ ਦਾ ਬਲ ਸਭ ਤੋਂ ਉੱਪਰ, ਏਕਾ ਹੀ ਅਜ਼ਾਦ ਰਹੇਗਾ।
ਇੱਕ ਰਹੋਗੇ ਇੱਕ ਛੱਤ ਥੱਲੇ, ਏਕਾ ਜ਼ਿੰਦਾਬਾਦ ਰਹੇਗਾ।
ਹਾਕਮ ਚਾਹੁੰਦਾ ਬੋਟੀ ਕੱਢਣਾਂ, ਜ਼ਮੂਰਾਂ ਨਾਲ ਕਲੇਜੇ 'ਚੋਂ।
ਕੱਢਣਾਂ ਪੈਣਾਂ ਜ਼ੁਲਮੀ ਰਾਖਾ, ਸਬਰਾਂ ਵਾਲੇ ਨੇਜ਼ੇ 'ਚੋਂ।
ਡਟਿਆ ਰਹੂ ਜੇ ਹਾਕਮ ਅੱਗੇ, ਤਾਂ ਜੱਟ ਫੇਰ ਆਬਾਦ ਰਹੇਗਾ।
ਇੱਕ ਰਹੋਗੇ ਇੱਕ ਛੱਤ ਥੱਲੇ, ਏਕਾ ਜ਼ਿੰਦਾਬਾਦ ਰਹੇਗਾ।
ਹੱਕ ਮੰਗਦਿਆਂ ਫੁੱਟ ਜੇ ਪੈ ਗਈ,ਮਾਰ ਦੇਣਾਂ ਜੇ ਜੱਟਾਂ ਨੂੰ।
ਬੀਜੋਗੇ ਵਾਪਾਰੀ ਲੈ ਜਾਊ,ਦੋਸ਼ ਮੁਕੱਦਰ ਵੱਟਾਂ ਨੂੰ।
ਜੱਟ ਛੇ ਮਹੀਨੇ ਉਡੀਕ ਕਮਾਈ, ਫਸਲੋਂ ਬੇ-ਔਲਾਦ ਰਹੇਗਾ।
ਇੱਕ ਰਹੋਗੇ ਇੱਕ ਛੱਤ ਥੱਲੇ, ਏਕਾ ਜ਼ਿੰਦਾਬਾਦ ਰਹੇਗਾ।
ਕਿਸਾਨਾ ਨੂੰ ਮਾਰਨ ਵਾਲੇ, ਐਕਟ ਬੜੇ ਹੀ ਆਉਂਦੇ ਰਹੇ।
ਹਿੱਕਾਂ ਤਾਣ ਕੇ ਜ਼ਾਲਮ ਅੱਗੇ, ਹੱਕ ਵਿੱਚ ਪਾਸ ਕਰਾਉਂਦੇ ਰਹੇ।
ਅੰਤ ਨੂੰ ਕਿਸਮਤ ਰੌਸ਼ਨ ਹੋਣੀ, ਚੰਗਾ ਜੇਕਰ ਆਦਿ ਰਹੇਗਾ।
ਇੱਕ ਰਹੋਗੇ ਇੱਕ ਛੱਤ ਥੱਲੇ, ਏਕਾ ਜ਼ਿੰਦਾਬਾਦ ਰਹੇਗਾ।
ਅਰਕ ਵੀ ਰੱਖੇਂ ਸੋਫੇ ਉੱਤੇ, ਜੱਟ ਦੇ ਵੱਟਾਂ ਸਿਰਾਣੇ ਸੀ।
ਢਿਲਕ ਗਏ ਸੀ ਧੁੱਪਾਂ ਅੰਦਰ, ਸਮਝ ਛੱਡਿਆ ਕਾਣੇ ਸੀ।
ਠੇਡਾ ਖਾ ਕੇ ਉੱਠ ਖਲੋਤੇ, ਇਹ ਵੇਲਾ ਵੀ ਯਾਦ ਰਹੇਗਾ।
ਇੱਕ ਰਹੋਗੇ ਇੱਕ ਛੱਤ ਥੱਲੇ, ਏਕਾ ਜ਼ਿੰਦਾਬਾਦ ਰਹੇਗਾ।
ਸਮੇਂ ਸਮੇਂ ਤੇ ਕੋਜੀਆਂ ਚਾਲਾਂ, ਚੱਲਣ ਜੱਟ ਦੇ ਨਾਸ ਦੀਆਂ।
ਵੱਜਾ ਹਲੂਣਾਂ ਕੋਮਿਓਂ ਨਿਕਲੇ, ਸੁੱਟ ਗੋਲੀਆਂ ਸਲਫਾਸ ਦੀਆਂ।
ਕਿੰਨਾਂ ਕੁ ਚਿਰ ਹੱਥ ਜੋੜੂ ਦਾਤੀ,ਰੰਬਾ ਵਿੱਚ ਫਰਿਆਦ ਰਹੇਗਾ।
ਇੱਕ ਰਹੋਗੇ ਇੱਕ ਛੱਤ ਥੱਲੇ, ਏਕਾ ਜ਼ਿੰਦਾਬਾਦ ਰਹੇਗਾ।
ਝੋ.ਲੀ ਖਾਦਾਂ, ਝੋ.ਲੀ ਅੱਡੀ, ਮੁੱਲ ਕੀ ਪਾਇਆ ਝੋ.ਲੀ ਦਾ।
ਹੱਕ ਮੰਗਣ ਨੂੰ ਝੋ.ਲੀ ਕੀਤੀ, ਰੋਹਬ ਦਿਖਾਇਆ ਗੋਲੀ ਦਾ।
ਉੱਜੜੇ ਬਾਗ ਮਰੇ ਨਹੀਂ ਬੂਟੇ,ਕਿੰਨਾਂ ਚਿਰ ਬਰਬਾਦ ਰਹੇਗਾ।
ਇੱਕ ਰਹੋਗੇ ਇੱਕ ਛੱਤ ਥੱਲੇ, ਏਕਾ ਜ਼ਿੰਦਾਬਾਦ ਰਹੇਗਾ।
ਅੱਜ ਤੱਕ ਕਦੇ ਹੱਕ ਮਿਲੇ ਨਹੀਂ,ਕੀਤੇ ਬਿਨ ਸੰਘਰਸ਼ਾਂ ਤੋਂ।
ਮਿਹਨਤ ਬਿਨ ਕਦੇ ਆਸਮਾਨਾਂ ਨੂੰ,ਛੂਹਿਆ ਨਹੀਂ ਏਂ ਫਰਸ਼ਾਂ ਤੋਂ।
ਮਿਹਨਤ ਦਾ ਫ.ਲ ਸੰਧੂ ਮਿੱਠਾ, ਸਾਰੀ ਉਮਰ ਸੁਵਾਦ ਰਹੇਗਾ।
ਇੱਕ ਰਹੋਗੇ ਇੱਕ ਛੱਤ ਥੱਲੇ, ਏਕਾ ਜ਼ਿੰਦਾਬਾਦ ਰਹੇਗਾ।

- ਸ਼ਿਨਾਗ ਸਿੰਘ ਸੰਧੂ
91-97816-93300

ਦੱਸ ਮੇਰੇ ਮਾਹੀ

ਤੇਰੇ ਬਾਰੇ ਰਹਾਂ ਸਾਰਾ ਦਿਨ ਹੀ ਮੈਂ ਸੋਚਦੀ ਵੇ,
ਦੱਸ ਮੇਰੇ ਚੰਨਾ ਕਿੱਥੇ ਦਿਨ ਤੂੰ ਬਿਤਾਉਂਦਾ ਏਂ।

ਦਿਨ ਦਾ ਨਾ ਪਤਾ ਲੱਗੇ ਕਿੱਥੇ ਤੇਰਾ ਲੰਘਦਾ ਵੇ,
ਮੁੜਕੇ ਤੂੰ ਅੱਧੀ ਰਾਤ ਚੰਨਾ ਘਰੇ ਆਉਂਦਾ ਏਂ।

ਸਾਰਾ ਦਿਨ ਯਾਦਾਂ ਵਾਲੇ ਵਰਕੇ ਫਰੋਲਦੀ ਮੈਂ,
ਯਾਦਾਂ 'ਚੋਂ ਵੀ ਮੈਨੂੰ ਤੂੰ ਨਾ ਕਦੇ ਥੀਉਔਂਦਾ ਏਂ।

ਆਵੇ ਨਾਂ ਖਿਆਲ ਤੈਨੂੰ ਮੇਰਾ ਇਕ ਪਲ ਦਾ ਵੀ,
ਕੀਹਦੇ ਨਾਲ ਦੱਸ ਚੰਨਾ ਅੱਖੀਆਂ ਮਿਲਾਉਂਦਾ ਏਂ।

ਗੱਲੀਂ ਬਾਤੀਂ ਕਰਾਂ ਤੇਰੇ ਨਾਲ ਮੈਂ ਸ਼ਰਾਰਤਾਂ ਵੇ,
ਤੂੰ ਮੈਨੂੰ ਕਦੇ ਵੀ ਨਾਂ ਹੱਸਕੇ ਬੁਲਾਉਂਦਾ ਏਂ।

ਤੇਰੇ ਉਤੇ ਕਦੀ ਹਾਂ ਰੱਬ ਜਿੰਨਾ ਮਾਣ ਵੇ,
ਘੂਰਕੇ ਪਲਾਂ 'ਚ ਮੇਰੀ ਜਿੰਦ ਨੂੰ ਸੁਕਾਉਂਦਾ ਏਂ।

ਸੱਚੀਂ ਗੱਲ ਦੱਸ ਮੇਰੇ ਦਿਲਾਂ ਦਿਆ ਜਾਨੀਆ ਵੇ,
'ਰੋਜ਼' ਨੂੰ ਹੈ ਦਿਲੋਂ ਜਾਂ ਕਿਸੇ ਹੋਰ ਨੂੰ ਵੀ ਚਾਹੁੰਦਾ ਏਂ।

- ਹਰਸ਼ਰਨ ਕੌਰ ਰੋਜ਼
91-70092-87035

ਇਨਸਾਨ, ਇਨਸਾਨੀ ਤੇ ਇਨਸਾਨੀਅਤ ਦੀ ਮਿਸਾਲ ਬਣੀ ਕਿਤਾਬ "ਇਨਸਾਨੀਅਤ"

ਜੀ ਹਾਂ, ਲੇਖਕ ਅਮਨ ਜੱਖਲਾਂ ਦੁਆਰਾ ਲਿਖੀ ਕਿਤਾਬ "ਇਨਸਾਨੀਅਤ" ਹਰੇਕ ਉਸ ਵਿਅਕਤੀ ਨੂੰ ਬਿਆਨ ਕਰਦੀ ਹੈ ਜੋ ਆਪਣੇ ਆਪ ਨੂੰ ਸਭ ਤੋਂ ਪਹਿਲਾਂ ਇਕ ਇਨਸਾਨ ਸਮਝਦਾ ਹੈ ਤੇ ਇਸ ਕਿਤਾਬ ਵਿਚ ਸਮਾਜ ਦੇ ਹਰੇਕ ਮੈਂਬਰ ਵਿਚ ਇਨਸਾਨੀ ਕਦਰਾਂ-ਕੀਮਤਾਂ ਪੈਦਾ ਕਰਨ ਦਾ ਜਜ਼ਬਾ ਲਬਰੇਜ਼ ਹੈ। ਲੇਖਕ ਵਲੋਂ ਇਨਸਾਨੀਅਤ ਨਾਲ ਜੁੜੇ ਲਗਭਗ ਹਰ ਮੁੱਦੇ ਦੀ ਇਸ ਕਿਤਾਬ ਵਿਚ ਸ਼ਮੂਲੀਅਤ ਕੀਤੀ ਗਈ ਹੈ। ਸਮਾਜ ਵਿਚ ਬੇਸ਼ੱਕ ਲੇਖਕ ਬਹੁਤ ਹਨ ਪਰ ਆਪਣੀ ਕਲਾ ਰਾਹੀਂ ਸਮਾਜ ਨੂੰ ਸਹੀ ਸੇਧ ਦੇਣ ਵਾਲੇ ਲੇਖਕ ਬਹੁਤ ਹੀ ਦੁਰਲੱਭ ਮਿਲਦੇ ਹਨ ਤੇ ਸਮਾਜ ਲਈ ਉਹ ਸਾਰੇ ਹੀ ਲੇਖਕ ਮੁੱਲਵਾਨ ਸ਼ਰਮਾਇਆ ਹੁੰਦੇ ਹਨ। ਇਹਨਾਂ ਮੁੱਲਵਾਨ ਲੇਖਕਾਂ ਵਿੱਚ ਲੇਖਕ ਅਮਨ ਜੱਖਲਾਂ ਨੇ ਵੀ ਆਪਣੀ ਛਾਪ ਛੱਡੀ ਹੈ।



"ਇਨਸਾਨੀਅਤ ਇਕ ਕਾਵਿ ਸੰਗ੍ਰਹਿ ਹੈ ਜਿਸ ਨਾਲ ਸਮਾਜ ਵਿਚ ਪ੍ਰਚਲਿਤ ਵਹਿਮ ਭਰਮ ਬੁਰਾਈਆਂ ਜਿਵੇਂ ਭਰੂਣ ਹੱਤਿਆ, ਬਲਾਤਕਾਰ , ਮਾਂ ਬਾਪ ਨਾਲ ਹੋ ਰਿਹਾ ਦੁਰਵਿਵਹਾਰ, ਧੀਆਂ ਨਾਲ ਵਿਤਕਰਾ, ਹੱਕਮਾਰੂ ਲੋਕਾਂ ਦਾ ਸ਼ੀਸ਼ਾ ਹੀ ਸਮਾਜ ਦੇ ਸਾਹਮਣੇ ਨਹੀ ਆਇਆ ਬਲਕਿ ਇਹਨਾਂ ਬੁਰਾਈਆਂ ਨੂੰ ਠੱਲ੍ਹ ਪਾਉਣ ਲਈ ਪ੍ਰੇਰਿਆ ਵੀ ਹੈ। ਇਸ ਤੋਂ ਇਲਾਵਾ ਇਸ ਵਿਚ ਚੰਗੀਆਂ ਗੱਲਾਂ ,ਚੰਗੇ ਮੁੱਦੇ ਤੇ ਚੰਗੇ ਕੰਮ ਜਿਵੇਂ ਹੱਕ ਸੱਚ ਦੀ ਕਮਾਈ, ਧਰਮਾਂ ਨੂੰ ਅਣਦੇਖਿਆਂ ਕਰ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਇਨਸਾਨ ਵਜੋਂ ਦੇਖਣ, ਧੀਆਂ ਦਾ ਸਤਿਕਾਰ ਕਰਨ, ਅਪਣਾਉਣ ਲਈ ਪ੍ਰੇਰਿਆ ਗਿਆ ਹੈ। ਇਹ ਕਿਤਾਬ ਵਾਕਈ ਬਿਆਨ ਕਰਦੀ ਹੈ ਕਿ ਕੁਝ ਲੋਕ ਧਰਮਾਂ ਨੂੰ ਮੰਨਦੇ ਹਨਅਤੇ ਕੁਝ ਲੋਕ ਭਗਤ ਸਿੰਘ ਤੇ ਲੈਨਿਨ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਣ ਕਾਰਨ ਨਾਸਤਿਕ ਹਨ ,ਪਰ ਜਦੋਂ ਅਸੀਂ ਆਪਣੇ ਆਪ ਨੂੰ ਇਨਸਾਨ ਮੰਨ ਕੇ ਕੋਈ ਚੰਗਾ ਕੰਮ ਕਰਦੇ ਹਾਂ ਤਾਂ ਬਾਬਾ ਨਾਨਕ ਵੀ ਸਾਡੇ ਨਾਲ ਹੁੰਦਾ ਹੈ ਤੇ ਲੈਨਿਨ ਵੀ। ਇਨਸਾਨੀਅਤ ਉਹ ਚੀਜ਼ ਹੈ ਜਿਥੇ ਇਨਸਾਨ, ਇਨਸਾਨ ਨੂੰ ਸਿਰਫ਼ ਇਨਸਾਨ ਦੀ ਤਰ੍ਹਾਂ ਹੀ ਦੇਖਦਾ ਹੈ ਕੋਈ ਆਸਤਿਕ, ਨਾਸਤਿਕ ,ਧਰਮ , ਜਾਤ, ਲਿੰਗ ਦੇ ਨਜ਼ਰੀਏ ਨਾਲ ਨਹੀਂ। ਇਸ ਤਰ੍ਹਾਂ "ਇਨਸਾਨੀਅਤ "ਕਿਤਾਬ ਇਨਸਾਨ, ਇਨਸਾਨੀ ਤੇ ਇਨਸਾਨੀਅਤ ਦੀ ਮਿਸਾਲ ਹੈ। ਇਸ ਲਈ ਲੇਖਕ ਅਮਨ ਜੱਖਲਾਂ ਤੇ ਸਹਿਯੋਗੀ ਵਧਾਈ ਦੇ ਪਾਤਰ ਹਨ।

– ਪੂਜਾ ਪੁੰਡਰਕ 7401000274

INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets

Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

KB USED AUTO SALES

8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kashmiri Bhatia & his wife

K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube

* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749

Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand	$99 + Labor
Recap Truck Tire	$ 249 + Labor
Recap Trailar Tires and Kind	$ 199 + Labor

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop